ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 46 | 23 November to 29 November 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਪੰਜਾਬ ਦੀ ਸਿਆਸਤ 'ਚ ਲੋਭ, ਫਰੇਬ ਤੇ ਮਾਇਆ ਦਾ ਜ਼ੋਰ

## ਲਟਕਵੀਂ ਵਿਧਾਨ ਸਭਾ ਦੇ ਆਸਾਰ, ਹੋਵੇਗੀ ਖ਼ਰੀਦੋ-ਫਰੋਖ਼ਤ ਦੀ ਚੜ੍ਹਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਕਰਜ਼ਾ ਮੁਆਫ਼ੀ, ਸਮਾਰਟ ਫ਼ੋਨ ਸਮੇਤ ਮੁਫ਼ਤ ਡਾਟਾ ਅਤੇ ਕਾਲਿੰਗ, ਸਕੂਲ ਵਿਦਿਆਰਥੀਆਂ ਲਈ ਮੁਫ਼ਤ ਬੱਸ ਸਹੂਲਤਾਂ, ਮੁਫ਼ਤ ਬਿਜਲੀ, ਮੁਫ਼ਤ ਮੈਡੀਕਲ ਵਗੈਰਾ ਵਗੈਰਾ...ਸ਼ਬਦ ਇਨ੍ਹੀਂ ਦਿਨੀਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮਾਹੌਲ ਵਿਚ ਸੁਣਨ ਨੂੰ ਮਿਲ ਰਹੇ ਹਨ। ਭਾਵੇਂ ਉਹ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਸਰਕਾਰ ਹੋਵੇ, ਭਾਵੇਂ ਕਾਂਗਰਸ ਤੇ ਆਮ ਆਦਮੀ ਪਾਰਟੀ, ਸਾਰੀਆਂ ਹੀ ਧਿਰਾਂ ਸੱਤਾ ਹਥਿਆਉਣ ਲਈ ਵੋਟਰਾਂ ਨੂੰ ਲੋਭ, ਝੂਠ, ਫਰੇਬ ਤੇ ਮਾਇਆ ਦੇ ਸਹਾਰੇ ਠੱਗਣਾ ਚਾਹੁੰਦੀਆਂ ਹਨ। ਅਕਾਲੀ-ਭਾਜਪਾ ਗਠਜੋੜ ਨੇ ਪਿਛਲੀਆਂ ਚੋਣਾਂ ਦੌਰਾਨ ਜੋ ਵਾਅਦੇ ਕੀਤੇ ਸਨ, ਬੇਸ਼ੱਕ ਉਹ ਪੂਰੇ ਨਹੀਂ ਕੀਤੇ ਪਰ ਹੁਣ ਵਾਅਦਿਆਂ ਦੇ ਨਾਲ ਨਾਲ ਵਿਕਾਸ ਦੇ ਨਾਂ ਦਾ ਵੀ ਨੂੰਮਣਾ ਦੇ ਰਹੀ ਹੈ। ਕਾਂਗਰਸ ਨੇ ਵੀ ਸੱਤਾ ਵਿਚ ਆਉਣ ਤੋਂ ਪਹਿਲਾਂ ਜੋ ਜੋ ਵਾਅਦੇ ਕੀਤੇ, ਸੱਤਾ ਵਿਚ ਆ ਕੇ ਕਦੇ ਪੂਰੇ ਨਹੀਂ ਕੀਤੇ। ਪਹਿਲੀ ਵਾਰ ਮੈਦਾਨ ਵਿਚ ਉਤਰੀ 'ਆਪ' ਨੇ ਤਾਂ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ।

ਇਨ੍ਹਾਂ ਵਾਅਦਿਆਂ ਦੇ ਦੌਰ ਵਿਚ ਸੱਤਾ ਕਿਸੇ ਇਕ ਪਾਰਟੀ ਕੋਲ ਆਉਣ ਦੇ ਆਸਾਰ ਵੀ ਬੜੇ ਮੱਧਮ ਹਨ। ਜੇਕਰ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਹੀ ਇਸ ਵਾਰ ਚੋਣ ਮੈਦਾਨ ਵਿਚ ਹੁੰਦੀਆਂ ਤਾਂ ਅਕਾਲੀ-ਭਾਜਪਾ ਤੋਂ ਔਕੇ ਬਾਕੀ ਸਫ਼ਾ 32 'ਤੇ



### *ਬਦਲਣ ਲੱਗੀਆਂ ਵਫ਼ਾਦਾਰੀਆਂ*

*ਪੰਜਾਬ ਦੇ ਇਸ ਸਿਆਸੀ ਮਾਹੌਲ ਵਿਚ ਵਫ਼ਾਦਾਰੀਆਂ ਬਦਲਣ ਲੱਗੀਆਂ ਹਨ। ਨੇਤਾ ਇਕ ਦਾ ਪੱਲਾ ਛੱਡ ਕੇ ਦੂਜੇ ਦੀ ਕੁੱਛੜ ਚੜ੍ਹ ਰਹੇ ਹਨ। ਸਾਰੀਆਂ ਸਿਆਸੀ ਪਾਰਟੀਆਂ ਦੀ ਹਾਲਤ ਇਹ ਹੈ ਕਿ ਟਿਕਟ ਨਾ ਮਿਲਣ ਕਾਰਨ ਨਾਰਾਜ਼ ਆਗੂ ਇਕ ਪਾਰਟੀ ਛੱਡ ਕੇ ਦੂਜੀ ਵਿਚ ਸ਼ਾਮਲ ਹੋ ਰਹੇ ਹਨ। ਪਿਛਲੇ ਦਿਨੀਂ ਅਕਾਲੀ ਦਲ ਦੇ ਸਰਵਣ ਸਿੰਘ ਫਿਲੌਰ ਨੇ ਟਿਕਟ ਨਾ ਮਿਲਣ 'ਤੇ ਅਕਾਲੀ ਦਲ ਤੋਂ ਵਿਦਾ ਲੈ ਕੇ ਕਾਂਗਰਸ ਵਿਚ ਸ਼ਮੂਲੀਅਤ ਕਰ ਲਈ। ਹੋਰ ਵੀ ਕਈ ਆਗੂ ਕਾਂਗਰਸ ਵਿਚ ਸ਼ਾਮਲ ਹੋਏ ਹਨ ਤੇ ਤਾਜ਼ਾ ਉਦਾਹਰਣ ਮਹੇਸ਼ਇੰਦਰ ਸਿੰਘ ਦੀ ਹੈ, ਜਿਨ੍ਹਾਂ ਨੇ ਦੋਸ਼ ਲਾਇਆ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੱਦ ਕੇ ਕਿਹਾ ਹੈ ਕਿ ਇਸ ਵਾਰ ਟਿਕਟ ਨਹੀਂ ਦੇਣੀ ਤੇ ਇਕ ਪੁਲੀਸ ਅਫ਼ਸਰ ਨੇ ਧਮਕਾਇਆ ਹੈ ਕਿ ਜੇਕਰ ਵਿਰੋਧ ਕੀਤਾ ਤਾਂ ਕਿਸੇ ਕੇਸ ਵਿਚ ਫਸਾ ਦਿੱਤਾ ਜਾਵੇਗਾ, ਇਸ ਲਈ ਉਹ ਅਸਤੀਫ਼ਾ ਦੇ ਰਹੇ ਹਨ। ਉਧਰ ਕਾਂਗਰਸ ਦੇ ਕਈ ਨੇਤਾ ਪਾਰਟੀ ਛੱਡ ਕੇ 'ਆਪ' ਵਿਚ ਜਾ ਰਹੇ ਹਨ। ਹੁਣ ਤਕ ਨਾਹ-ਨਾਹ ਕਰਦੀ ਆ ਰਹੀ 'ਆਪ' ਨੇ ਬੈਂਸ ਭਰਾਵਾਂ ਨਾਲ ਗਠਜੋੜ ਕਰ ਲਿਆ ਹੈ। ਇਸੇ ਕਰਕੇ ਕੁਝ ਨੇਤਾਵਾਂ ਨੇ 'ਆਪ' ਛੱਡਣ ਦੀ ਧਮਕੀ ਦਿੱਤੀ ਹੈ।*

### ਸਿਆਸੀ ਮਾਹਰਾਂ ਦੇ ਸਵਾਲ



ਸਿਆਸੀ ਪਾਰਟੀਆਂ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਆਖ਼ਰ ਉਹ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸਾ ਕਿਥੋਂ ਲਿਆਉਣਗੀਆਂ। ਹਕੀਕਤ ਇਹ ਹੈ ਕਿ ਪੰਜਾਬ ਸਿਰ 2 ਲੱਖ ਕਰੋੜ ਦਾ ਕਰਜ਼ਾ ਹੈ। ਸਿਆਸੀ ਪਾਰਟੀਆਂ ਇਹ ਵਾਅਦੇ ਕਿਵੇਂ ਪੂਰੇ ਕਰਨਗੀਆਂ, ਮੇਰੀ ਸਮਝ ਤੋਂ ਬਾਹਰ ਹੈ।
**ਸਰਦਾਰਾ ਸਿੰਘ ਜੌਹਲ,**
ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਚਾਂਸਲਰ



ਲੋਕ ਲੁਭਾਉ ਵਾਅਦੇ ਸਿਆਸੀ ਪਾਰਟੀਆਂ ਦੇ ਮਹਿਜ਼ ਜੁਮਲੇ ਹਨ ਅਤੇ ਇਨ੍ਹਾਂ ਵਿਚ ਸਚਾਈ ਰੱਤੀ ਭਰ ਵੀ ਨਹੀਂ ਹੈ। ਪਾਰਟੀਆਂ ਬੱਸ ਵੋਟਰਾਂ ਨੂੰ ਭਰਮਾ ਰਹੀਆਂ ਹਨ। ਹੁਣ ਤਕ ਕਿਸੇ ਵੀ ਪਾਰਟੀ ਨੇ ਆਪਣੇ ਪਹਿਲੋਂ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਤੇ ਹੁਣ ਇਨ੍ਹਾਂ ਤੋਂ ਆਉਣ ਵਾਲੇ ਸਮੇਂ ਵਿਚ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ।
**ਸੁੱਚਾ ਸਿੰਘ ਗਿੱਲ**
ਕਰਿਡ ਦੇ ਸਾਬਕਾ ਡਾਇਰੈਕਟਰ ਜਨਰਲ



ਲੋਕਾਂ ਨੂੰ ਸਿਆਸਤਦਾਨਾਂ 'ਤੇ ਵਿਸ਼ਵਾਸ ਕਰਨਾ ਛੱਡ ਦੇਣਾ ਚਾਹੀਦਾ ਹੈ। ਪੂਰੇ ਸੰਸਾਰ ਵਿਚ ਸਿਆਸਤ ਦਾ ਪੱਧਰ ਹੇਠਾਂ ਗਿਆ ਹੈ। ਲੋਕਾਂ ਨੂੰ ਮੌਜੂਦਾ ਸਿਆਸੀ ਢਾਂਚੇ 'ਤੇ ਖਦਸ਼ੇ ਪੈਦਾ ਹੋਣੇ ਸ਼ੁਰੂ ਹੋ ਗਏ ਹਨ, ਜੋ ਕਿਸੇ ਵੀ ਮੁਲਕ ਦੀ ਸਿਆਸਤ ਲਈ ਠੀਕ ਨਹੀਂ।
**ਕੇ.ਆਰ. ਲੱਖਣਪਾਲ**
ਪੰਜਾਬ ਦੇ ਸਾਬਕਾ ਮੁੱਖ ਸਕੱਤਰ



ਸੂਬੇ ਦਾ ਖ਼ਰਚਾ ਸਿਰਫ਼ ਸੋਸ਼ਲ ਸੈਕਟਰ 'ਤੇ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਸੱਤਾਧਿਰ ਦਾ ਲੋਕ ਲੁਭਾਉ ਸਿਆਸੀ ਏਜੰਡਾ ਹੋਣਾ ਚਾਹੀਦਾ ਹੈ। ਸੂਬੇ 'ਤੇ ਪਹਿਲਾਂ ਹੀ ਬਹੁਤ ਕਰਜ਼ਾ ਹੈ ਸੋ ਭਵਿੱਖ ਵਿਚ ਸੂਬੇ ਦੀ ਆਰਥਿਕਤਾ ਨੂੰ ਕੰਟਰੋਲ ਕਰਨ ਵਿਚ ਆਉਣ ਵਾਲੀ ਸਰਕਾਰ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।
**ਆਰ.ਐਸ. ਬਾਵਾ**
ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਦੇ ਵਾਈਸ ਚਾਂਸਲਰ

## ਯੂਨੀਅਨ ਸਿਟੀ ਕੌਂਸਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਮਾਨਤਾ



ਪੂਰੀ ਖ਼ਬਰ ਸਫ਼ਾ 3 'ਤੇ ਪੜ੍ਹੋ

## ਟਰੰਪ ਦੀ ਜਿੱਤ ਮਗਰੋਂ ਮੁਸਲਮਾਨਾਂ 'ਤੇ ਹਮਲਿਆਂ 'ਚ ਵਾਧਾ

### ਸਿਰ 'ਤੇ ਕੱਪੜਾ ਲਪੇਟੀ ਭਾਰਤੀ ਕੁੜੀ 'ਤੇ ਹਿਜਾਬ ਦੇ ਭੁਲੇਖੇ ਹਮਲਾ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਹੀ ਮੁਸਲਮਾਨਾਂ ਉੱਪਰ ਹਮਲਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਕਿਤੇ ਉਨ੍ਹਾਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ ਤੇ ਕਿਤੇ ਮੁਸਲਿਮ ਔਰਤਾਂ ਦੇ ਹਿਜਾਬ ਲਾਹੇ ਜਾ ਰਹੇ ਹਨ। ਇਥੋਂ ਤਕ ਕਿ ਸਿੱਖਾਂ ਉੱਪਰ ਵੀ ਮੁਸਲਮਾਨ ਦੇ ਭੁਲੇਖੇ ਹਮਲੇ ਹੋ ਰਹੇ ਹਨ, ਜਿਨ੍ਹਾਂ ਲੋਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਪਿਛਲੇ ਦਿਨੀਂ ਭਾਰਤੀ ਮੂਲ ਦੀ ਬਾਕੀ ਸਫ਼ਾ 33 'ਤੇ




## ਨੋਟਬੰਦੀ ਨੂੰ ਲੈ ਕੇ ਸੰਸਦ ਵਿਚ ਹੰਗਾਮਾ, ਹੁਣ ਤਕ 60 ਦੇ ਕਰੀਬ ਮੌਤਾਂ

### ਰਾਹੁਲ ਬੋਲੇ-ਮੋਦੀ ਟੀ.ਵੀ. 'ਤੇ ਬੋਲ ਸਕਦੇ ਹਨ, ਸੰਸਦ 'ਚ ਕਿਉਂ ਨਹੀਂ ?

**ਨਵੀਂ ਦਿੱਲੀ/ਬਿਊਰੋ ਨਿਊਜ਼ :** ਨੋਟਬੰਦੀ ਕਾਰਨ ਭਾਰਤ ਦੇ ਆਰਥਿਕ ਹਾਲਾਤ ਵਿਗੜਦੇ ਜਾ ਰਹੇ ਹਨ। ਇਸ ਨਾਲ ਦੇਸ਼ ਭਰ ਵਿਚ ਜਿੱਥੇ 60 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ, ਉਥੇ ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ ਵੀ ਠੱਪ ਹੋਈ ਪਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਕਮੇਟੀ ਦੀ ਮੀਟਿੰਗ ਵਿਚ ਤਾਂ ਇਸ ਦੀ ਚਰਚਾ ਕੀਤੀ ਪਰ ਸੰਸਦ ਵਿਚ ਹਾਜ਼ਰ ਨਾ ਹੋ ਕੇ ਉਹ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆ ਗਏ ਹਨ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਕੇ.ਸੀ. ਚੱਕਰਵਤੀ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਬਾਰੇ ਯੂ.ਪੀ.ਏ. ਸਰਕਾਰ ਵੇਲੇ ਵੀ ਵਿਚਾਰ ਹੋਇਆ ਸੀ ਪਰ ਇਸ ਨੂੰ ਲਾਗੂ ਨਹੀਂ ਕੀਤਾ ਬਾਕੀ ਸਫ਼ਾ 31 'ਤੇ


VISA
Global Visa Service
• Family Immigration
• Green Card Petition
• Citizenship
• OCI Card/Indian Passport
• Business/Visitor Visa
• H-1 B Visa Petition
• Student Visa
• Religious Visa
• Legal Services
JAY SUMMAN
415.850.9278
39271 Mission Blvd, #210, Fremont, CA 94539

Punjabi Radio USA
408-272-5200
KHALSA INSURANCE AGENCY, INC.
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500

JASPREET SINGH
Attorney-At-law
ਜਸਪ੍ਰੀਤ ਸਿੰਘ
Loan Modification
Bankruptcy, Immigration, Political Asylum, Deportation Defense, Citizenship, L-1, H-1, Family Law, Divorce
FREMONT
44790 S. GRIMMER BLVD # 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE W. SACRAMENTO, CA 95691
Phone : 916-372-4448, Fax : 916-372-444

SAVE $2500
ON DIESEL PER TRUCK WITH
ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com

20 ਸਾਲ ਦੇ ਤਜ਼ਰਬੇ ਵਾਲੇ ਬੇਅ ਏਰੀਆ ਡੈਂਟਿਸਟ
ਡਾ. ਦਵਿੰਦਰ ਸ਼ੌਕਰ
• ALL ROOT CANALS
• GUM SURGERY
• ORAL SURGERY
• INVISALIGN ELITE PROVIDER
50% Off to CASH Patients
* Invisalign from 2500$ !
* Crowns from 400$,
* Root canal from 500$
50% Off to Cash Patients
New, Big and Modern
San Jose Office
1295 S. Parkvictoria Drive, Milpitas, CA 95035
408.945.0411
Fremont Office
3456 Mowry Ave. Fremont 94538
510.713.7333
VISIT US @ SHOKERDENTAL.COM

# ਸਿੱਖਾਂ ਨੂੰ ਇਨਸਾਫ਼ ਨਾ ਮਿਲਣ ਦਾ ਮਸਲਾ ਯੂ.ਐਨ. 'ਚ ਉਭਾਰਿਆ

## ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਵਲੋਂ ਅਧਿਕਾਰੀਆਂ ਨਾਲ ਕੀਤੀ ਬਰੀਫਿੰਗ ਮੀਟਿੰਗ ਦੀਆਂ ਝਲਕਾਂ ਪੇਸ਼ ਕਰਦੀਆਂ ਤਸਵੀਰਾਂ











































# ਬੇਅ ਏਰੀਏ ਦੇ ਭਰਵੀਂ ਸਿੱਖ ਵਸੋਂ ਵਾਲੇ ਯੂਨੀਅਨ ਸਿਟੀ ਦੀ ਕੌਂਸਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਮਾਨਤਾ











**ਫਰੀਮਾਂਟ/ਬਿਊਰੋ ਨਿਊਜ਼:**
ਬੇਅ ਏਰੀਆ ਦੇ ਸੰਘਣੀ ਸਿੱਖ ਵਸੋਂ ਵਾਲੇ ਯੂਨੀਅਨ ਸਿਟੀ ਦੀ ਸਿਟੀ ਕੌਂਸਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਮਾਨਤਾ ਦੇਣ ਦਾ ਮਹੱਤਵਪੂਰਨ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਮਤਾ (Proclamation) ਕੌਂਸਲ ਦੀ 22 ਨਵੰਬਰ 2016 ਨੂੰ ਹੋਈ ਮੀਟਿੰਗ ਵਿੱਚ ਪਾਸ ਕੀਤਾ ਗਿਆ। ਕੌਂਸਲ ਦੀ ਇਹ ਮਹੀਨਾਵਾਰ ਮੀਟਿੰਗ ਮੰਗਲਵਾਰ ਨੂੰ 7:00 ਵਜੇ ਆਰੰਭ ਹੋਈ ਜਿਸ ਵਿਚ ਸਭ ਤੋਂ ਪਹਿਲਾਂ ਯੂਨੀਅਨ ਸਿਟੀ ਦੀ ਮੇਅਰ ਕਾਰਲ ਡੁਟਰਾਂ ਨੇ ਨਵੰਬਰ 1984 ਵਿਚ ਦਿੱਲੀ ਅਤੇ ਭਾਰਤ ਦੇ ਅਨੇਕਾਂ ਥਾਵਾਂ ਉਪਰ 30,000 ਤੋਂ ਵੱਧ ਹੋਏ ਸਿੱਖਾਂ ਦੇ ਕਤਲੇਆਮ ਦਾ ਮਤਾ ਪੇਸ਼ ਕੀਤਾ। ਇਸ ਮਤੇ ਨੂੰ ਸਰਬਸੰਮਤੀ ਨਾਲ ਬਾਕੀ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ।

ਕੌਂਸਲ ਮੀਟਿੰਗ ਵਲੋਂ ਪਾਸ ਕੀਤੇ ਇਸ ਬਹੁਤ ਹੀ ਅਹਿਮ ਮਤੇ ਵਿੱਚ ਉਚੇਚਾ ਜ਼ਿਕਰ ਕੀਤਾ ਗਿਆ ਕਿ ਸਿੱਖ ਧਰਮ ਦੁਨੀਆਂ ਦੇ ਸਭ ਤੋਂ ਵੱਡੇ ਪੰਜ ਧਰਮਾਂ ਵਿਚੋਂ ਇਕ ਹੈ। 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਜਿਸ ਤਰੀਕੇ ਨਾਲ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਸਮੂਹਿਕ ਕਤਲੇਆਮ ਕੀਤਾ ਗਿਆ, ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ, ਸਿੱਖ ਬੀਬੀਆਂ ਦੀਆਂ ਇਜ਼ਤਾਂ ਲੁੱਟੀਆਂ ਗਈਆਂ, ਗੁਰਦੁਆਰਾ ਸਾਹਿਬ ਨੂੰ ਅੱਗਾਂ ਲਾਈਆਂ ਗਈਆਂ। ਇਸ ਤੋਂ ਇਲਾਵਾ ਪੱਛਮੀ ਬੰਗਾਲ, ਉਤਰ ਪ੍ਰਦੇਸ਼, ਬਿਹਾਰ ਅਤੇ ਭਾਰਤ ਦੀਆਂ ਹੋਰ ਕਈ ਸਟੇਟਾਂ ਵਿਚ ਇਹੋ ਜਿਹੀਆਂ ਅਣਗਿਣਤ ਘਟਨਾਵਾਂ ਵਾਪਰੀਆਂ, ਜਿੱਥੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਹਰਿਆਣਾ ਦਾ ਪਿੰਡ ਹੋਂਦ ਚਿਲੜ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ ਜਿਥੇ ਵਹਿਸ਼ੀ ਭੀੜ ਨੇ ਸਿੱਖਾਂ ਦਾ ਸਮੂਹਿਕ ਕਤਲੇਆਮ ਕੀਤਾ, ਗੁਰਦੁਆਰਾ ਸਾਹਿਬ 'ਚ ਅੱਗ ਲਗਾ ਕੇ ਪਾਵਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸਰੂਪ ਅਗਨ ਭੇਂਟ ਕੀਤੇ। ਇਹ ਸਾਰਾ ਕੁਝ ਅਚਾਨਕ ਨਹੀਂ ਵਾਪਰਿਆ ਬਲਕਿ ਇਕ ਗਿਣੀ ਮਿਥੀ ਸਾਜਿਸ਼ ਤਹਿਤ ਯੋਜਨਾਬੱਧ ਢੰਗ ਨਾਲ ਕੀਤਾ ਗਿਆ।

ਨਵੰਬਰ 1984 ਅੱਜ ਤੋਂ 32 ਵਰ੍ਹੇ ਪਹਿਲਾਂ ਇਕ ਅਜ਼ਾਦ ਦੇਸ਼ ਜਿਹੜਾ ਆਪਣੇ ਆਪ ਨੂੰ ਲੋਕਤੰਤਰ ਦਾ ਸਭ ਤੋਂ ਵੱਡਾ ਥੰਮ ਮੰਨਦਾ, ਦੇਸ਼ ਦੀ ਇਕ ਘੱਟ ਗਿਣਤੀ ਕੌਮ ਦੀ ਇਕ ਗਿਣੀ ਮਿਥੀ ਸਾਜ਼ਿਸ਼ ਤਹਿਤ ਨਸਲਕੁਸ਼ੀ ਕੀਤੀ ਗਈ, ਉਹ 20ਵੀਂ ਸਦੀ ਦੀ ਸਭ ਤੋਂ ਭਿਆਨਕ, ਜ਼ਾਲਮਾਨਾ ਅਤੇ ਦਰਿੰਦਗੀ ਭਰੀ ਘਟਨਾ ਸੀ, ਜਿਸ ਨਾਲ ਦੁਨੀਆਂ ਦੇ ਇਨਸਾਫ਼ ਪਸੰਦ ਲੋਕਾਂ ਦਾ ਕੰਬ ਜਾਣਾ ਕੁਦਰਤੀ ਸੀ। ਦੂਜੇ ਪਾਸੇ ਜਿਨ੍ਹਾਂ ਸਿੱਖਾਂ ਨੇ

**ਬਾਕੀ ਸਫ਼ਾ 32 'ਤੇ**




Mortgage Rates ਇਤਿਹਾਸਕ Low ਹਨ

Residential and Commerical

No Tax Returns

Credit Score as low as 500

ਇਕ ਤੋਂ ਵੱਧ Lenders ਦੇ rates ਲਵੋ

Self Employed - No W2 - Stated Income Loans available

ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।

3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ

Foreign National Loans available

ratebeat MORTGAGE

RateBeat LLC (NMLS ID: 1267188)

(877) 877-7575

Gas Stations - Hotels/Motels
Multi-Family-Retail
Warehouse- Self-Storage
Auto Service

ਅੱਜ ਹੀ ਕਾਲ ਕਰੋ

Nirmal Singh Mann

(NMLS 357314)

EQUAL HOUSING LENDER

(877) 877-7575, www.ratebeat.com

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ...*

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀਆਂ







ਤਸਵੀਰਾਂ: ਕੁਲਵੀਰ ਹੇਅਰ



**ਫਰਿਜ਼ਨੋਂ/ਬਿਊਰੋ ਨਿਊਜ਼ :** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਵੱਡਾ ਗਿਲਵਾਲੀ, ਸੁਰੈਣ ਸਿੰਘ ਛੋਟਾ ਗਿਲਵਾਲੀ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ਼ ਸਿੰਘ ਗਿਲਵਾਲੀ ਦਾ 101ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਘੋਲੀਆ ਨੇ ਕੀਤੀ। ਰਾਜ ਬਰਾੜ ਅਤੇ ਗੁਰਦੇਵ ਸਿੰਘ ਸਾਹੋਕੇ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਗੀਤਾਂ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਮਾਗਮ ਵਿਚ ਪਹੁੰਚੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉੱਘੇ ਵਿਦਵਾਨ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ, ਕਰਨਲ ਹਰਦੇਵ ਸਿੰਘ ਗਿੱਲ, ਸ. ਮਹਿੰਦਰ ਸਿੰਘ ਗਰੇਵਾਲਹਰਨੇਕ ਸਿੰਘ, ਗੁਰਦੀਪ ਸਿੰਘ ਗੱਗੜਾ, ਦਲਵੀਰ ਸਿੰਘ ਸਰਾਏ, ਹਰਜੀਤ ਸਿੰਘ ਸ਼ੇਰਗਿਲ, ਮਾਸਟਰ ਲਛਮਣ ਸਿੰਘ ਰਠੌੜ, ਦਲਜੀਤ ਸਿੰਘ ਰਿਆੜ, ਜਸਵੰਤ ਸਿੰਘ, ਗੁਰਪ੍ਰੀਤ ਸਿੰਘ, ਐਸਵਨ ਕੌਰ ਰਾਠੌਰ, ਸਿੰਮਵੀਰ ਸਿੰਘ ਹੇਅਰ, ਮਨੂਵੀਰ ਕੌਰ ਧਾਲੀਵਾਲ, ਇਕਬਾਲ ਸਿੰਘ ਸਿੱਧੂ, ਜਸਨਪ੍ਰੀਤ ਸਿੰਘ, ਸੁਖਵੀਰ ਸਿੰਘ ਨੇ ਸ਼ਹੀਦਾਂ ਪ੍ਰਤੀ ਭਾਵਪੂਰਤ ਸ਼ਬਦਾਂ ਵਿਚ ਆਪਣੀ ਸ਼ਰਧਾ ਦਾ ਇਜ਼ਹਾਰ ਕੀਤਾ।

ਉਨ੍ਹਾਂ ਕਿਹਾ ਕਿ ਜੋ ਕੌਮਾਂ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਯਾਦ ਨਹੀਂ ਰੱਖਦੀਆਂ ਉਹ ਹੌਲੀ ਹੌਲੀ ਅਲੋਪ ਹੋ ਜਾਂਦੀਆਂ ਹਨ ਤੇ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ, ਉਨ੍ਹਾਂ ਦਾ ਬੀਜ ਨਾਸ ਪਲਕ-ਝਲਕ ਵਿਚ ਹੀ ਹੋ ਜਾਂਦਾ ਹੈ। ਉਹ ਸ਼ਹੀਦ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸੁੱਖ ਅਰਾਮ ਤਿਆਗ ਕੇ ਸਮੁੱਚੇ ਦੇਸ਼ ਵਾਸੀਆਂ ਦੇ ਉਜਵਲ ਭਵਿੱਖ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ, ਉਨ੍ਹਾਂ ਨੂੰ ਯਾਦ ਕਰਨਾ ਸਾਡਾ ਫਰਜ਼ ਹੀ ਨਹੀਂ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ। ਆਂਚਲ ਸਿੰਘ ਹੇਅਰ ਨੇ ਪਿੰਡ ਸਰਾਭਾ ਦੀ ਧਰਤੀ ਨੂੰ ਸਲਾਮ ਕਰਦਿਆਂ ਇਸ ਮਿੱਟੀ ਦੇ ਜੰਮਪਲ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਇਸ ਪਿੰਡ ਦੇ ਹੋਰ ਸ਼ਹੀਦਾਂ ਦੀ ਬਾਰੇ ਜਾਣਕਾਰੀ ਦਿੱਤੀ। ਜੀ.ਐਚ.ਜੀ. ਟੀਮ ਨੇ ਭੰਗੜਾ ਪੇਸ਼ ਕੀਤਾ ਅਤੇ ਵਾਹ ਵਾਹ ਖੱਟੀ। ਰੂਹ ਪੰਜਾਬ ਦੀ ਟੀਮ ਵਲੋਂ ਕਿਰਨ ਮੈਹਿਮੀ, ਦਿਲਜੋਤ ਕੌਰ ਅਤੇ ਹਰਜੋਤ ਕੌਰ ਨੇ ਕਮਾਲ ਦੀ ਕੋਰੀਓਗਰਾਫੀ ਕੀਤੀ। ਫੋਰਮ ਵਲੋਂ ਸਮਾਗਮ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਪਿਛਲੇ ਹਫਤੇ ਗ਼ਦਰੀ ਬਾਬਿਆਂ ਦੇ ਮੁੱਖ ਦਫ਼ਤਰ ਯੁਗਾਂਤਰ ਆਸ਼ਰਮ ਸਾਨ ਫਰਾਂਸਿਸਕੋ, ਜਿਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ 'ਗ਼ਦਰ ਦੀ ਗੂੰਜ' ਅਖ਼ਬਾਰ ਕੱਢੀ ਸੀ, ਵਿਖੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਸਮੇਤ ਕੈਲੀਫੋਰਨੀਆ ਤੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਹੋਰ ਸੰਸਥਾਵਾਂ ਵਲੋਂ ਸਾਂਝੇ ਤੌਰ 'ਤੇ ਸ਼ਹੀਦੀ ਦਿਹਾੜਾ ਮਨਾਇਆ ਗਿਆ। ਅੰਤ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਰਨਜੀਤ ਧਾਲੀਵਾਲ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੂੰ ਸਮੂਹਕ ਤੌਰ 'ਤੇ ਯਾਦ ਕਰਦਿਆਂ ਹਥਲੀਆਂ ਸਤਰਾਂ ਦਾ ਉਚਾਰਨ ਕੀਤਾ-

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਦੇਖ ਕੇ ਨਾ ਘਬਰਾ ਜਾਣਾ

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

Family Law • Divorce

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895




With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
• ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
• ਰੋਜ਼ਾਨਾ ਸ਼ਾਮ ਨੂੰ ਘਰ ਜਾਓ
• ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਨਸਲਕੁਸ਼ੀ ਦੀਆਂ ਵਧਦੀਆਂ ਘਟਨਾਵਾਂ 'ਤੇ ਯੂ. ਐੱਨ. ਨੇ ਪ੍ਰਗਟਾਈ ਚਿੰਤਾ

## ਸਿੱਖਾਂ ਨੂੰ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲ ਰਿਹਾ : ਜਿਮ ਕੋਸਟਾ





**ਵਾਸ਼ਿੰਗਟਨ ਡੀ. ਸੀ./ਬਿਊਰੋ ਨਿਊਜ਼:**
ਯੂ. ਐੱਨ. ਦੇ ਅੰਡਰ ਸੈਕਟਰੀ ਜਨਰਲ ਅਡਾਮ ਡੀਐਂਗ, ਜੋ ਕਿ ਯੂ ਐਨ ਦੇ, ਨਸਲਕੁਸ਼ੀ ਰੋਕਣ ਪ੍ਰੋਗਰਾਮ ਦੇ ਖਾਸ ਸਲਾਹਕਾਰ ਹਨ, ਨੇ ਬੁੱਧਵਾਰ ਨੂੰ ਕੀਤੀ ਗਈ ਅਮਰੀਕੀ ਕਾਂਗਰੇਸ਼ਨਲ ਬਰੀਫਿੰਗ ਦੌਰਾਨ ਪੂਰੀ ਦੁਨੀਆ 'ਚ ਹੋਈਆਂ ਨਸਲਕੁਸ਼ੀਆਂ 'ਤੇ ਗਹਿਰੀ ਚਿੰਤਾ ਦਾ ਇਜ਼ਹਾਰ ਕੀਤਾ। ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਦੇ ਕੋ ਚੇਅਰਮੈਨ ਕਾਂਗਰਸਮੈਨ ਜਾਹਨ ਗਾਰਮੈਂਡੀ, ਪੈਟਰਿਕ ਮੀਹਾਨ ਅਤੇ ਜਿਮ ਕੋਸਟਾ ਦੁਆਰਾ ਸੱਦੀ ਗਈ ਇਸ ਬਰੀਫਿੰਗ ਦੌਰਾਨ ਉਨ੍ਹਾਂ ਆਪਣੇ ਭਾਸ਼ਣ 'ਚ ਈਰਾਕ, ਸੀਰੀਆ ਅਤੇ ਅਫ਼ਰੀਕਾ ਦੇ ਬਹੁਤ ਸਾਰੇ ਦੇਸ਼ਾਂ ਤੋਂ ਇਲਾਵਾ ਭਾਰਤ 'ਚ ਵੀ ਵੱਧ ਰਹੀਆਂ ਹਿੰਸਕ ਘਟਨਾਵਾਂ 'ਤੇ ਦੁੱਖ ਜਾਹਿਰ ਕਰਦਿਆਂ ਅਲੱਗ-ਅਲੱਗ ਦੇਸ਼ਾਂ ਦੇ ਆਗੂਆਂ ਨੂੰ ਇਕਜੁਟ ਹੋ ਕੇ ਇਸ ਖਿਲਾਫ਼ ਅਵਾਜ਼ ਉਠਾਉਣ ਅਤੇ ਠੋਸ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ।

ਇਸ ਦੌਰਾਨ ਵਿਚਾਰ ਸਾਂਝੇ ਕਰਦਿਆਂ ਡੀਐਂਗ ਨੇ ਕਿਹਾ ਕਿ ਦੁਨੀਆ ਦੇ ਦੇਸ਼ਾਂ ਨੂੰ ਇਕੱਠੇ ਹੋ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀਆਂ ਤਾਕਤਾਂ ਨੂੰ ਆੜੇ ਹੱਥੀਂ ਲੈਣਾ ਚਾਹੀਦਾ ਹੈ, ਕਿਉਂਕਿ ਇਹ ਲੋਕ ਮਨੁੱਖਤਾ ਦੇ ਦੁਸ਼ਮਣ ਹਨ। ਇਸੇ ਮੌਕੇ ਡਾ. ਇਕਤਿਦਾਰ ਕਰਾਮਤ ਚੀਮਾ, ਜੋ ਕਿ ਇੰਗਲੈਂਡ ਦੀ ਇੰਸਟੀਚਿਊਟ ਆਫ਼ ਲੀਡਰਸ਼ਿਪ ਐਂਡ ਕਮਿਊਨਿਟੀ ਡਿਵੈੱਲਪਮੈਂਟ ਦੇ ਡਾਇਰੈਕਟਰ ਹਨ, ਨੇ ਜੀਨੋਸਾਈਡ (ਇਕ ਤਰਫ਼ਾ ਅੰਨ੍ਹੇਵਾਹ ਕਤਲੇਆਮ) ਦੀ ਪਰਿਭਾਸ਼ਾ ਨੂੰ ਬਦਲਣ 'ਤੇ ਬੱਲ ਦਿੱਤਾ। ਉਨ੍ਹਾਂ ਨੇ 1984 'ਚ ਹੋਏ ਸਿੱਖ ਕਤਲੇਆਮ ਦਾ ਹਵਾਲਾ ਦਿੰਦਿਆ ਕਿਹਾ ਕਿ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਨੂੰ ਕਤਲੇਆਮ ਦਾ ਨਿਸ਼ਾਨਾ ਬਣਾਇਆ ਗਿਆ, ਜਿਸ 'ਚ ਹਜ਼ਾਰਾ ਬੇਗੁਨਾਹ ਸਿੱਖਾਂ ਨੇ ਆਪਣੀ ਜਾਨ ਗਵਾਈ। ਡਾਕਟਰ ਚੀਮਾ ਨੇ ਕੁਝ ਤਜਵੀਜ਼ਾਂ ਦਿੱਤੀਆਂ ਜਿਸ ਦੀ ਵਰਤੋਂ ਨਾਲ ਆਉਣ ਵਾਲੀ ਸਦੀ 'ਚ ਨਕਸਕੁਸ਼ੀਆਂ ਨੂੰ ਰੋਕਿਆ ਜਾ ਸਕਦਾ ਹੈ।



ਖ਼ਬਰ ਨਾਲ ਸਬੰਧਤ ਫੋਟੋਆਂ ਰੰਗਦਾਰ ਸਫ਼ਾ 2 'ਤੇ ਵੇਖੋ।

ਅਡਾਮਾ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਆਪਣੀ ਅਫ਼ਰੀਕਾ ਫੇਰੀ ਦੌਰਾਨ ਮਹਿਸੂਸ ਕੀਤਾ ਕਿ ਕੁਝ ਲੀਡਰਾਂ ਵੱਲੋਂ ਭੜਕਾਊ ਬਿਆਨਬਾਜ਼ੀ ਕਰਕੇ ਦੰਗੇ ਭੜਕਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਸੀ ਇਕ ਅਜਿਹੀ ਪਾਲਿਸੀ 'ਤੇ ਕੰਮ ਕਰ ਰਹੇ ਹਨ, ਜਿਸ ਦਾ ਮਕਸਦ ਸਿਆਸੀ ਨੇਤਾਵਾਂ, ਸਿਵਲ ਸੋਸਾਇਟੀਆਂ ਅਤੇ ਹੋਰ ਮੈਂਬਰਾਂ ਨੂੰ ਅਪੀਲ ਕਰਨਾ ਹੈ ਕਿ ਉਹ ਭੜਕਾਊ ਬਿਆਨਬਾਜ਼ੀ ਅਤੇ ਅਜਿਹੇ ਕੋਈ ਵੀ ਕੰਮ ਨਾ ਕਰਨ ਜਿਸ ਨਾਲ ਨਕਸਲਕੁਸੀ ਹੋਵੇ।

ਅਮਰੀਕੀ ਸਿੱਖ ਕਾਂਗਰੇਸ਼ਨਲ ਕਾਕਸ ਦੇ ਜਿਮ ਕੋਸਟਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀ ਅੱਜ ਵੀ ਬੇਖੌਫ਼ ਸ਼ਰੇਆਮ ਘੁੰਮ ਰਹੇ ਹਨ ਅਤੇ ਸਿੱਖਾਂ ਨੂੰ ਇੰਨਾ ਲੰਮਾ ਬੀਤ ਜਾਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲ ਰਿਹਾ। ਉਹਨਾਂ ਨੇ ਕਿਹਾ ਕਿ ਅਕਸਰ ਵੇਖਿਆ ਜਾਂਦਾ ਹੈ ਕਿ ਮਨੁਖਤਾ ਦੇ ਖਿਲਾਫ਼ ਇੰਨੇ ਵੱਡੇ ਪੱਧਰ 'ਤੇ ਹਿੰਸਾ ਕਰਕੇ ਵੀ ਦੋਸ਼ੀ ਅਕਸਰ ਕਾਨੂੰਨਾਂ ਤੋਂ ਬਚ ਜਾਂਦੇ ਹਨ, ਜੋ ਕਿ 21ਵੀਂ ਸਦੀ ਦੀ ਬਹੁਤ ਵੱਡੀ ਤਰਾਸਦੀ ਹੈ।

ਬੁਲਾਰਿਆਂ ਨੇ ਬਰਮਾ 'ਚ ਰੋਹੀਗੀਆ ਅਤੇ ਇਸਲਾਮਕ ਸਟੇਟ ਵੱਲੋਂ ਜਜੀਦੀ, ਉਪਰ ਢਾਹੇ ਗਏ ਜ਼ੁਲਮਾਂ ਦਾ ਵੀ ਖਾਸ ਤੌਰ 'ਤੇ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਕਤਲੇਆਮ ਦਾ ਨਿਸ਼ਾਨਾ ਬਣਾਇਆ।

ਇਹ ਮੌਕੇ ਤੇ ਡਾਕਟਰ ਚੀਮਾ ਨੇ ਸੰਨ 1948 'ਚ ਯੂ. ਐੱਨ. ਦੁਆਰਾ ਮਨੁੱਖੀ ਅਧਿਕਾਰਾਂ ਦੀ ਯੂਨੀਵਰਸਲ ਡੈਕਲੇਸ਼ਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇੰਨੇ ਸਮੇਂ ਦੇ ਬਾਅਦ ਵੀ ਪੂਰੀ ਦੁਨੀਆ 'ਚ ਮਨੁੱਖੀ ਅਧਿਕਾਰਾਂ ਦਾ ਘਾਣ ਅਜੇ ਵੀ ਜਾਰੀ ਹੈ। ਆਏ ਹੋਏ ਬੁਲਾਰਿਆਂ ਨੇ ਇਸ ਗੱਲ 'ਤੇ ਸਹਿਮਤੀ ਜਾਹਿਰ ਕੀਤੀ ਕਿ ਜੇਕਰ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨੂੰ ਸਮੇਂ ਸਿਰ ਕਾਬੂ ਕਰਕੇ ਸਜ਼ਾਵਾਂ ਦਿੱਤੀਆਂ ਜਾਣ ਤਾਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ 'ਤੇ ਠੱਲ੍ਹ ਪਾਈ ਜਾ ਸਕਦੀ ਹੈ।

Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।
Kulwinder Kaur K.D.
Cell 916-212-0123
e-mail kdkaur9@yahoo.com





PMZ
REAL ESTATE
SINCE 1957
MLS
ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635
www.rsingh.pmz.com
3516 Deer Park Dr., Suit A
Stockton, CA 95219





ਰਾਜਿੰਦਰ ਸਿੰਘ

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



# ਹਾਰ ਸਵੀਕਾਰ ਕਰਨੀ ਸੌਖੀ ਨਹੀਂ ਸੀ : ਹਿਲੇਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਵਿੱਚ ਡੋਨਲਡ ਟਰੰਪ ਤੋਂ ਹਾਰਨ ਮਗਰੋਂ ਪਹਿਲੀ ਵਾਰ ਜਨਤਕ ਤੌਰ 'ਤੇ ਹਾਜ਼ਰੀ ਦਰਜ ਕਰਵਾਉਣ ਮੌਕੇ ਹਿਲੇਰੀ ਕਲਿੰਟਨ ਪੂਰੀ ਤਰ੍ਹਾਂ ਨਿਰਾਸ਼ ਦਿਸੀ। ਇੱਥੇ ਬੀਤੀ ਰਾਤ 'ਚਿਲਡਰਨਜ਼ ਡਿਫੈਂਸ ਫੰਡ' ਦੇ 'ਬੀਟ ਦਿ ਔਡਜ਼' ਸਮਾਰੋਹ ਦੌਰਾਨ ਹਿਲੇਰੀ ਆਪਣੀ ਹਾਰ ਉਤੇ ਭਾਵੁਕ ਹੋ ਗਈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੀ ਹੈ ਕਿ ਆਪਣੀ ਮਾਂ, ਜੋ ਛੋਟੀ ਉਮਰੇ ਅਨਾਥ ਹੋ ਗਈ ਸੀ, ਉਸ ਨੂੰ ਇਹ ਗੱਲ ਦੱਸ ਸਕੇ ਕਿ ਉਸ ਦਾ ਸੰਘਰਸ਼ ਪੂਰਾ ਹੋ ਗਿਆ ਹੈ। ਸਾਬਕਾ ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਇੱਥੇ ਇਹ ਗੱਲ ਮੰਨੇਗੀ ਕਿ ਹਾਰ ਸਵੀਕਾਰ ਕਰਨੀ ਸੌਖੀ ਨਹੀਂ ਸੀ। 69 ਸਾਲਾ ਡੈਮੋਕਰੇਟ ਨੇ ਕਿਹਾ ਕਿ ਬੀਤੇ ਹਫ਼ਤੇ ਵਿੱਚ ਕਈ ਵਾਰ ਅਜਿਹੇ ਮੌਕੇ ਆਏ, ਜਦੋਂ ਉਸ ਨੇ ਸਿਰਫ਼ ਘਰ ਵਿੱਚ ਚੰਗੀ ਕਿਤਾਬ ਜਾਂ ਕੁੱਤਿਆਂ ਨਾਲ ਰਹਿਣ ਅਤੇ ਮੁੜ ਕਦੇ ਵੀ ਘਰੋਂ ਨਾ ਨਿਕਲਣ ਦਾ ਫੈਸਲਾ ਕੀਤਾ। ਉਨ੍ਹਾਂ ਅੱਠ ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਪੈਦੀਆਂ ਹੋਈਆਂ ਡੂੰਘੀਆਂ ਵੰਡੀਆਂ ਦੇ ਬਾਵਜੂਦ ਆਪਣੇ ਹਮਾਇਤੀਆਂ ਨੂੰ ਹਾਰ ਨਾ ਮੰਨਣ ਲਈ ਕਿਹਾ। ਉਨ੍ਹਾਂ ਹਮਾਇਤੀਆਂ ਨੂੰ ਕਿਹਾ, "ਮੈਂ ਜਾਣਦੀ ਹੈ ਕਿ ਤੁਹਾਡੇ ਵਿੱਚੋਂ ਕਈਆਂ ਨੂੰ ਡੂੰਘੀ ਨਿਰਾਸ਼ਾ ਹੋਈ ਹੈ। ਮੈਨੂੰ ਵੀ ਹੋਈ, ਮੈਂ ਇਹ ਜ਼ਾਹਰ ਵੀ ਨਹੀਂ ਕਰ ਸਕਦੀ।"



ਉਨ੍ਹਾਂ ਕਿਹਾ ਕਿ ਆਪਣੇ ਦੇਸ਼ ਵਿੱਚ ਵਿਸ਼ਵਾਸ ਰੱਖੋ, ਨੈਤਿਕ ਕਦਰਾਂ-ਕੀਮਤਾਂ ਲਈ ਲੜੋ, ਅਤੇ ਕਦੇ ਵੀ ਹਾਰ ਨਾ ਮੰਨੋ। ਹਿਲੇਰੀ ਨੇ ਕਿਹਾ ਕਿ ਉਹ ਬੀਤੇ ਸਮੇਂ ਵਿੱਚ ਜਾ ਕੇ ਆਪਣੀ ਮਾਂ ਡੋਰਥੀ ਨੂੰ ਆਪਣੀਆਂ ਉਪਲੱਬਧੀਆਂ ਬਾਰੇ ਦੱਸਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਮਾਂ ਨੇ ਉਸ ਨੂੰ ਬੇਹੱਦ ਪਿਆਰ ਤੇ ਸਮਰਥਨ ਦਿੱਤਾ, ਜੋ ਉਸ ਨੂੰ ਕਦੇ ਨਹੀਂ ਮਿਲਿਆ ਸੀ। ਡੋਰਥੀ ਰੋਧਮ ਆਪਣੇ ਦਾਦਾ-ਦਾਦੀ ਨਾਲ ਰਹਿਣ ਲਈ ਆਪਣੀ ਛੋਟੀ ਭੈਣ ਨਾਲ ਰੇਲ ਗੱਡੀ ਰਾਹੀਂ ਕੈਲੀਫੋਰਨੀਆ ਆਈ ਸੀ। ਉਸ ਦੇ ਦਾਦਾ-ਦਾਦੀ ਬੱਚਿਆਂ ਦਾ ਸ਼ੋਸ਼ਣ ਕਰਦੇ ਸਨ, ਇਸ ਲਈ ਡੋਰਥੀ ਵਾਪਸ ਆਪਣੇ ਜੱਦੀ ਸ਼ਹਿਰ ਸ਼ਿਕਾਗੋ ਚਲੀ ਗਈ। ਹਿਲੇਰੀ ਨੇ ਕਿਹਾ ਕਿ ਉਸ ਦੀ ਇੱਛਾ ਹੈ ਕਿ ਉਹ ਆਪਣੀ ਮਾਂ ਨਾਲ ਕੈਲੀਫੋਰਨੀਆ ਜਾਵੇ ਤੇ ਉਸੇ ਰੇਲ ਗੱਡੀ ਵਿੱਚ ਬਹਿ ਕੇ ਗੱਲਬਾਤ ਕਰ ਸਕੇ।

# ਨਿੱਕੀ 'ਰਿਪਬਲਿਕਨ ਗਵਰਨਰਜ਼ ਐਸੋਸੀਏਸ਼ਨ' ਦੀ ਉਪ ਚੇਅਰਪਰਸਨ ਬਣੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਦੱਖਣੀ ਕੈਰੋਲਾਈਨਾ ਦੀ ਭਾਰਤੀ-ਅਮਰੀਕੀ ਗਵਰਨਰ ਨਿੱਕੀ ਹੇਲੀ ਨੂੰ ਸ਼ਕਤੀਸ਼ਾਲੀ 'ਰਿਪਬਲਿਕਨ ਗਵਰਨਰਜ਼ ਐਸੋਸੀਏਸ਼ਨ' ਦੀ ਉਪ ਚੇਅਰਪਰਸਨ ਚੁਣਿਆ ਗਿਆ ਹੈ। 44 ਸਾਲਾ ਹੇਲੀ ਦੀ ਤਰੱਕੀ ਉਨ੍ਹਾਂ ਰਿਪੋਰਟਾਂ ਵਿਚਕਾਰ ਹੋਈ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦੀ ਚੋਣ ਜਿੱਤੇ ਡੋਨਲਡ ਟਰੰਪ ਵੱਲੋਂ ਵਿਦੇਸ਼ ਮੰਤਰੀ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਵਿਚਾਰਿਆ ਜਾ ਰਿਹਾ ਹੈ।



ਅੱਠ ਨਵੰਬਰ ਦੀਆਂ ਆਮ ਚੋਣਾਂ ਮਗਰੋਂ ਹੁਣ ਰਿਪਬਲਿਕਨ ਗਵਰਨਰਾਂ ਕੋਲ 33 ਰਾਜਾਂ ਦੀ ਅਗਵਾਈ ਹੈ। ਅਜਿਹੀ ਸਥਿਤੀ 94 ਸਾਲਾਂ ਬਾਅਦ ਬਣੀ ਹੈ। ਵਿਸਕੌਨਸਨ ਦੇ ਗਵਰਨਰ ਸਕੌਟ ਵਾਕਰ ਨੂੰ ਇਸ ਐਸੋਸੀਏਸ਼ਨ ਦਾ ਚੇਅਰਮੈਨ ਚੁਣਿਆ ਗਿਆ ਹੈ। ਇਸ ਦੌਰਾਨ ਹੇਲੀ ਨੇ 70 ਸਾਲਾ ਟਰੰਪ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੇ 'ਡਿਪਟੀ ਚੀਫ਼ ਆਫ ਸਟਾਫ਼' ਰੌਬ ਗੌਡਫਰੇਅ ਨੇ ਕਿਹਾ ਕਿ ਦੋਵਾਂ ਵਿਚਾਲੇ ਚੰਗੇ ਮਾਹੌਲ ਵਿੱਚ ਗੱਲਬਾਤ ਹੋਈ ਅਤੇ ਨਿੱਕੀ ਪ੍ਰਸ਼ਾਸਨ ਦਾ ਹਿੱਸਾ ਬਣਨ ਬਾਰੇ ਬਹੁਤ ਉਤਸ਼ਾਹਿਤ ਹੈ। ਉਨ੍ਹਾਂ ਕਿਹਾ ਕਿ ਹੇਲੀ ਦੀ ਮਜ਼ਬੂਤ ਅਗਵਾਈ ਨਾਲ ਆਗਾਮੀ ਵਰ੍ਹੇ ਵਿੱਚ ਐਸੋਸੀਏਸ਼ਨ ਨੂੰ ਬਹੁਤ ਲਾਭ ਮਿਲੇਗਾ। ਉਨ੍ਹਾਂ ਦੱਖਣੀ ਕੈਰੋਲਾਈਨਾ ਦੇ ਲੋਕਾਂ ਲਈ ਅਣਥੱਕ ਮਿਹਨਤ ਕੀਤੀ ਹੈ।

# ਹਾਰਵਰਡ ਲਾਅ ਸਕੂਲ ਦੇ ਸਿੱਖ ਵਿਦਿਆਰਥੀ ਨਾਲ ਬਦਸਲੂਕੀ

## ਮੁਸਲਮਾਨ ਸਮਝ ਕੇ ਕੀਤਾ ਪ੍ਰੇਸ਼ਾਨ

**ਬੋਸਟਨ/ਬਿਊਰੋ ਨਿਊਜ਼ :** ਪ੍ਰਸਿੱਧ ਹਾਰਵਰਡ ਲਾਅ ਸਕੂਲ ਵਿੱਚ ਪੜ੍ਹ ਰਹੇ 22 ਸਾਲਾ ਸਿੱਖ ਨੂੰ ਗਲਤੀ ਨਾਲ ਮੁਸਲਮਾਨ ਸਮਝ ਕੇ ਕੈਂਪਸ ਨੇੜਲੇ ਸਟੋਰ ਵਿੱਚ ਇਕ ਵਿਅਕਤੀ ਨੇ ਉਸ ਨਾਲ ਬਦਸਲੂਕੀ ਕੀਤੀ। ਇਸ ਯੂਨੀਵਰਸਿਟੀ ਵਿੱਚ ਪਹਿਲੇ ਸਾਲ ਦਾ ਵਿਦਿਆਰਥੀ ਹਰਮਨ ਸਿੰਘ ਜਦੋਂ ਕੈਂਬਰਿਜ ਦੇ ਸਟੋਰ ਵਿੱਚ ਖਰੀਦਦਾਰੀ ਕਰ ਰਿਹਾ ਸੀ ਤਾਂ ਉਸ ਨੂੰ ਮਾਂ ਦਾ ਫੋਨ ਆ ਗਿਆ। ਜਦੋਂ ਉਹ ਫੋਨ ਉਤੇ ਗੱਲ ਕਰ ਰਿਹਾ ਸੀ ਤਾਂ ਇਕ ਵਿਅਕਤੀ ਆਇਆ ਅਤੇ ਉਸ ਨੇ ਕਾਊਂਟਰ ਪਿੱਛੇ ਖੜ੍ਹੇ ਕਲਰਕ ਨਾਲ ਗੱਲਬਾਤ ਦੌਰਾਨ ਗਾਲ੍ਹ ਵਜੋਂ ਕਿਹਾ ਕਿ "ਦੇਖੋ



ਉਧਰ ਇਕ ਮੁਸਲਮਾਨ ਹੈ।" 'ਦਿ ਬੋਸਟਨ ਗਲੋਬ' ਵਿੱਚ ਲਿਖੇ ਆਪਣੇ ਤਜਰਬੇ ਬਾਰੇ ਹਰਮਨ ਸਿੰਘ ਨੇ ਕਿਹਾ, "ਉਹ ਵਿਅਕਤੀ ਸਟੋਰ ਵਿੱਚ ਵੀ ਮੇਰੇ ਮਗਰ ਘੁੰਮਦਾ ਰਿਹਾ ਅਤੇ ਪੁੱਛਦਾ ਰਿਹਾ ਕਿ ਮੈਂ ਕਿਹੜੀ ਥਾਂ ਨਾਲ ਸਬੰਧਤ ਹਾਂ। ਸਟੋਰ ਵਿੱਚ ਕਿਸੇ ਨੇ ਵੀ ਉਸ ਨੂੰ ਨਹੀਂ ਰੋਕਿਆ। ਇਸ ਦੌਰਾਨ ਮੈਂ ਸਾਰਾ ਸਮਾਂ ਫੋਨ ਉਤੇ ਆਪਣੀ ਮਾਂ ਨਾਲ ਗੱਲ ਕਰਦਾ ਰਿਹਾ ਅਤੇ ਅਸੀਂ ਦੋਵੇਂ (ਮੈਂ ਤੇ ਮੇਰੀ ਮਾਂ) ਕਾਫ਼ੀ ਡਰ ਗਏ ਸਾਂ ਕਿਉਂਕਿ ਉਹ ਵਿਅਕਤੀ ਮੇਰੇ ਤੋਂ ਕੁਝ ਇੰਚ ਹੀ ਦੂਰ ਖੜ੍ਹਾ ਸੀ।" ਬਫਲੋ (ਨਿਊਯਾਰਕ) ਨਾਲ ਸਬੰਧਤ ਹਰਮਨ ਸਿੰਘ ਨੇ ਕਿਹਾ ਕਿ ਉਹ ਵਿਅਕਤੀ ਸਟੋਰ ਤੋਂ ਬਾਹਰ ਨਿਕਲਣ ਤੱਕ ਉਸ ਦੇ ਮਗਰ ਪਿਆ ਰਿਹਾ। ਉਸ ਨੇ ਲਿਖਿਆ ਕਿ "ਮੈਂ ਉਸ ਨੂੰ ਦੱਸਿਆ ਕਿ ਮੈਂ ਨਿਊਯਾਰਕ ਤੋਂ ਹਾਂ ਅਤੇ ਇੱਥੇ ਹੀ ਰਹਿੰਦਾ ਹਾਂ। ਜੇ ਉਸ ਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਮੈਂ ਮਦਦ ਕਰ ਸਕਦਾ ਹਾਂ।" ਇਸ ਮਗਰੋਂ ਉਸ ਵਿਅਕਤੀ ਨੇ ਕੋਈ ਜਵਾਬ ਨਾ ਦਿੱਤਾ ਅਤੇ ਹਰਮਨ ਸਿੰਘ ਕਾਹਲੀ ਨਾਲ ਸਟੋਰ ਵਿੱਚੋਂ ਨਿਕਲ ਗਿਆ।

# ਐਮੀ ਬੇਰਾ ਦੀ ਤੀਜੀ ਵਾਰ ਅਮਰੀਕੀ ਪ੍ਰਤੀਨਿਧ ਸਭਾ ਲਈ ਚੋਣ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤ-ਅਮਰੀਕੀ ਐਮੀ ਬੇਰਾ (51) ਲਗਾਤਾਰ ਤੀਜੀ ਵਾਰ ਅਮਰੀਕੀ ਪ੍ਰਤੀਨਿਧ ਸਭਾ ਲਈ ਚੁਣੇ ਗਏ। ਸ੍ਰੀ ਬੇਰਾ ਸਮੇਤ ਪੰਜ ਭਾਰਤੀ-ਅਮਰੀਕੀ ਸਿਆਸਤਦਾਨ ਕਾਂਗਰਸ ਲਈ ਚੁਣੇ ਜਾ ਚੁੱਕੇ ਹਨ। ਇਲੀਨੋਇ ਤੋਂ ਰਾਜਾ ਕ੍ਰਿਸ਼ਨਾਮੂਰਤੀ, ਵਾਸ਼ਿੰਗਟਨ ਤੋਂ ਪ੍ਰਮਿਲਾ ਜਯਾਪਾਲ ਅਤੇ ਕੈਲੀਫੋਰਨੀਆ ਤੋਂ ਰੋ ਖੰਨਾ ਜੇਤੂ ਰਹੇ ਹਨ, ਜਦੋਂ ਕਿ ਕਮਲਾ ਹੈਰਿਸ ਅਮਰੀਕੀ ਸੈਨੇਟ ਲਈ ਚੁਣੀ ਗਈ ਹੈ। ਸ੍ਰੀ ਬੇਰਾ ਨੇ ਰਿਪਬਲਿਕਨ ਪਾਰਟੀ ਦੇ ਸੈਕਰਾਮੈਂਟੋ ਕਾਊਂਟੀ ਦੇ ਸ਼ੈਰਿਫ਼ ਸਕੌਟ ਜੋਨਜ਼ ਨੂੰ ਫਸਵੇਂ ਮੁਕਾਬਲੇ ਵਿੱਚ ਹਰਾਇਆ। ਇਸ ਤੋਂ ਪਹਿਲਾਂ ਭਾਰਤ-ਅਮਰੀਕੀ ਦਲੀਪ ਸਿੰਘ ਸੌਂਦ ਲਗਾਤਾਰ ਤਿੰਨ ਵਾਰ 1957 ਤੋਂ 1963 ਵਿਚਕਾਰ ਕਾਂਗਰਸ ਲਈ ਚੁਣੇ ਗਏ ਸਨ।



# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿਟਸਬਰਗ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਪਿਟਸਬਰਗ/ਬਿਊਰੋ ਨਿਊਜ਼ :** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ 2150 Crestview Drive, Pittsburg, CA 94565 ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪਰਵਿੰਦਰ ਪ੍ਰਵਾਨਾ ਨੇ ਇਸ ਦਾ ਮੰਚ ਸੰਚਾਲਨ ਕੀਤਾ। ਧਾਰਮਿਕ ਕਵੀ ਦਰਬਾਰ ਵਿਚ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸੰਗਤਾਂ ਨੇ ਮੰਤਰ ਮੁਗਧ ਹੋ ਕੇ ਪ੍ਰੋਗਰਾਮ ਦਾ ਆਨੰਦ ਮਾਣਿਆ। ਪ੍ਰਬੰਧਕਾਂ ਵਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਧਾਰਮਿਕ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਈ 510-781-0487 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਕੈਂਸਰ ਤੇ ਬੱਚਿਆਂ ਦੇ ਹਸਪਤਾਲ ਲਈ ਵਿੱਤੀ ਮਦਦ

**ਸਿਆਟਲ/ਬਿਊਰੋ ਨਿਊਜ਼ :**
ਮਨੁੱਖਤਾ ਤੇ ਸਮਾਜ ਦੀ ਸੇਵਾ ਭਾਵਨਾ ਨਾਲ ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਦਯਾਬੀਰ ਸਿੰਘ 'ਪਿੰਟੂ ਬਾਠ', ਮਨਮੋਹਨ ਸਿੰਘ ਧਾਲੀਵਾਲ ਤੇ ਬਲਜੀਤ ਸਿੰਘ ਸੋਹਲ ਨੇ ਬੱਚਿਆਂ ਦੇ ਹਸਪਤਾਲ, ਸਿਆਟਲ ਵਾਸਤੇ 10,000 ਡਾਲਰ ਤੇ ਕੈਂਸਰ ਰਿਸਰਚ ਸੈਂਟਰ ਸਿਆਟਲ ਵਾਸਤੇ 5000 ਡਾਲਰ ਦਾ ਚੈੱਕ ਭੇਟ ਕੀਤਾ। ਸਮੁੱਚੇ ਪੰਜਾਬੀ ਭਾਈਚਾਰੇ ਨੇ ਇਸ ਉਦਮ ਦੀ ਸ਼ਲਾਘਾ ਕੀਤੀ ਹੈ। ਪਿੰਟੂ ਬਾਠ ਨੇ ਦੱਸਿਆ ਕਿ ਸਿਆਟਲ ਵਿਚ ਗੁਰਦਾਸ ਮਾਨ ਦੇ ਸ਼ੋਅ ਤੋਂ ਬਚੀ ਰਕਮ ਸਿਆਟਲ ਦੇ ਹਸਪਤਾਲ ਨੂੰ ਭੇਟ ਕੀਤੀ ਗਈ ਤਾਂ ਜੋ ਗਰੀਬ ਤੇ ਲੋੜਵੰਦ ਮਰੀਜ਼ਾਂ ਦੀ ਸੇਵਾ ਕੀਤੀ ਜਾ ਸਕੇ।




ਦਯਾਬੀਰ ਸਿੰਘ ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ ਤੇ ਬਲਜੀਤ ਸਿੰਘ ਸੋਹਲ ਚੈੱਕ ਭੇਟ ਕਰਦੇ ਹੋਏ।

# ਦਿੱਲੀ 'ਚ ਹੋਏ ਸਿੱਖ ਕਤਲੇਆਮ ਦੇ ਅੱਠ ਹੋਰ ਕੇਸਾਂ ਦੀ ਮੁੜ ਜਾਂਚ ਹੋਵੇਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਲ 1984 ਦੌਰਾਨ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਅੱਠ ਹੋਰ ਕੇਸਾਂ ਦੀ ਮੁੜ ਜਾਂਚ ਕਰੇਗੀ, ਜਿਸ ਨਾਲ ਮੁੜ ਜਾਂਚ ਹੋਣ ਵਾਲੇ ਕੇਸਾਂ ਦੀ ਗਿਣਤੀ 58 ਹੋ ਜਾਵੇਗੀ। ਕੇਂਦਰ ਸਰਕਾਰ ਦਾ ਇਹ ਫ਼ੈਸਲਾ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਆਇਆ, ਜਿਥੇ ਅਕਾਲੀ-ਭਾਜਪਾ ਗੱਠਜੋੜ ਦਸ ਸਾਲ ਤੋਂ ਸੱਤਾ ਵਿੱਚ ਹੋਣ ਦੇ ਬਾਵਜੂਦ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ 30 ਜੁਲਾਈ ਨੂੰ ਅਜਿਹੇ 22 ਕੇਸ ਅਤੇ ਅਗਸਤ ਮਹੀਨੇ 28 ਹੋਰ ਕੇਸ ਮੁੜ ਜਾਂਚ ਲਈ ਐਸਆਈਟੀ ਨੂੰ ਸੌਂਪੇ ਸਨ। ਸਿੱਖ ਕਤਲੇਆਮ ਸਬੰਧੀ ਦਿੱਲੀ ਵਿੱਚ 650 ਕੇਸ ਦਰਜ ਕੀਤੇ ਗਏ ਸਨ। ਇਸ ਦੌਰਾਨ 3325 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚੋਂ 2733 ਮੌਤਾਂ ਦਿੱਲੀ ਵਿੱਚ ਹੀ ਹੋਈਆਂ ਸਨ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰਨਾਂ ਵਿੱਚ ਸੂਬਿਆਂ ਵਿੱਚ ਵੀ ਦੰਗੇ ਭੜਕੇ ਸਨ। ਦਿੱਲੀ ਪੁਲੀਸ ਹੁਣ ਤੱਕ ਸਬੂਤਾਂ ਦੀ ਘਾਟ ਕਾਰਨ 241 ਕੇਸ ਬੰਦ ਕਰ ਚੁੱਕੀ ਹੈ। ਜਸਟਿਸ ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਚਾਰ ਕੇਸ ਮੁੜ ਖੋਲ੍ਹੇ ਗਏ ਸਨ ਪਰ ਭਾਜਪਾ ਸਾਰੇ ਕੇਸਾਂ ਦੀ ਮੁੜ ਜਾਂਚ ਕਰਵਾਉਣਾ ਚਾਹੁੰਦੀ ਹੈ। ਸੀਬੀਆਈ ਨੇ ਕੇਵਲ ਚਾਰ ਕੇਸਾਂ ਨੂੰ ਮੁੜ ਖੋਲ੍ਹਿਆ ਅਤੇ ਮੁੜ ਜਾਂਚ ਕੀਤੀ ਹੈ।


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਅਵਤਾਰ ਸਿੰਘ ਝੂਟੀ ਦਾ ਦੇਹਾਂਤ
### ਅੰਤਿਮ ਰਸਮਾਂ ਅਤੇ ਅਰਦਾਸ 25 ਨਵੰਬਰ, ਸ਼ੁੱਕਰਵਾਰ ਨੂੰ

**ਯੂਬਾ ਸਿਟੀ/ਬਿਊਰੋ ਨਿਊਜ਼ :** ਇਥੋਂ ਦੇ ਸਿੱਖ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖ਼ਸੀਅਤ ਅਵਤਾਰ ਸਿੰਘ ਝੂਟੀ (ਤਾਰੀ) ਦਾ ਐਤਵਾਰ 20 ਨਵੰਬਰ ਨੂੰ ਦੇਹਾਂਤ ਹੋ ਗਿਆ। ਉਹ 60 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਜਨਮ ਹੁਸ਼ਿਆਰਪੁਰ ਦੇ ਪਿੰਡ ਚੱਬੇਵਾਲ ਵਿਚ ਹੋਇਆ ਸੀ ਤੇ ਉਹ 1981 ਵਿਚ ਹੀ ਯੂਬਾ ਸਿਟੀ ਆ ਗਏ ਸਨ। ਉਹ ਆਪਣੇ ਪਿਛੇ ਆਪਣੀ ਪਤਨੀ ਕਮਲਜੀਤ ਕੌਰ ਝੂਟੀ ਤੇ ਦੋ ਪੁੱਤਰ ਮਾਈਕ ਸਿੰਘ ਝੂਟੀ ਤੇ ਹਰਮਨ ਸਿੰਘ ਝੂਟੀ ਛੱਡ ਗਏ ਹਨ।



ਅਵਤਾਰ ਸਿੰਘ ਪਰਿਵਾਰ ਅਤੇ ਦੋਸਤਾਂ ਲਈ ਪ੍ਰੇਰਣਾ ਸਰੋਤ ਸਨ ਪਰ ਨਾਲੋ-ਨਾਲ ਉਹ ਬਹੁਤ ਹੀ ਨਿਮਰ, ਮੋਹ ਭਿੱਜੇ, ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲੇ ਅਤੇ ਆਪਣੇ ਭਾਈਚਾਰੇ ਦਾ ਆਦਰ-ਮਾਣ ਕਰਨ ਵਾਲੇ ਸਨ। ਉਨ੍ਹਾਂ ਦੇ ਤੁਰ ਜਾਣ 'ਤੇ ਉਨ੍ਹਾਂ ਦੀ ਮਾਤਾ ਸਵਰਨ ਕੌਰ ਝੂਟੀ, ਭਰਾਵਾਂ ਤੇ ਭੈਣਾਂ ਤੇ ਪਰਿਵਾਰਕ ਮੈਂਬਰਾਂ ਨੂੰ ਬਹੁਤ ਵੱਡਾ ਸਦਮਾ ਲੱਗਾ ਹੈ। ਉਨ੍ਹਾਂ ਦੀਆਂ ਅੰਤਿਮ ਰਸਮਾਂ 25 ਨਵੰਬਰ ਦਿਨ ਸ਼ੁੱਕਰਵਾਰ ਨੂੰ ਚੈਪਲ ਆਫ਼ ਦੀ ਟਵਿਨ ਸਿਟੀ 715 Shasta St, Yuba City, CA 95991 ਵਿਖੇ ਸਵੇਰੇ 11 : 00 ਵਜੇ ਹੋਣਗੀਆਂ। ਇਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਸਿੱਖ ਟੈਂਪਲ 2269 Bogue Rd, Yuba City, CA 95993 ਵਿਚ ਉਨ੍ਹਾਂ ਨਮਿਤ ਅੰਤਿਮ ਅਰਦਾਸ ਹੋਵੇਗੀ।

## '84 ਸਿੱਖ ਕਤਲੇਆਮ : ਟਾਈਟਲਰ ਤੋਂ 4 ਘੰਟੇ ਪੁੱਛਗਿੱਛ

**ਨਵੀਂ ਦਿੱਲੀ/ਬਿਊਰੋ ਨਿਊਜ਼ :** 1984 ਦੇ ਸਿੱਖ ਕਤਲੇਆਮ ਨਾਲ ਸੰਬੰਧਤ ਇਕ ਮਾਮਲੇ ਵਿਚ ਸੀ.ਬੀ.ਆਈ. ਨੇ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਤੋਂ 4 ਘੰਟੇ ਪੁੱਛਗਿੱਛ ਕੀਤੀ ਹੈ। ਜਾਂਚ ਏਜੰਸੀ ਸਾਹਮਣੇ ਪੇਸ਼ ਹੋਏ ਟਾਈਟਲਰ ਨੇ ਪੁੱਛਗਿੱਛ ਦੌਰਾਨ ਕਤਲੇਆਮ ਵਿਚ ਆਪਣੀ ਕੋਈ ਵੀ ਭੂਮਿਕਾ ਹੋਣ ਤੋਂ ਇਨਕਾਰ ਕੀਤਾ ਹੈ। ਸੀ.ਬੀ.ਆਈ. ਦੇ ਅਧਿਕਾਰੀਆਂ ਨੇ ਦੱਸਿਆ ਕਿ ਟਾਈਟਲਰ ਖ਼ਿਲਾਫ ਇਸ ਮਾਮਲੇ ਦੇ ਮੁੱਖ ਗਵਾਹ ਦੇ ਕੈਨੇਡਾ ਵਿਚ ਰਹਿੰਦੇ ਬੇਟੇ ਨਰਿੰਦਰ ਸਿੰਘ ਨਾਲ ਉਨ੍ਹਾਂ ਦੀ ਗੱਲਬਾਤ ਹੋਈ ਸੀ ਪਰ ਉਸ ਨੇ ਜਾਂਚ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਮਾਮਲਾ ਉੱਤਰੀ ਦਿੱਲੀ ਦੇ ਪੁਲਬੰਗਸ਼ ਗੁਰਦੁਆਰੇ ਵਿਚ 1 ਨਵੰਬਰ ਨੂੰ ਹੋਈ ਹਿੰਸਾ ਨਾਲ ਸੰਬੰਧਤ ਹੈ, ਜਿਥੇ 3 ਸਿੱਖਾਂ ਬਾਦਲ ਸਿੰਘ, ਠਾਕੁਰ ਸਿੰਘ ਤੇ ਗੁਰਬਚਨ ਸਿੰਘ ਦੀ ਹੱਤਿਆ ਹੋਈ ਸੀ। 2007 ਤੋਂ ਲੈ ਕੇ ਹੁਣ ਜਾਂਚ ਏਜੰਸੀ 3 ਵਾਰ ਇਸ ਮਾਮਲੇ ਦੀ ਕਲੋਜ਼ਰ ਰਿਪੋਰਟ ਸੌਂਪ ਚੁੱਕੀ ਹੈ। ਸੀ.ਬੀ.ਆਈ. ਨੇ ਵਿਸ਼ੇਸ਼ ਅਦਾਲਤ ਤੋਂ ਇਸ ਮਾਮਲੇ ਦੀ ਜਾਂਚ ਪੂਰੀ ਕਰਨ ਲਈ 4 ਮਹੀਨੇ ਦਾ ਸਮਾਂ ਮੰਗਿਆ ਹੈ।



## ਭਾਰਤੀ ਮੂਲ ਦੀ ਮੁਸਲਿਮ ਔਰਤ ਨੇ ਸਥਾਨਕ ਚੋਣ ਜਿੱਤੀ

**ਵਾਸ਼ਿੰਗਟਨ/ਬਿਊਰੋ ਨਿਊਜ਼:** ਇਕ ਮੁਸਲਿਮ ਅਮਰੀਕੀ ਔਰਤ ਰਾਹੀਲਾ ਅਹਿਮਦ ਨੇ ਮੈਰੀਲੈਂਡ ਦੇ ਪ੍ਰਿੰਸ ਜਾਰਜ ਕਾਊਂਟੀ 'ਚ ਸਕੂਲ ਬੋਰਡ ਦੀ ਸਥਾਨਕ ਚੋਣ 'ਚ ਜਿੱਤ ਦਰਜ ਕੀਤੀ ਹੈ । ਭਾਰਤੀ ਤੇ ਪਾਕਿਸਤਾਨੀ ਮਾਪਿਆਂ ਦੀ ਧੀ ਰਾਹੀਲਾ ਨੇ ਉਸ ਇਲਾਕੇ 'ਚ ਚੋਣ ਜਿੱਤੀ ਹੈ ਜਿਥੇ ਪ੍ਰਵਾਸੀ-ਵਿਰੋਧੀ ਅਤੇ ਮੁਸਲਿਮ ਵਿਰੋਧੀ ਬਿਆਨਬਾਜ਼ੀ ਦਾ ਬੋਲਬਾਲਾ ਸੀ ।23 ਸਾਲਾ ਰਾਹੀਲਾ ਅਹਿਮਦ ਨੇ ਲੰਬੇ ਸਮੇਂ ਤੋਂ ਪ੍ਰਸ਼ਾਸਨ ਸੰਭਾਲ ਰਹੇ ਵਿਅਕਤੀ ਨੂੰ 15 ਫੀਸਦੀ ਵੋਟਾਂ ਦੇ ਅੰਤਰ ਨਾਲ ਹਰਾਇਆ ।ਰਾਹੀਲਾ ਦੇ ਪਿਤਾ ਭਾਰਤੀ ਮੂਲ ਦੇ ਅਤੇ ਮਾਂ ਪਾਕਿਸਤਾਨ ਤੋਂ ਹੈ। ਜਿੱਤ ਨੂੰ ਇਸ ਲਈ ਵੀ ਵੱਡੀ ਮੰਨਿਆਂ ਜਾ ਰਿਹਾ ਹੈ ਕਿਉਂਕਿ ਇਸ ਜ਼ਿਦੀ 80 ਫੀਸਦੀ ਆਬਾਦੀ ਅਫਰੀਕੀ-ਅਮਰੀਕੀ ਹੈ।



## ਮਨੀਲਾ ਵਿਚ ਪੰਜਾਬੀ ਜੋੜੇ ਦੀ ਗੋਲੀਆਂ ਮਾਰ ਕੇ ਹੱਤਿਆ

**ਅਜੀਤਵਾਲ/ਬਿਊਰੋ ਨਿਊਜ਼ :** ਮਨੀਲਾ ਵਿਚ ਪੰਜਾਬੀ ਜੋੜੇ ਨੂੰ ਬਾਈਕ ਸਵਾਰਾਂ ਨੇ ਗੱਡੀ ਦੇ ਬਰਾਬਰ ਲਗਾ ਕੇ ਗੋਲੀਆਂ ਦੀ ਬੁਛਾੜ ਕਰਕੇ ਮਾਰ ਦਿੱਤਾ। ਇਸ ਘਟਨਾ ਦੇ ਅਸਲੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪਰਿਵਾਰਕ ਜਾਣਕਾਰੀ ਅਨੁਸਾਰ ਡਾਕਟਰ ਪਰਮਜੀਤ ਹੇਰਾਂ ਦੇ ਚਾਚੇ ਦੀ ਲੜਕੀ ਜਸਵਿੰਦਰ ਕੌਰ ਅਤੇ ਉਸ ਦਾ ਪਤੀ ਭਗਵੰਤ ਸਿੰਘ ਵਾਸੀ ਦਾਇਆ ਕਲਾਂ 2005 ਤੋਂ ਮਨੀਲਾ ਵਿਚ ਰਹਿ ਰਹੇ ਸਨ ਅਤੇ ਰੁਪਈਆਂ ਦੇ ਲੈਣ-ਦੇਣ ਦਾ ਕੰਮ ਕਰਦੇ ਸਨ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਗੱਡੀ 'ਤੇ ਉਹ ਘਰ ਤੋਂ ਕੰਮ 'ਤੇ ਜਾ ਰਹੇ ਸਨ ਤੇ ਦੋ ਮੋਟਰ ਸਾਈਕਲ ਸਵਾਰਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।



ਬਾਕੀ ਸਫ਼ਾ 32 'ਤੇ

## ਡਾ. ਗੁਰਨਾਮ ਸਿੰਘ ਵਲੋਂ ਵੱਖ ਵੱਖ ਗੁਰੂ ਘਰਾਂ ਵਿਖੇ ਕੀਰਤਨ 17 ਤੋਂ 27 ਨਵੰਬਰ

**ਲਾਸ ਏਂਜਲਸ/ਬਿਊਰੋ ਨਿਊਜ਼:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਅਕੈਡਮਿਕ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਤੇ ਹੈੱਡ ਡਾ. ਗੁਰਨਾਮ ਸਿੰਘ, ਜੋ ਲੰਮੇ ਸਮੇਂ ਤੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਯਤਨਸ਼ੀਲ ਹਨ, ਇਸ ਸਮੇਂ ਵਿਸ਼ੇਸ਼ ਦੌਰੇ ਹਨ, 17 ਤੋਂ ਨਵੰਬਰ ਤੱਕ ਸਾਊਦਰਨ ਕੈਲੀਫੋਰਨੀਆ ਦੇ ਵੱਖ ਵੱਖ ਗੁਰੂ ਘਰਾਂ ਵਿਚ ਗੁਰਮਤਿ ਸੰਗੀਤ ਪ੍ਰੰਪਰਾ ਅਨੁਸਾਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਉਲੀਕੇ ਪ੍ਰੋਗਰਾਮ ਅਨੁਸਾਰ ਉਹ 18 ਨਵੰਬਰ ਸ਼ੁਕਰਵਾਰ ਨੂੰ ਸਿੱਖ ਗੁਰਦੁਆਰਾ, ਲੈਂਕਰਸ਼ਿਪ, 19 ਨਵੰਬਰ ਨੂੰ ਸਵੇਰੇ ਗੁਰਦੁਆਰਾ ਰਾਮਦਾਸ ਦਰਬਾਰ ਲਾਸ ਏਜਲਸ ਅਤੇ ਸ਼ਾਮ ਨੂੰ ਗੁਰਦੁਆਰਾ ਰਿਵਰਸਾਈਡ, 20 ਨਵੰਬਰ ਨੂੰ ਗੁਰਦੁਆਰਾ ਸਿੰਘ ਸਭਾ ਬਿਓਨਾ ਪਾਰਕ, 23 ਨਵੰਬਰ ਬੁੱਧਵਾਰ ਨੂੰ ਗੁਰਦੁਆਰਾ ਗੁਰੂ ਅੰਗਦ ਦਰਬਾਰ, ਬੇਕਰਸਫੀਲਡ ਅਤੇ 24, 25 ਅਤੇ 27 ਨਵੰਬਰ ਨੂੰ ਗੁਰਦੁਆਰਾ ਨਾਨਕ ਸਦਨ ਨੌਰਥ ਹਿਲਸ ਵਿਖੇ ਗੁਰਮਤਿ ਸੰਗੀਤ ਅਧਾਰਿਤ ਕੀਰਤਨ ਦੀ ਪ੍ਰਸੁਤਤੀ ਕਰਨਗੇ।



ਇਸ ਤੋਂ ਇਲਾਵਾ ਡਾ. ਗੁਰਨਾਮ ਸਿੰਘ ਜੀ ਨਾਨਕ ਸਦਨ ਗੁਰਮਤਿ ਅਕੈਡਮੀ ਵੱਲੋਂ ਕਰਵਾਏ ਜਾ ਰਹੀ ਦਸਤਾਰ ਦੁਮਾਲਾ ਅਤੇ ਗੁਰਮਤਿ ਸੰਗੀਤ ਪ੍ਰਤੀਯੋਗਤਾ ਵਿਚ ਵਿਸ਼ੇਸ਼ ਤੌਰ ਤੇ ਬਤੌਰ ਮੁੱਖ ਮਹਿਮਾਨ ਹਾਜ਼ਰੀ ਭਰਨਗੇ ਅਤੇ ਪ੍ਰਤੀਯੋਗੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਪ੍ਰਬੰਧਕਾਂ ਵਲੋਂ ਸਾਰੀਆਂ ਸੰਗਤਾਂ ਡਾ. ਗੁਰਨਾਮ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਇਸ ਵਿਸ਼ੇਸ਼ ਉਪਰਾਲੇ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।










# ਸਿੱਧੂ ਦੀ 'ਆਵਾਜ਼-ਏ-ਪੰਜਾਬ' ਦੀ ਨਿਕਲੀ ਫੂਕ

## ਬੈਂਸ ਭਰਾ ਹੋਏ 'ਆਪ' ਵਿਚ ਸ਼ਾਮਲ, ਪੰਜ ਸੀਟਾਂ 'ਤੇ ਲੜੇਗੀ ਲੋਕ ਇਨਸਾਫ਼ ਪਾਰਟੀ



**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਅਚਾਨਕ ਬੁਲੰਦ ਹੋਈ ਨਵਜੋਤ ਸਿੰਘ ਸਿੱਧੂ ਦੀ 'ਆਵਾਜ਼-ਏ-ਪੰਜਾਬ' 73 ਦਿਨਾਂ ਵਿਚ ਹੀ ਦੱਬ ਗਈ। ਇਸ ਮੋਰਚੇ ਦੇ ਦੋ ਅਹਿਮ ਨੇਤਾਵਾਂ ਬਲਵਿੰਦਰ ਬੈਂਸ ਅਤੇ ਸਿਮਰਜੀਤ ਬੈਂਸ ਨੇ ਸਿੱਧੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਨਾਲ ਗਠਜੋੜ ਕਰ ਲਿਆ ਹੈ। ਇਸ ਗਠਜੋੜ ਤਹਿਤ ਬੈਂਸ ਭਰਾ ਆਪਣੀ ਲੋਕ ਇਨਸਾਫ ਪਾਰਟੀ ਦੇ ਬੈਨਰ ਹੇਠ ਚੋਣ ਮੈਦਾਨ ਵਿਚ ਉਤਰਨਗੇ ਤੇ ਉਨ੍ਹਾਂ ਵਲੋਂ ਆਪਣੀ ਪਾਰਟੀ ਲਈ 6 ਸੀਟਾਂ ਦੀ ਮੰਗ ਰੱਖੀ ਗਈ ਸੀ, ਜਿਸ 'ਤੇ ਆਮ ਆਦਮੀ ਪਾਰਟੀ ਵੱਲੋਂ ਉਸ ਨੂੰ ਪੰਜ ਸੀਟਾਂ ਦਿੱਤੀਆਂ ਗਈਆਂ ਹਨ। ਇਸ ਸਬੰਧੀ ਫੈਸਲਾ ਬੈਂਸ ਭਰਾਵਾਂ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ। ਗਠਜੋੜ ਤਹਿਤ ਲੋਕ ਇਨਸਾਫ਼ ਪਾਰਟੀ ਨੂੰ ਪੰਜ ਸੀਟਾਂ ਦਿੱਤੀਆਂ ਗਈਆਂ ਹਨ। ਸੂਤਰਾਂ ਮੁਤਾਬਕ ਲੋਕ ਇਨਸਾਫ਼ ਪਾਰਟੀ ਲੁਧਿਆਣਾ ਦੀਆਂ ਚਾਰ ਅਤੇ ਸੰਗਰੂਰ ਜ਼ਿਲ੍ਹੇ ਦੀ ਅਮਰਗੜ੍ਹ ਸੀਟ ਤੋਂ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰਨਗੇ। ਲੁਧਿਆਣਾ ਦੀ ਆਤਮ ਨਗਰ ਸੀਟ ਤੋਂ ਸਿਮਰਜੀਤ ਸਿੰਘ ਬੈਂਸ ਅਤੇ ਲੁਧਿਆਣਾ (ਦੱਖਣੀ) ਤੋਂ ਬਲਵਿੰਦਰ ਸਿੰਘ ਬੈਂਸ ਚੋਣ ਲੜਨਗੇ। ਲੁਧਿਆਣਾ (ਕੇਂਦਰੀ) ਤੋਂ ਲੋਕ ਇਨਸਾਫ਼ ਪਾਰਟੀ ਵੱਲੋਂ ਕੌਂਸਲਰ ਗੁਰਪ੍ਰੀਤ ਸਿੰਘ ਖੁਰਾਣਾ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ। ਲੁਧਿਆਣਾ (ਨੌਰਥ) ਤੋਂ ਕੌਂਸਲਰ ਰਣਧੀਰ ਸਿੰਘ ਸਿਬੀਆ ਨੂੰ ਟਿਕਟ ਮਿਲ ਸਕਦੀ ਹੈ।

ਉਧਰ ਨਵਜੋਤ ਸਿੰਘ ਸਿੱਧੂ ਤੇ ਪ੍ਰਗਟ ਸਿੰਘ ਵੀ ਇਕ-ਦੋ ਦਿਨਾਂ ਵਿਚ ਕਾਂਗਰਸ ਦਾ ਹੱਥ ਫੜ੍ਹ ਸਕਦੇ ਹਨ। ਬੈਂਸ ਭਰਾਵਾਂ ਦੇ ਵੱਖ ਹੋਣ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਤੇ ਪ੍ਰਗਟ ਸਿੰਘ ਕੋਲ ਕਾਂਗਰਸ ਹੀ ਇਕੋ-ਇਕ ਬਦਲ ਦੱਸਿਆ ਜਾ ਰਿਹਾ ਹੈ ਤੇ ਦੋਵਾਂ ਦੀ ਕਾਂਗਰਸ ਵਿਚ ਸ਼ਮੂਲੀਅਤ ਕਿਸੇ ਵੀ ਵੇਲੇ ਸੰਭਵ ਹੈ। ਦੋਵੇਂ ਦਿੱਲੀ ਵਿਚ ਕਾਂਗਰਸ ਦੇ ਉੱਚ ਆਗੂਆਂ ਦੇ ਸੰਪਰਕ ਵਿਚ ਦੱਸੇ ਜਾ ਰਹੇ ਹਨ ਤੇ ਇਹ ਵੀ ਪਤਾ ਲੱਗਾ ਹੈ ਕਿ ਕਾਂਗਰਸ ਜਿੱਥੇ ਨਵਜੋਤ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਹਲਕੇ ਤੋਂ ਲੋਕ ਸਭਾ ਚੋਣ ਲੜਾਉਣ 'ਤੇ ਸਹਿਮਤ ਹੋ ਗਈ ਹੈ, ਉੱਥੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਤੇ ਪ੍ਰਗਟ ਸਿੰਘ ਨੂੰ ਉਨ੍ਹਾਂ ਦੇ ਪੁਰਾਣੇ ਹਲਕਿਆਂ ਤੋਂ ਤੇ ਉਨ੍ਹਾਂ ਦੇ 2-3 ਹੋਰ ਸਾਥੀਆਂ ਨੂੰ ਵੀ ਸੀਟਾਂ ਦੇਣ ਲਈ ਹਾਮੀ ਭਰ ਰਹੀ ਹੈ। ਹਾਲਾਂਕਿ ਕਾਂਗਰਸ ਵਲੋਂ ਪ੍ਰਗਟ ਸਿੰਘ ਨੂੰ ਜਲੰਧਰ ਛਾਉਣੀ ਦੀ ਬਜਾਏ, ਨਕੋਦਰ, ਸ਼ਾਹਕੋਟ ਤੇ ਨਵਾਂਸ਼ਹਿਰ ਹਲਕਿਆਂ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਦੱਸੀ ਜਾ ਰਹੀ ਹੈ, ਪਰ ਸ. ਪ੍ਰਗਟ ਸਿੰਘ ਆਪਣੇ ਪੁਰਾਣੇ ਹਲਕੇ ਜਲੰਧਰ ਛਾਉਣੀ ਤੋਂ ਹੀ ਮੁੜ ਕਿਸਮਤ ਅਜ਼ਮਾਉਣ ਲਈ ਅੜੇ ਹੋਏ ਹਨ।

# 'ਆਪ' ਰੈਲੀ 'ਚ ਹੰਗਾਮਾ-ਮਾਨ ਨੂੰ ਅੱਧਾ ਘੰਟਾ ਬੋਲਣ ਨਹੀਂ ਦਿੱਤਾ

### ਕੇਜਰੀਵਾਲ ਦੇ ਆਉਣ 'ਤੇ ਵੀ ਨਹੀਂ ਮੰਨੇ

**ਨਿਹਾਲ ਸਿੰਘ ਵਾਲਾ/ਬਿਊਰੋ ਨਿਊਜ਼ :**

ਨਿਹਾਲ ਸਿੰਘ ਵਾਲਾ ਵਿਚ ਆਮ ਆਦਮੀ ਪਾਰਟੀ ਦੀ ਇਨਕਲਾਬ ਰੈਲੀ ਵਿਚ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਆਪਣੇ ਹੀ ਵਰਕਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਰੈਲੀ ਵਿਚ ਮੌਜੂਦ ਕਰੀਬ 3000 ਵਿਚੋਂ 2500 ਲੋਕ ਬਾਘਾਪੁਰਾਣਾ ਤੋਂ ਐਲਾਨੇ ਗਏ 'ਆਪ' ਉਮੀਦਵਾਰ ਗੁਰਵਿੰਦਰ ਸਿੰਘ ਕੰਗ ਦੇ ਵਿਰੋਧ ਵਿਚ ਪਹੁੰਚੇ ਸਨ। ਭਗਵੰਤ ਮਾਨ ਨੇ ਲੋਕਾਂ ਨੂੰ ਸਟੇਜ ਤੋਂ ਸਮਝਾਇਆ ਪਰ ਉਹ ਨਹੀਂ ਮੰਨੇ। ਕੇਜਰੀਵਾਲ ਜਦੋਂ ਪਹੁੰਚੇ ਤਾਂ ਹੰਗਾਮਾ ਵਧ ਗਿਆ ਪਰ ਉਨ੍ਹਾਂ ਨੇ ਇਸ ਨੂੰ ਨਜ਼ਰਅੰਦਾਜ਼ ਕਰਕੇ ਅਕਾਲੀ ਅਤੇ ਕਾਂਗਰਸ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਕੁੱਲ ਮਿਲਾ ਕੇ ਰੈਲੀ ਫਿੱਕੀ ਹੀ ਰਹੀ।

ਸੰਸਦ ਮੈਂਬਰ ਭਗਵੰਤ ਮਾਨ ਜਿਵੇਂ ਹੀ ਸਟੇਜ ਤੋਂ ਬੋਲਣ ਲੱਗੇ ਤਾਂ ਪੰਡਾਲ ਵਿਚ ਕੰਗ ਦੇ ਵਿਰੋਧ ਵਿਚ ਆਏ ਲੋਕ ਖੜ੍ਹੇ ਹੋ ਗਏ। ਸਾਰੇ ਕੰਗ ਅਤੇ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਖ਼ਿਲਾਫ਼ ਨਾਅਰੇਬਾਜ਼ੀ ਕਰਨ ਲੱਗੇ। ਪੰਡਾਲ ਵਿਚ ਲਾਲ ਰੰਗ ਨਾਲ ਕਰਾਸ ਲੱਗੀਆਂ ਕੰਗ ਤੇ ਫੂਲਕਾ ਦੀਆਂ ਤਸਵੀਰਾਂ ਵਾਲੇ ਬੈਨਰ ਲਹਿਰਾਉਂਦੇ ਰਹੇ। ਮਾਨ ਨੇ ਸਟੇਜ ਤੋਂ ਵਾਰ ਵਾਰ ਕਿਹਾ, ਸਾਰਿਆਂ ਟਿਕਟ ਦੇਣਾ ਸੰਭਵ ਨਹੀਂ, ਤੁਸੀਂ ਸ਼ਾਂਤ ਹੋ ਜਾਓ। ਪ੍ਰਦਰਸ਼ਨਕਾਰੀ ਨਹੀਂ ਮੰਨੇ। ਕਰੀਬ ਅੱਧਾ ਘੰਟਾ ਹੰਗਾਮਾਕਰਨ ਮਗਰੋਂ ਮਾਨ ਨੂੰ ਬੋਲਣ ਦਿੱਤਾ। ਰੈਲੀ ਵਿਚ ਕੇਜਰੀਵਾਲ 3 ਘੰਟੇ ਦੀ ਦੇਰੀ ਨਾਲ ਪਹੁੰਚੇ। ਉਨ੍ਹਾਂ ਦੇ ਆਉਣ 'ਤੇ ਹੰਗਾਮਾ ਹੋਰ ਵਧ ਗਿਆ। ਸਟੇਜ ਤੋਂ ਵਾਰ ਵਾਰ ਸ਼ਾਂਤ ਰਹਿਣ ਦੀ ਅਪੀਲ ਕੀਤੀ ਪਗਈ ਪਰ ਪ੍ਰਦਰਸ਼ਨਕਾਰੀ ਨਹੀਂ ਮੰਨੇ। ਪਹਿਲਾਂ ਤਾਂ ਕੇਜਰੀਵਾਲ ਹੜਬੜਾ ਗਏ ਪਰ ਉਨ੍ਹਾਂ ਨੇ ਵਿਰੋਧ 'ਤੇ ਕੋਈ ਟਿੱਪਣੀ ਨਹੀਂ ਕੀਤੀ ਤੇ ਭਾਸ਼ਣ ਸ਼ੁਰੂ ਕਰ ਦਿੱਤਾ। ਮਾਨ ਨੇ ਬਾਦਲ ਪਿਤਾ-ਪੁੱਤਰ ਤੇ ਮਜੀਠੀਆ 'ਤੇ ਤਵਾ ਲਾਉਂਦੇ ਹੋਏ ਕਿਹਾ, "ਬਾਦਲਾਂ ਨੇ ਟਰਾਂਸਪੋਰਟ, ਰੇਤਾ ਬਜਰੀ ਤੇ ਹੋਰ ਧੰਦਿਆਂ ਵਿਚ ਪੰਜਾਬ ਨੂੰ ਲੁਟਿਆ ਹੈ ਜਦਕਿ ਮਜੀਠੀਆ ਨੇ ਚਿੱਟਾ ਵੇਚ ਕੇ ਧਨ ਲਪੇਟਿਆ ਹੈ। ਮਾਨ ਨੇ ਕਿਹਾ, ਵੋਟ ਪਾਉਂਦੇ ਸਮੇਂ ਇਨ੍ਹਾਂ ਤੋਂ ਪੈਸੇ ਲੈ ਲਓ ਪਰ ਬਟਨ ਝਾੜੂ ਦਾ ਹੀ ਦੱਬਣਾ।

### ਰੈਲੀ 'ਚ ਪੁੱਜਣ ਤੋਂ ਪਹਿਲਾਂ ਵੀ ਕੇਜਰੀਵਾਲ ਦੀ ਗੱਡੀ ਰੋਕੀ

ਨਿਹਾਲ ਸਿੰਘ ਵਾਲਾ ਰੈਲੀ ਵਾਲੀ ਥਾਂ 'ਤੇ ਪਹੁੰਚਣ ਤੋਂ ਪਹਿਲਾਂ ਰਸਤੇ ਵਿਚ ਵੀ ਕੇਜਰੀਵਾਲ ਦੀ ਗੱਡੀ ਪਾਰਟੀ ਤੋਂ ਖ਼ਫ਼ਾ ਵਰਕਰਾਂ ਨੇ ਘੇਰ ਲਈ। ਕਾਰ ਉਤੇ ਮੁੱਕੇ ਤੇ ਲੱਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਥੇ ਮੌਜੂਦ ਪੁਲੀਸ ਵਾਲਿਆਂ ਨੇ ਉਨ੍ਹਾਂ ਨੂੰ ਹਟਾਇਆ। ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਮੋਗਾ ਦੇ ਐਸ.ਐਸ.ਪੀ. ਤੋਂ 24 ਘੰਟਿਆਂ ਅੰਦਰ ਰਿਪੋਰਟ ਮੰਗੀ ਹੈ।

# ਛੋਟੇਪੁਰ ਤੇ ਮਾਨ ਵਿਚਾਲੇ ਬੰਦ ਕਮਰਾ ਮੀਟਿੰਗ ਹੋਈ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਪੰਜਾਬ ਵਿੱਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ 'ਆਪ' ਸਮੇਤ ਹੋਰ ਵੱਖ-ਵੱਖ ਨਵੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸਭ ਦੀਆਂ ਨਜ਼ਰ ਵੱਖ-ਵੱਖ ਰਾਜਸੀ ਪਾਰਟੀਆਂ ਵਿਚੋਂ ਬਰਖ਼ਾਸਤ ਕੀਤੇ ਗਏ ਆਗੂਆਂ ਵੱਲੋਂ ਦੂਜੀਆਂ ਪਾਰਟੀਆਂ ਦੇ ਬਾਗੀਆਂ ਨਾਲ ਮਿਲ ਕੇ ਗਠਿਤ ਕੀਤੀਆਂ ਨਵੀਆਂ ਪਾਰਟੀਆਂ ਦੀ ਕਾਰਗੁਜ਼ਾਰੀ 'ਤੇ ਟਿਕੀਆਂ ਹੋਈਆਂ ਹਨ।



ਉਧਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬੀਤੇ ਦਿਨੀਂ ਇੱਥੋਂ ਦੇ ਫੇਜ਼-11 ਸਥਿਤ ਆਪਣਾ ਪੰਜਾਬ ਪਾਰਟੀ ਦੇ ਸੂਬਾਈ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਘਰ ਬੰਦ ਕਮਰਾ ਮੀਟਿੰਗ ਕੀਤੀ। ਭਾਵੇਂ ਲੰਮਾ ਚਿਰ ਚੱਲੀ ਇਸ ਮੀਟਿੰਗ ਦੇ ਵੇਰਵੇ ਜਨਤਕ ਨਹੀਂ ਹੋ ਕੀਤੇ ਗਏ ਹਨ ਪਰ ਸੂਤਰਾਂ ਦਾ ਕਹਿਣਾ ਹੈ ਕਿ ਦੋਵੇਂ ਆਗੂਆਂ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਬਾਰੇ ਚਰਚਾ ਹੋਈ ਅਤੇ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ 'ਆਪ' ਨੂੰ ਸਬਕ ਸਿਖਾਉਣ ਲਈ ਮਿਲ ਕੇ ਚੋਣਾਂ ਲੜਨ ਦੇ ਪਹਿਲੂ ਨੂੰ ਵਿਚਾਰਿਆ ਗਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਦੋਵਾਂ ਪਾਰਟੀਆਂ ਦੇ ਆਗੂਆਂ ਵਿੱਚ ਸਿਆਸੀ ਗੱਠਜੋੜ ਜਾਂ ਆਪਸ ਵਿੱਚ ਮਿਲ ਕੇ ਚੋਣਾਂ ਲੜਨ ਦੀ ਫਿਲਹਾਲ ਕੋਈ ਗੱਲ ਸਿਰੇ ਨਹੀਂ ਚੜ੍ਹੀ ਹੈ ਪਰ ਦੋਵਾਂ ਧਿਰਾਂ ਵੱਲੋਂ ਯਤਨ ਜਾਰੀ ਹਨ। ਮੀਟਿੰਗ ਵਿੱਚ ਸਰਬੱਤ ਖ਼ਾਲਸਾ ਬਾਰੇ ਵੀ ਗੱਲਬਾਤ ਹੋਈ ਹੈ। ਸੰਪਰਕ ਕਰਨ 'ਤੇ ਸੁੱਚਾ ਸਿੰਘ ਛੋਟੇਪੁਰ ਨੇ ਬੀਤੇ ਦਿਨੀਂ ਫੇਜ਼-11 ਸਥਿਤ ਉਨ੍ਹਾਂ ਦੇ ਘਰ ਵਿੱਚ ਸ੍ਰੀ ਮਾਨ ਨਾਲ ਮੀਟਿੰਗ ਹੋਣ ਦੀ ਗੱਲ ਮੰਨੀ ਹੈ। ਉਂਜ ਉਨ੍ਹਾਂ ਮੀਟਿੰਗ ਦੇ ਵੇਰਵੇ ਨਸ਼ਰ ਕਰਨ ਦੀ ਗੱਲ ਟਾਲਦਿਆਂ ਏਨਾ ਹੀ ਕਿਹਾ ਕਿ ਇਹ ਇੱਕ ਆਮ ਮੁਲਾਕਾਤ ਸੀ ਅਤੇ ਉਨ੍ਹਾਂ ਨੇ ਆਪਸ ਵਿੱਚ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਬੈਠ ਕੇ ਚਰਚਾ ਕੀਤੀ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਸ੍ਰੀ ਛੋਟੇਪੁਰ ਨਾਲ ਮੀਟਿੰਗ ਵਿੱਚ ਵਿਧਾਨ ਸਭਾ ਚੋਣਾਂ ਸਾਂਝੇ ਤੌਰ 'ਤੇ ਲੜਨ ਬਾਰੇ ਚਰਚਾ ਹੋਈ ਹੈ। ਭਾਵੇਂ ਮੀਟਿੰਗ ਵਿੱਚ ਕੋਈ ਠੋਸ ਫੈਸਲਾ ਨਹੀਂ ਲਿਆ ਗਿਆ ਹੈ ਪਰ ਆਉਣ ਵਾਲੇ ਸਮੇਂ ਵਿੱਚ ਇਸ ਦੇ ਚੰਗੇ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਦੱਸਿਆ ਕਿ ਸਰਬੱਤ ਖ਼ਾਲਸਾ ਦੇ ਮੁੱਦੇ 'ਤੇ ਵੀ ਚਰਚਾ ਹੋਈ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਸਾਰੀਆਂ ਧਿਰਾਂ ਸਿਰਫ਼ ਸਿਆਸੀ ਰੋਟੀਆਂ ਸੇਕਣ ਤੱਕ ਸੀਮਤ ਹਨ ਲੇਕਿਨ ਉਨ੍ਹਾਂ ਨੂੰ ਪੰਜਾਬ ਤੇ ਪੰਜਾਬ ਦੇ ਲੋਕਾਂ ਦੀ ਫ਼ਿਕਰ ਹੈ। ਨੋਟਬੰਦੀ ਬਾਰੇ ਸ੍ਰੀ ਮਾਨ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਗ਼ਰੀਬ ਬੁਰੀ ਤਰ੍ਹਾਂ ਪਿਸ ਗਿਆ ਹੈ।

## ਬੈਂਸ ਭਰਾਵਾਂ ਨੂੰ ਲੈ ਕੇ 'ਆਪ' ਵਿਚ ਬਗ਼ਾਵਤ

**ਲੁਧਿਆਣਾ/ਬਿਊਰੋ ਨਿਊਜ਼ :** ਬੈਂਸ ਭਰਾਵਾਂ ਦੇ ਆਮ ਆਦਮੀ ਪਾਰਟੀ ਦੇ ਗਠਜੋੜ ਖ਼ਿਲਾਫ਼ ਵੀ ਬਗ਼ਾਵਤ ਸ਼ੁਰੂ ਹੋ ਗਈ ਹੈ। 'ਆਪ' ਦੇ ਸੂਬਾਈ ਮੀਤ ਪ੍ਰਧਾਨ ਸੇਵਾਮੁਕਤ ਕਰਨਲ ਸੀ.ਐਮ. ਲਖਣਪਾਲ ਸਿੰਘ ਨੇ ਸਾਫ਼ ਕਿਹਾ ਕਿ ਬੈਂਸ ਭਰਾਵਾਂ ਨੂੰ ਪਾਰਟੀ ਵਿਚ ਲਿਆਉਣ ਖ਼ਿਲਾਫ਼ ਉਹ ਸ਼ੁਰੂ ਤੋਂ ਵਿਰੋਧ ਦਰਜ ਕਰਵਾਉਂਦੇ ਰਹੇ ਹਨ। ਵਾਲੰਟੀਅਰਾਂ ਦੇ ਜਜ਼ਬਾਤ ਨੂੰ ਲੈ ਕੇ ਇਕ ਕਮੇਟੀ ਤਿਆਰ ਕੀਤੀ ਗਈ ਹੈ ਜੋ ਕਿ ਆਉਣ ਵਾਲੇ ਦਿਨਾਂ ਵਿਚ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਮਿਲ ਕੇ ਇਸ ਫ਼ੈਸਲੇ ਨੂੰ ਵਾਪਸ ਲੈਣ ਲਈ ਕਹਿਣਗੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਹ ਪਾਰਟੀ ਲਈ ਕੰਮ ਨਹੀਂ ਕਰਨ ਦੀ ਬਜਾਏ ਚੁੱਪਚਾਪ ਘਰ ਬੈਠਣਾ ਜ਼ਿਆਦਾ ਪਸੰਦ ਕਰਨਗੇ। ਕਿਉਂਕਿ ਬੈਂਸ ਭਰਾਵਾਂ ਦੇ ਸਿਧਾਂਤ ਆਮ ਆਦਮੀ ਪਾਰਟੀ ਦੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੇ।

ਮੀਟਿੰਗ ਵਿਚ ਹਲਕਾ ਸੈਂਟਰ, ਦੱਖਣੀ, ਆਤਮ ਨਗਰ, ਪੂਰਬ, ਪੱਛਮ ਤੇ ਉਤਰ ਤੋਂ ਵਾਲੰਟੀਅਰ ਪਹੁੰਚੇ ਸਨ। ਸਾਰਿਆਂ ਨੇ ਕਿਹਾ, ਪਾਰਟੀ ਨੇ ਇਹ ਫ਼ੈਸਲਾ ਗ਼ਲਤ ਕੀਤਾ ਹੈ। ਦਿੱਲੀ ਤੋਂ ਆਉਣ ਵਾਲੇ ਨੇਤਾਵਾਂ ਨੇ ਸਾਫ਼ ਕਿਹਾ ਸੀ ਕਿ ਉਮੀਦਵਾਰ ਪਾਰਟੀ ਤੋਂ ਹੀ ਹੋਵੇਗਾ। ਹੁਣ ਪਾਰਟੀ ਕਿਉਂ ਬੈਂਸ ਭਰਾਵਾਂ ਨੂੰ ਆਪਣੇ ਨਾਲ ਜੋੜ ਰਹੀ ਹੈ। ਜੇਕਰ ਪਾਰਟੀ ਨੇ ਫ਼ੈਸਲਾ ਨਾ ਬਦਲਿਆ ਤਾਂ ਜਿਥੇ ਬੈਂਸ ਭਰਾਵਾਂ ਅਤੇ ਉਨ੍ਹਾਂ ਦੇ ਉਮੀਦਵਾਰ ਚੋਣ ਮੈਦਾਨ ਵਿਚ ਉਤਰਨਗੇ, ਉਨ੍ਹਾਂ ਸੀਟਾਂ 'ਤੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ।

## ਬੈਂਸ ਭਰਾਵਾਂ ਨਾਲ ਗਠਜੋੜ ਤੋਂ ਜਗਮੀਤ ਬਰਾੜ ਨਾਖ਼ੁਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** 'ਆਪ' ਵੱਲੋਂ ਲੁਧਿਆਣੇ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਦੀ ਲੋਕ ਇਨਸਾਫ਼ ਪਾਰਟੀ ਨਾਲ ਗਠਜੋੜ ਕਰਨ ਕਾਰਨ ਪਾਰਟੀ ਅੰਦਰ ਹੀ 'ਘੁਸਰ-ਮੁਸਰ' ਸ਼ੁਰੂ ਹੋ ਗਈ ਹੈ। ਪਾਰਟੀ ਲੀਡਰਸ਼ਿਪ ਪਹਿਲਾਂ ਪੀਪੀਪੀ ਦੇ ਮੁਖੀ ਮਨਪ੍ਰੀਤ ਬਾਦਲ ਅਤੇ ਸਾਬਕਾ ਕਾਂਗਰਸੀ ਆਗੂ ਜਗਮੀਤ ਬਰਾੜ ਨਾਲ ਚੋਣ ਗਠਜੋੜ ਕਰਨ ਲਈ ਤਿਆਰ ਨਹੀਂ ਹੋਈ ਸੀ।

ਪਾਰਟੀ ਨੇ ਜਦੋਂ ਸ੍ਰੀ ਬਰਾੜ ਨਾਲ ਗਠਜੋੜ ਕੀਤਾ ਸੀ ਤਾਂ ਉਸ ਵੇਲੇ ਕਿਹਾ ਸੀ ਕਿ ਇਹ ਗਠਜੋੜ ਮਹਿਜ਼ ਮੁੱਦਿਆਂ 'ਤੇ ਆਧਾਰਤ ਹੈ ਕਿਉਂਕਿ 'ਆਪ' ਦੇ ਸੰਵਿਧਾਨ ਮੁਤਾਬਕ ਉਹ ਕੋਈ ਸਿਆਸੀ ਗਠਜੋੜ ਨਹੀਂ ਕਰ ਸਕਦੀ। ਜਗਮੀਤ ਬਰਾੜ ਨੇ ਦੱਸਿਆ ਕਿ ਉਨ੍ਹਾਂ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਰਾਹੀਂ 'ਆਪ' ਨਾਲ ਹੱਥ ਮਿਲਾਇਆ ਹੈ। ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ (ਬਰਾੜ) ਨੂੰ ਸੁਨੇਹਾ ਦਿੱਤਾ ਸੀ ਕਿ ਉਹ 'ਆਪ' ਨਾਲ ਗਠਜੋੜ ਕਰ ਕੇ ਆਪਣੇ 8-10 ਆਗੂਆਂ ਨੂੰ ਚੋਣ ਲੜਾਉਣ ਲਈ ਤਿਆਰ ਕਰ ਲੈਣ। ਜਦੋਂ ਉਨ੍ਹਾਂ ਨੇ 'ਆਪ' ਨਾਲ ਸਾਂਝ ਪਾਈ ਸੀ ਤਾਂ ਉਸ ਵੇਲੇ ਸੰਸਦ ਮੈਂਬਰ ਭਗਵੰਤ ਮਾਨ ਸਮੇਤ ਹੋਰ ਆਗੂਆਂ ਨੇ ਕਿਹਾ ਸੀ ਕਿ ਸਿਧਾਂਤਾਂ ਅਨੁਸਾਰ ਕਿਸੇ ਧਿਰ ਨਾਲ ਸਿਆਸੀ ਗਠਜੋੜ ਕਰਨਾ ਸੰਭਵ ਨਹੀਂ ਹੈ। ਸ੍ਰੀ ਬਰਾੜ ਨੇ ਕਿਹਾ ਕਿ ਉਹ ਹੁਣ ਵੀ 'ਆਪ' ਨੂੰ ਬਿਨਾਂ ਸ਼ਰਤ ਹਮਾਇਤ ਦਿੰਦੇ ਰਹਿਣਗੇ। ਦੂਜੇ ਪਾਸੇ ਪਤਾ ਲੱਗਿਆ ਹੈ ਕਿ ਸ੍ਰੀ ਬਰਾੜ ਜਿਹੜੇ ਹਲਕਿਆਂ ਤੋਂ ਸੀਟਾਂ ਚਾਹੁੰਦੇ ਸਨ, ਉਨ੍ਹਾਂ ਵਿੱਚੋਂ 80 ਫ਼ੀਸਦ ਦੇ ਕਰੀਬ ਐਲਾਨੀਆਂ ਜਾ ਚੁੱਕੀਆਂ ਹਨ। ਹਲਕਾ ਸ਼ੁਤਰਾਣਾ ਤੋਂ ਟਿਕਟ ਦੇ ਦਾਅਵੇਦਾਰ ਪਰਮਜੀਤ ਸਿੰਘ ਕੈਂਥ ਨੇ ਪਟਿਆਲਾ ਜ਼ਿਲ੍ਹੇ ਵਿੱਚ 'ਆਪ' ਵਿਰੁੱਧ ਮੁਹਿੰਮ ਛੇੜ ਦਿੱਤੀ ਹੈ। ਉਹ ਦੋਸ਼ ਲਾ ਰਹੇ ਹਨ ਕਿ 'ਆਪ' ਦੇ ਸੀਨੀਅਰ ਆਗੂ ਆਪਣੀ ਮਰਜ਼ੀ ਮੁਤਾਬਕ ਉਮੀਦਵਾਰਾਂ ਨੂੰ ਟਿਕਟਾਂ ਦੇ ਕੇ ਆਪਣੀਆਂ ਉਂਗਲਾਂ 'ਤੇ ਨਚਾਉਣਾ ਚਾਹੁੰਦੇ ਹਨ। ਇਸੇ ਦੌਰਾਨ ਪੰਜਾਬ ਵਿੱਚ 'ਆਪ' ਦੇ ਕਨਵੀਨਰ ਗੁਰਪ੍ਰੀਤ ਵੜੈਚ ਨੇ ਕਿਹਾ ਕਿ ਪਾਰਟੀ ਦੇ ਸੰਵਿਧਾਨ ਵਿੱਚ ਕਿਸੇ ਧਿਰ ਨਾਲ ਸਿਆਸੀ ਗਠਜੋੜ ਕਰਨ ਦੀ ਕੋਈ ਬੰਦਿਸ਼ ਨਹੀਂ ਹੈ।

## ਪੰਜਾਬੀਆਂ ਲਈ ਹੰਝੂ ਵਹਾਉਣ ਵਾਲੇ ਸਿੱਧੂ 127 ਦਿਨਾਂ ਤੋਂ ਪੰਜਾਬ ਨਹੀਂ ਆਏ

**ਜਲੰਧਰ/ਬਿਊਰੋ ਨਿਊਜ਼ :** "ਕਿਵੇਂ ਛੱਡ ਦਿਆਂ ਆਪਣੀ ਜੜ੍ਹ, ਆਪਣਾ ਵਤਨ ਪੰਜਾਬ..." ਇਹ ਕਹਿ ਕੇ 127 ਦਿਨ ਪਹਿਲਾਂ ਰਾਜ ਸਭਾ ਛੱਡਣ ਵਾਲੇ ਨਵਜੋਤ ਸਿੰਘ ਸਿੱਧੂ ਉਸ ਮਗਰੋਂ ਇਕ ਵਾਰ ਵੀ ਪੰਜਾਬ ਨਹੀਂ ਆਏ। ਪਿਛਲੀ ਵਾਰ ਨਵੰਬਰ 2014 ਨੂੰ ਲੁਧਿਆਣਾ ਵਿਚ ਦੇਖੇ ਗਏ ਸਨ। ਇਸ ਤੋਂ ਪਹਿਲਾਂ ਉਹ ਆਪਣੀ ਨਵੀਂ ਕੋਠੀ ਦੀ ਪੂਜਾ ਵਿਚ 2 ਮਈ 2014 ਨੂੰ ਅੰਮ੍ਰਿਤਸਰ ਪਹੁੰਚੇ ਸਨ। ਬੈਂਸ ਭਰਾ ਤੇ ਪਰਗਟ ਮੋਰਚੇ ਦੀ ਮੀਟਿੰਗ ਵੀ ਦਿੱਲੀ ਵਿਚ ਹੀ ਕੀਤੀ। ਹੁਣ ਬੈਂਸ ਭਰਾ ਦੇ 'ਆਪ' ਨਾਲ ਜੁੜਨ ਅਤੇ ਰਾਜਧਾਨੀ ਵਿਚ 6 ਮੀਟਿੰਗਾਂ ਕਰਨ ਮਗਰੋਂ ਫ਼ਿਲਹਾਲ ਉਹ ਮੁੰਬਈ ਵਿਚ ਹਨ।

ਪਿਛਲੇ ਦਿਨੀਂ ਡਾ. ਨਵਜੋਤ ਕੌਰ ਸਿੱਧੂ ਸ਼ਰਾਧਾਂ ਦਾ ਹਵਾਲਾ ਦੇ ਕੇ ਉਨ੍ਹਾਂ ਦੇ ਪੰਜਾਬ ਵਿਚ ਨਾ ਆਉਣ ਦਾ ਕਾਰਨ ਦੱਸ ਰਹੇ ਸਨ ਕਿ ਸਿੱਧੂ ਨਰਾਤਿਆਂ ਵਿਚ ਪੰਜਾਬ ਆਉਣਗੇ। ਪਰ ਹੁਣ ਤਾਂ ਨਰਾਤੇ ਵੀ ਖ਼ਤਮ ਹੋ ਗਏ ਹਨ। ਬੈਂਸ ਭਰਾ ਵੀ ਸਿੱਧੂ ਦੀ ਇਸ ਆਦਤ ਤੋਂ ਪ੍ਰੇਸ਼ਾਨ ਹੋ ਕੇ 'ਆਪ' ਵਿਚ ਚਲੇ ਗਏ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਸੁਖਬੀਰ ਬਾਦਲ ਖ਼ਿਲਾਫ਼ ਭਗਵੰਤ ਮਾਨ ਹੋਣਗੇ 'ਆਪ' ਦੇ ਉਮੀਦਵਾਰ




**ਜਲਾਲਾਬਾਦ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਜਲਾਲਾਬਾਦ ਵਿਧਾਨ ਸਭਾ ਖੇਤਰ ਤੋਂ ਵਿਧਾਨ ਸਭਾ ਚੋਣ ਲੜਨਗੇ। ਪੰਜਾਬ ਵਿਚ ਆਪਣੇ 11 ਰੋਜ਼ਾ ਦੌਰੇ ਦੇ ਪਹਿਲੇ ਦਿਨ ਬਾਦਲ ਪਰਿਵਾਰ ਦੇ ਸਿਆਸੀ ਘਰੇਲੂ ਮੈਦਾਨ ਜਲਾਲਾਬਾਦ ਵਿਚ ਰੈਲੀ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਜੇਕਰ ਬਾਦਲ ਆਪਣਾ ਮਨ ਬਦਲਦੇ ਹਨ ਤੇ ਕਿਸੇ ਦੂਸਰੀ ਸੀਟ ਤੋਂ ਚੋਣ ਲੜਨ ਦੀ ਸੋਚਦੇ ਹਨ, ਤਾਂ ਭਗਵੰਤ ਮਾਨ ਵੀ ਉਨ੍ਹਾਂ ਦਾ ਪਿਛਾ ਕਰਨਗੇ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਕੇਜਰੀਵਾਲ ਨੇ ਦਿੱਲੀ ਵਿਚ ਸ਼ੀਲਾ ਦੀਕਸ਼ਤ ਨੂੰ ਹਰਾਇਆ ਸੀ, ਮੈਂ ਸਨਮਾਨਤ ਮਹਿਸੂਸ ਕਰ ਰਿਹਾ ਹਾਂ ਕਿ ਪੰਜਾਬ ਵਿਚ ਮੈਨੂੰ ਇਹ ਮੌਕਾ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ (ਆਪ) ਵੱਲੋਂ ਇੱਥੇ ਅਨਾਜ ਮੰਡੀ ਵਿੱਚ 'ਪੰਜਾਬ ਇਨਕਲਾਬ ਰੈਲੀ' ਕੀਤੀ ਗਈ।

ਸ੍ਰੀ ਕੇਜਰੀਵਾਲ ਨੇ ਪੰਜਾਬ ਦੇ ਵਰਤਮਾਨ ਮਾੜੇ ਹਾਲਾਤ ਲਈ ਅਕਾਲੀ-ਭਾਜਪਾ ਸਰਕਾਰ ਅਤੇ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਅਕਾਲੀਆਂ ਤੇ ਕਾਂਗਰਸੀਆਂ ਨੇ ਪਿਛਲੇ 15 ਸਾਲਾਂ ਵਿੱਚ ਪੰਜਾਬੀਆਂ ਨੂੰ ਲੁੱਟਿਆ ਅਤੇ ਆਮ ਜਨਤਾ ਦਾ ਖ਼ੂਨ ਚੂਸਿਆ। ਹੁਣ ਇਨ੍ਹਾਂ ਦੇ ਪਾਪ ਦਾ ਘੜਾ ਭਰ ਚੁੱਕਿਆ ਹੈ ਅਤੇ 'ਆਪ' ਵੱਲੋਂ ਪੰਜਾਬ ਵਿੱਚ ਫੈਲੀ ਸਿਆਸੀ ਗੰਦਗੀ ਸਾਫ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਸਵਿੱਸ ਬੈਂਕ ਖਾਤਿਆਂ ਨੂੰ ਜਨਤਾ ਵਿੱਚ ਉਜਾਗਰ ਕੀਤਾ ਜਾਵੇਗਾ।

ਪੰਜਾਬ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਲਈ ਖਾਕਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਭ੍ਰਿਸ਼ਟਾਚਾਰ ਤੇ ਨਸ਼ਿਆਂ ਨੂੰ ਵੀ ਸਖ਼ਤੀ ਨਾਲ ਖਤਮ ਕਰਨ ਦਾ ਵਾਅਦਾ ਕੀਤਾ। ਕੈਪਟਨ ਤੇ ਬਾਦਲ ਦੇ ਰਿਸ਼ਤਿਆਂ ਦੀ ਗੱਲ ਕਰਦਿਆਂ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੋਵੇਂ ਆਪਸ ਵਿੱਚ ਰਲੇ ਹੋਏ ਹਨ, ਜਿਸ ਦੀ ਮਿਸਾਲ ਅਕਾਲੀ ਸਰਕਾਰ ਵੱਲੋਂ ਕੈਪਟਨ ਖ਼ਿਲਾਫ਼ ਚੱਲ ਰਹੇ ਕੇਸ ਵਾਪਸ ਲੈਣੇ ਅਤੇ ਕੈਪਟਨ ਵੱਲੋਂ ਨਸ਼ਿਆਂ ਦੇ ਮਾਮਲੇ ਵਿੱਚ ਮਜੀਠੀਆ ਦਾ ਪੱਖ ਪੂਰਨਾ ਹੈ। ਉਨ੍ਹਾਂ ਅਕਾਲੀ ਸਰਕਾਰ ਨੂੰ ਲਲਕਾਰਦਿਆਂ ਕਿਹਾ ਕਿ "ਜਿੰਨੇ ਮਰਜ਼ੀ ਪਰਚੇ ਕਰਵਾ ਲਓ, ਅਸੀਂ ਡਰਨ ਵਾਲੇ ਨਹੀਂ।" ਸ੍ਰੀ ਕੇਜਰੀਵਾਲ ਨੇ ਦੁਹਰਾਇਆ ਕਿ ਉਨ੍ਹਾਂ ਛੇ ਮਹੀਨੇ ਪਹਿਲਾਂ ਬਿਕਰਮ ਸਿੰਘ ਮਜੀਠੀਆ ਨੂੰ ਚੁਣੌਤੀ ਦਿੱਤੀ ਸੀ ਕਿ "ਜੇ ਹਿੰਮਤ ਹੈ ਤਾਂ ਮੈਨੂੰ ਗ੍ਰਿਫ਼ਤਾਰ ਕਰ ਕੇ ਦਿਖਾਵੇ, ਨਹੀਂ ਤਾਂ ਛੇ ਮਹੀਨਿਆਂ ਬਾਅਦ ਮੈਂ ਉਸ ਨੂੰ ਜੇਲ੍ਹ ਭੇਜਾਂਗਾ।" ਉਨ੍ਹਾਂ ਕਿਹਾ, "ਮੈਂ ਅੱਜ ਫਿਰ ਦੁਹਰਾਉਂਦਾ ਹਾਂ ਕਿ ਜੇ ਹਿੰਮਤ ਹੈ ਤਾਂ ਦੋ ਮਹੀਨਿਆਂ ਵਿੱਚ ਮੈਨੂੰ ਗ੍ਰਿਫ਼ਤਾਰ ਕਰ ਕੇ ਦਿਖਾਵੇ, ਨਹੀਂ ਤਾਂ ਦੋ ਮਹੀਨਿਆਂ ਬਾਅਦ ਮਜੀਠੀਆ ਸਲਾਖਾਂ ਪਿੱਛੇ ਹੋਵੇਗਾ।"

ਇਸ ਮੌਕੇ ਜਲਾਲਾਬਾਦ ਤੋਂ ਐਲਾਨੇ ਪਾਰਟੀ ਉਮੀਦਵਾਰ ਭਗਵੰਤ ਮਾਨ ਨੇ ਲੋਕਾਂ ਕੋਲੋਂ ਸਹਿਯੋਗ ਮੰਗਦਿਆਂ ਕਿਹਾ ਕਿ ਪਾਰਟੀ ਦਾ ਜੋ ਫੈਸਲਾ ਹੈ, ਉਹ ਉਨ੍ਹਾਂ ਨੂੰ ਪ੍ਰਵਾਨ ਹੈ। ਉਨ੍ਹਾਂ ਕਿਹਾ ਕਿ 2017 ਦੀਆਂ ਚੋਣਾਂ ਅਮੀਰਾਂ ਅਤੇ ਜ਼ਮੀਰਾਂ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਖਾਤਿਆਂ ਵਿੱਚ ਪੈਸੇ ਨਹੀਂ ਪਰ ਲੋਕਾਂ ਦੇ ਪਿਆਰ ਤੇ ਸਹਿਯੋਗ ਨਾਲ ਅਕਾਲੀ ਸਰਕਾਰ ਨੂੰ ਪੰਜਾਬ ਵਿੱਚੋਂ ਚੱਲਦਾ ਕੀਤਾ ਜਾਵੇਗਾ। ਇਸ ਮੌਕੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ, ਸੰਜੈ ਸਿੰਘ, ਪ੍ਰੋ. ਸਾਧੂ ਸਿੰਘ, ਵਿਧਾਇਕ ਜਰਨੈਲ ਸਿੰਘ, ਮੋਹਰ ਸਿੰਘ ਫਲੀਆਂਵਾਲਾ, ਸੁਖਪਾਲ ਸਿੰਘ ਖਹਿਰਾ, ਜਗਮੀਤ ਸਿੰਘ ਬਰਾੜ, ਪੰਕਜ ਰੰਗਾ, ਮਲਕੀਤ ਸਿੰਘ ਥਿੰਦ, ਰਾਜਾ ਰਜੋਰਾ, ਬਲਦੇਵ ਸਿੰਘ ਆਜ਼ਾਦ, ਮਹਿੰਦਰ ਕਚੂਰਾ, ਰਾਜੂ ਸਰਕਾਰ, ਪਵਨ ਕੁਮਾਰ ਕਾਮਰੇਡ, ਕਾਕਾ ਬਰਾੜ ਅਤੇ ਦੇਵ ਰਾਜ ਸ਼ਰਮਾ ਨੇ ਸੰਬੋਧਨ ਕੀਤਾ।

# ਅਮਿਤ ਸ਼ਾਹ ਨੇ ਪੰਜਾਬ ਵਿਧਾਨ ਸਭਾ ਚੋਣਾਂ ਦਾ ਵਜਾਇਆ ਬਿਗਲ

## 'ਮੋਦੀ-ਬਾਦਲ ਦੀ ਵਿਕਾਸ ਜੋੜੀ' ਦੇ ਨਾਂ 'ਤੇ ਮੰਗੀਆਂ ਵੋਟਾਂ



**ਜਲੰਧਰ/ਬਿਊਰੋ ਨਿਊਜ਼ :** ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਇਥੇ ਗੁਰੂ ਗੋਬਿੰਦ ਸਿੰਘ ਐਵੇਨਿਊ ਵਿਚ ਕਰਵਾਏ ਭਾਜਪਾ ਬੂਥ ਵਰਕਰ ਸਮਾਗਮ ਦੌਰਾਨ ਲੋਕਾਂ ਨੂੰ ਉਮੀਦਵਾਰ ਦੇਖਣ ਦੀ ਬਜਾਏ 'ਮੋਦੀ-ਬਾਦਲ ਦੀ ਵਿਕਾਸ ਜੋੜੀ' ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਭਾਜਪਾ ਪ੍ਰਧਾਨ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਏਕਤਾ ਦਾ ਪ੍ਰਤੀਕ ਦੱਸਦਿਆਂ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਐਨਡੀਏ ਦੇ ਸ਼ਾਸਨ ਨੂੰ ਦੇਸ਼ ਦੀ ਲੋੜ ਦੱਸਿਆ। ਉਨ੍ਹਾਂ ਕਿਹਾ ਕਿ ਆਉਂਦੀਆਂ ਚੋਣਾਂ ਵਿਚ ਅਕਾਲੀ ਦਲ-ਭਾਜਪਾ ਗੱਠਜੋੜ ਦਾ ਜਿੱਤਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਭਾਜਪਾ ਪੂਰੇ ਦੇਸ਼ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਡਾ. ਅੰਬੇਦਕਰ ਦੀ ਸੋਚ ਨਾਲ ਦੇਸ਼ ਨੂੰ ਅੱਗੇ ਲੈ ਕੇ ਜਾ ਰਹੀ ਹੈ। ਨੋਟਬੰਦੀ ਦੇ ਫ਼ੈਸਲੇ ਨੂੰ ਸਹੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਵਿੱਚ ਕਾਲਾ ਧਨ ਖ਼ਤਮ ਕਰਨ ਦੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮ ਲਾਲ ਨੇ ਆਪਣੇ ਸੰਬੋਧਨ ਵਿਚ ਪਾਰਟੀ ਵਰਕਰਾਂ ਨੂੰ 'ਬੂਥ ਜੀਤਾ, ਚੁਨਾਵ ਜੀਤਾ' ਦਾ ਨਾਅਰਾ ਦਿੱਤਾ। ਉਨ੍ਹਾਂ ਨੇ ਵਰਕਰਾਂ ਨੂੰ ਕਿਹਾ ਕਿ ਸਾਰੇ ਵਰਕਰ ਆਪਣੇ ਬੂਥਾਂ ਦੀਆਂ ਵੋਟਰ ਲਿਸਟਾਂ ਦੀ ਘੋਖ ਕਰਨ ਅਤੇ ਆਪਣੇ ਸਮਰਥਕ ਵੋਟਰਾਂ ਦੀ ਪਛਾਣ ਕਰ ਕੇ ਚੋਣਾਂ ਵਿਚ ਉਨ੍ਹਾਂ ਦੀ ਵੋਟ ਆਪਣੇ ਹੱਕ ਵਿਚ ਭੁਗਤਣੀ ਯਕੀਨੀ ਬਣਾਉਣ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਕਾਲੀ ਦਲ ਨੂੰ ਭਾਜਪਾ ਦਾ ਸਭ ਤੋਂ ਵਧੀਆ ਸਾਥੀ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਖ਼ੁਸ਼ਕਿਸਮਤੀ ਹੈ ਕਿ ਕੇਂਦਰ ਅਤੇ ਪੰਜਾਬ ਵਿਚ 'ਉਨ੍ਹਾਂ ਦੀ' ਹੀ ਸਰਕਾਰ ਹੈ। ਇਸੇ ਕਾਰਨ ਕੇਂਦਰ ਵੱਲੋਂ ਪੰਜਾਬ ਵਿਚ ਚਾਰ ਅਤੇ ਛੇ ਲੇਨ ਸੜਕਾਂ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲ ਸਕੀ ਹੈ। ਸ੍ਰੀ ਬਾਦਲ ਨੇ ਨਰਿੰਦਰ ਮੋਦੀ ਨੂੰ ਦਲੇਰ ਪ੍ਰਧਾਨ ਮੰਤਰੀ ਕਰਾਰ ਦਿੱਤਾ। ਕੇਂਦਰੀ ਮੰਤਰੀ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਵਰਕਰਾਂ ਨੂੰ ਚੋਣਾਂ ਜਿੱਤਣ ਲਈ ਡੱਟ ਕੇ ਮਿਹਨਤ ਕਰਨ ਦਾ ਸੱਦਾ ਦਿੱਤਾ। ਨੋਟਬੰਦੀ ਬਾਰੇ ਉਨ੍ਹਾਂ ਕਿਹਾ ਕਿ ਮੁਸ਼ਕਲਾਂ ਦੇ ਬਾਵਜੂਦ ਲੋਕ ਇਸ ਫ਼ੈਸਲੇ ਤੋਂ ਖ਼ੁਸ਼ ਹਨ।

# ਕੈਪਟਨ ਨੇ ਰਾਸ਼ਟਰਪਤੀ ਰਾਜ ਅਧੀਨ ਪੰਜਾਬ ਚੋਣਾਂ ਕਰਵਾਉਣ ਦੀ ਕੀਤੀ ਮੰਗ

**ਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਬਦਤਰ ਹੋ ਰਹੀ ਸਥਿਤੀ 'ਤੇ ਚਿੰਤਾ ਪ੍ਰਗਟਾਉਂਦਿਆਂ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੰਗ ਕੀਤੀ ਕਿ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਇਆ ਜਾਵੇ ਅਤੇ ਵਿਧਾਨ ਸਭਾ ਚੋਣਾਂ ਇਕੋ ਗੇੜ ਵਿੱਚ ਨਿਰਪੱਖ ਪ੍ਰਸ਼ਾਸਨ ਅਧੀਨ ਕਰਵਾਈਆਂ ਜਾਣ।

ਕੈਪਟਨ ਦੀ ਅਗਵਾਈ ਵਿੱਚ ਕਾਂਗਰਸੀ ਵਫ਼ਦ ਨੇ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਰਾਜ ਵਿੱਚ ਛੇਤੀ ਤੋਂ ਛੇਤੀ ਆਦਰਸ਼ ਚੋਣ ਜ਼ਾਬਤਾ ਲਾਇਆ ਜਾਣਾ ਚਾਹੀਦਾ ਹੈ। ਸ੍ਰੀ ਜ਼ੈਦੀ ਨੂੰ ਦਿੱਤੇ ਮੰਗ ਪੱਤਰ ਵਿੱਚ ਕਾਂਗਰਸ ਨੇ ਦੋਸ਼ ਲਾਇਆ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਮਸ਼ਵਰੇ ਮਗਰੋਂ ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਹਾਲਤ ਬਦਤਰ ਹੋ ਗਈ ਹੈ ਕਿਉਂਕਿ ਅਕਾਲੀ-ਭਾਜਪਾ ਸਰਕਾਰ ਸੁਪਰੀਮ ਕੋਰਟ ਵਿੱਚ ਸੂਬੇ ਦੇ ਅਧਿਕਾਰਾਂ ਦੀ ਰਾਖੀ ਵਿੱਚ ਨਾਕਾਮ ਰਹੀ।

ਪੰਜਾਬ ਕਾਂਗਰਸ ਪ੍ਰਧਾਨ ਨੇ ਦੱਸਿਆ ਕਿ ਸੂਬੇ ਵਿੱਚ ਕਾਨੂੰਨ ਦਾ ਰਾਜ ਨਹੀਂ ਹੈ ਕਿਉਂਕਿ ਸ਼ਰਾਬ ਮਾਫੀਆ, ਨਸ਼ਾ ਤਸਕਰੀ ਅਤੇ ਝੂਠੀਆਂ ਐਫਆਈਆਰਜ਼ ਰਾਹੀਂ ਰਾਜਸੀ ਅਤਿਵਾਦ ਬਿਨਾਂ ਰੋਕ-ਟੋਕ ਚੱਲ ਰਿਹਾ ਹੈ। ਇਸ ਲਈ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਲਈ ਮੌਜੂਦਾ ਸਰਕਾਰ ਨੂੰ ਹਟਾ ਦੇਣਾ ਚਾਹੀਦਾ ਹੈ ਅਤੇ ਚੋਣਾਂ ਰਾਸ਼ਟਰਪਤੀ ਰਾਜ ਅਧੀਨ ਨਿਰਪੱਖ ਪ੍ਰਸ਼ਾਸਨ ਵੱਲੋਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਵਿੱਚ ਅਗਲੇ ਸਾਲ ਦੇ ਸ਼ੁਰੂ ਵਿੱਚ ਵਿਧਾਨ ਸਭਾ ਚੋਣਾਂ ਹਨ। ਇਸ ਲਈ ਚੋਣ ਕਮਿਸ਼ਨ ਫੌਰੀ ਦਖ਼ਲ ਦੇ ਕੇ ਬਿਨਾਂ ਕਿਸੇ ਦੇਰੀ ਤੋਂ ਚੋਣ ਜ਼ਾਬਤਾ ਲਾਗੂ ਕਰੇ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਨਿਰਪੱਖ ਚੋਣਾਂ ਲਈ ਪੰਜਾਬ ਵਿਚ ਇਸ ਸਮੇਂ ਮੌਜੂਦ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਮਤਦਾਨ ਲਈ ਵਰਤੋਂ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਨਾਲ ਪ੍ਰਸ਼ਾਸਕੀ ਫੇਰਬਦਲ ਅਤੇ ਹਥਿਆਰਾਂ ਦੇ ਲਾਇਸੈਂਸ ਉਤੇ ਪਾਬੰਦੀ ਲਾਈ ਜਾਵੇ। ਕੈਪਟਨ ਨੇ ਪੋਲਿੰਗ ਸਟੇਸ਼ਨਾਂ ਅੰਦਰ ਅਰਧ ਸੈਨਿਕਾਂ ਬਲ ਤਾਇਨਾਤ ਕਰਨ ਅਤੇ ਪੁਲੀਸ ਵਿੱਚ ਉੱਚ ਅਹੁਦਿਆਂ ਉਤੇ ਸਿਰਫ਼ ਆਈਪੀਐਸ ਅਧਿਕਾਰੀਆਂ ਨੂੰ ਤਾਇਨਾਤ ਕਰਨ ਦੀ ਅਪੀਲ ਕੀਤੀ। ਵਫ਼ਦ ਵਿੱਚ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰ, ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਸੰਤੋਖ ਚੌਧਰੀ ਤੇ ਅੰਬਿਕਾ ਸੋਨੀ, ਪੰਜਾਬ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ, ਮੀਤ ਪ੍ਰਧਾਨ ਅਮਰ ਸਿੰਘ, ਸੁਨੀਲ ਜਾਖੜ ਤੇ ਮਨਪ੍ਰੀਤ ਬਾਦਲ ਹਾਜ਼ਰ ਸਨ।



ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮੰਗ ਪੱਤਰ ਸੌਂਪਦੇ ਹੋਏ ਕੈਪਟਨ ਅਮਰਿੰਦਰ ਸਿੰਘ

### *ਕਾਂਗਰਸ ਵਫ਼ਦ ਨੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ :*

*ਪੰਜਾਬ ਪ੍ਰਦੇਸ਼ ਕਾਂਗਰਸ ਨੇ ਰਾਸ਼ਟਰਪਤੀ ਨੂੰ ਕਿਹਾ ਹੈ ਕਿ ਜੇ ਪੰਜਾਬ ਦੇ ਦਰਿਆਈ ਪਾਣੀ ਵਿੱਚੋਂ ਹੋਰ ਪਾਣੀ ਕਿਸੇ ਸੂਬੇ ਨੂੰ ਦਿੱਤਾ ਤਾਂ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ, ਸੂਬੇ ਵਿੱਚ ਹਿੰਸਾ ਫੈਲਣ ਦਾ ਖ਼ਦਸ਼ਾ ਹੈ। ਇਸ ਲਈ ਕੇਂਦਰ ਨੂੰ ਇਸ ਮੁੱਦੇ 'ਤੇ ਫੈਸਲਾ ਲੈਣ ਤੋਂ ਪਹਿਲਾਂ ਸਾਰੇ ਪਹਿਲੂਆਂ ਨੂੰ ਘੋਖ ਲੈਣਾ ਚਾਹੀਦਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਪਾਰਟੀ ਦੇ ਸੀਨੀਅਰ ਆਗੂਆਂ ਸਮੇਤ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲੇ ਤੇ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਪੈਦਾ ਹੋਈ ਸਥਿਤੀ ਬਾਰੇ ਮੰਗ ਪੱਤਰ ਦਿੱਤਾ। ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਵਫ਼ਦ ਨੇ ਰਾਸ਼ਟਰਪਤੀ ਨੂੰ ਦੱਸਿਆ ਕਿ ਸੂਬੇ ਵਿੱਚ ਜ਼ਮੀਨ ਹੇਠਲਾ ਪਾਣੀ ਬਹੁਤ ਡੂੰਘਾ ਜਾ ਚੁੱਕਾ ਹੈ, ਟਿਊਬਵੈੱਲ ਨਹੀਂ ਲੱਗ ਸਕਦੇ ਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਖੜੀ ਹੋ ਚੁੱਕੀ ਹੈ। ਜੇ ਕਿਸੇ ਹੋਰ ਸੂਬੇ ਨੂੰ ਪਾਣੀ ਦਿੱਤਾ ਤਾਂ ਸਥਿਤੀ ਵਿਗੜ ਸਕਦੀ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਦੇ ਦਰਿਆਵਾਂ ਵਿੱਚ ਜਿਹੜਾ ਪਾਣੀ ਸਾਲ 2002 ਵਿੱਚ 14.37 ਮਿਲੀਅਨ ਏਕੜ ਫੁੱਟ ਸੀ, ਹੁਣ ਗਲੇਸ਼ੀਅਰ ਪਿਘਲਣ ਕਰ ਕੇ 13 ਮਿਲੀਅਨ ਏਕੜ ਫੁੱਟ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਕੇਸ ਦੀ ਸਣਵਾਈ ਸਮੇਂ ਕੇਂਦਰ ਸਰਕਾਰ ਨੇ ਦਰਿਆਈ ਪਾਣੀਆਂ ਦੀ ਉਪਲੱਬਧਤਾ ਬਾਰੇ ਸਹੀ ਸਥਿਤੀ ਸੁਪਰੀਮ ਕੋਰਟ ਸਾਹਮਣੇ ਨਹੀਂ ਰੱਖੀ।*

## ਕੇਜਰੀਵਾਲ ਨੂੰ ਝਟਕਾ, ਜੇਤਲੀ ਵਲੋਂ ਪਾਇਆ ਕੇਸ ਰੱਦ ਨਹੀਂ ਹੋਵੇਗਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਸੁਪਰੀਮ ਕੋਰਟ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪਾਏ ਗਏ ਇੱਜ਼ਤ ਹੱਤਕ ਦੇ ਕੇਸ ਨੂੰ ਖ਼ਾਰਜ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਪੀ.ਸੀ. ਘੋਸ਼ ਅਤੇ ਯੂ.ਯੂ. ਲਲਿਤ ਦੀ ਬੈਂਚ ਨੇ ਕਿਹਾ ਕਿ ਸ੍ਰੀ ਜੇਤਲੀ ਨੂੰ ਸ੍ਰੀ ਕੇਜਰੀਵਾਲ ਖ਼ਿਲਾਫ਼ ਮਾਣਹਾਨੀ ਦਾ ਕੇਸ ਚਲਾਉਣ ਤੋਂ ਰੋਕਿਆ ਨਹੀਂ ਜਾ ਸਕਦਾ। ਆਮ ਆਦਮੀ ਪਾਰਟੀ ਸੁਪਰੀਮੋ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਕਿਹਾ ਕਿ ਭਾਵੇਂ ਸ੍ਰੀ ਜੇਤਲੀ ਨੂੰ ਦੋ ਵੱਖੋ ਵੱਖਰੇ ਕੇਸ ਚਲਾਉਣ ਤੋਂ ਰੋਕਿਆ ਨਹੀਂ ਜਾ ਸਕਦਾ ਪਰ ਕਈ ਹਾਈ ਕੋਰਟਾਂ ਨੇ ਕੇਸਾਂ ਨੂੰ ਖ਼ਾਰਜ ਕੀਤਾ ਹੈ। ਸ੍ਰੀ ਜੇਠਮਲਾਨੀ ਨੇ ਕਿਹਾ ਕਿ ਅਪਰਾਧਿਕ ਕੇਸ ਨੂੰ ਸਿਵਲ ਮਾਣਹਾਨੀ ਕੇਸ ਦੇ ਫ਼ੈਸਲੇ ਤੋਂ ਬਾਅਦ ਸੁਣਿਆ ਜਾ ਸਕਦਾ ਹੈ। ਬੈਂਚ ਨੇ ਇਸ ਦਲੀਲ ਤੋਂ ਇਨਕਾਰ ਕਰ ਦਿੱਤਾ।



# ਸ੍ਰੀ ਨਨਕਾਣਾ ਸਾਹਿਬ ਤੋਂ ਵਾਪਿਸ ਪਰਤੇ ਭਾਰਤੀ ਸ਼ਰਧਾਲੂ

**ਅਟਾਰੀ/ਬਿਊਰੋ ਨਿਊਜ਼ :** ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ 548ਵਾਂ ਪ੍ਰਕਾਸ਼ ਪੁਰਬ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਲਾਹੌਰ ਤੋਂ ਤਿੰਨ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਵਤਨ ਪਰਤਿਆ। ਜਥੇ ਦੀ ਵਤਨ ਵਾਪਸੀ ਉਪਰੰਤ ਰੇਲਵੇ ਸਟੇਸ਼ਨ ਅਟਾਰੀ 'ਤੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਜਥੇ ਦੇ ਆਗੂ ਮਗਵਿੰਦਰ ਸਿੰਘ ਖਾਪੜਖੇੜੀ, ਸ਼੍ਰੋਮਣੀ ਕਮੇਟੀ ਮੈਂਬਰ ਸਵਰਨ ਸਿੰਘ ਕਪੂਰਥਲਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਏ ਮੁੱਖ ਸਮਾਗਮ ਮੌਕੇ ਔਕਾਫ਼ ਬੋਰਡ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਵੱਲੋਂ ਨਗਰ ਸਜਾਇਆ ਗਿਆ।



ਇਸ ਮੌਕੇ ਵੱਖ-ਵੱਖ ਦੇਸ਼ਾਂ ਤੋਂ ਪਹੁੰਚੀਆਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ਼ ਬੋਰਡ ਵੱਲੋਂ ਵਧੀਆ ਪ੍ਰਬੰਧ ਕੀਤੇ ਗਏ ਸਨ। ਪਾਕਿਸਤਾਨ ਸਰਕਾਰ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਯਾਤਰਾ ਦੌਰਾਨ ਪਾਕਿਸਤਾਨ ਵਿੱਚ ਕਰੰਸੀ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਸ਼ਰਧਾਲੂ ਮਲੂਕ ਸਿੰਘ ਮੱਲਾਂਵਾਲਾ ਨੇ ਦੱਸਿਆ ਕਿ ਭਾਰਤ ਵਿੱਚ ਨੋਟਬੰਦੀ ਦਾ ਅਸਰ ਪਾਕਿਸਤਾਨ ਵਿੱਚ ਵੀ ਦਿਖਾਈ ਦਿੱਤਾ। ਉਨ੍ਹਾਂ ਦੱਸਿਆ ਕਿ 500 ਅਤੇ 1000 ਦੇ ਨੋਟ ਬੰਦ ਹੋਣ ਕਾਰਨ ਜਥੇ ਵਿੱਚ ਸ਼ਾਮਲ ਸ਼ਰਧਾਲੂ 100-100 ਦੇ ਨੋਟ ਲੈ ਕੇ ਗਏ ਸਨ। ਪਹਿਲੇ ਦਿਨ ਨਨਕਾਣਾ ਸਾਹਿਬ ਵਿਖੇ ਕਰੰਸੀ ਬਦਲਣ ਲਈ ਬੈਂਕ ਖੋਲ੍ਹਿਆ ਗਿਆ ਪਰ ਦੂਜੇ ਦਿਨ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਮਨੀ ਚੇਂਜਰਾਂ ਵੱਲੋਂ ਭਾਰਤੀ ਕਰੰਸੀ 100 ਰੁਪਏ ਦੇ ਬਦਲੇ ਵਿੱਚ 120-125 ਰੁਪਏ ਹੀ ਦਿੱਤੇ ਗਏ ਜਦਕਿ ਇਸ ਤੋਂ ਪਹਿਲਾਂ 100 ਰੁਪਏ ਦੀ ਭਾਰਤੀ ਕਰੰਸੀ ਬਦਲਣ ਮੌਕੇ 160-170 ਰੁਪਏ ਮਿਲਦੇ ਸਨ। ਇਸੇ ਦੌਰਾਨ ਭਾਰਤੀ ਸਿੱਖ ਜਥੇ ਵਿੱਚ ਸ਼ਾਮਲ ਹੋ ਕੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਗਏ ਇੱਕ ਸ਼ਰਧਾਲੂ ਪ੍ਰੇਮ ਸਿੰਘ (70 ਸਾਲ) ਪੁੱਤਰ ਚਿਰੰਜੀਵ ਸਿੰਘ ਵਾਸੀ ਮਾਡਲ ਟਾਊਨ ਲੁਧਿਆਣਾ ਦੀ ਐਤਵਾਰ ਸ਼ਾਮ ਵੇਲੇ ਗੁਰਦੁਆਰਾ ਡੇਹਰਾ ਸਾਹਿਬ ਪੁੱਜਣ 'ਤੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਉਸ ਦੀ ਮ੍ਰਿਤਕ ਦੇਹ ਰੇਲ ਗੱਡੀ ਰਾਹੀਂ ਵਤਨ ਲਿਆਂਦੀ ਗਈ। ਰੇਲਵੇ ਸਟੇਸ਼ਨ ਅਟਾਰੀ ਵਿਖੇ ਪੁੱਜੇ ਮ੍ਰਿਤਕ ਦੇ ਪੁੱਤਰ ਗੁਰਮੀਤ ਸਿੰਘ ਅਤੇ ਰਿਸ਼ਤੇਦਾਰ ਪ੍ਰੇਮ ਸਿੰਘ ਦੀ ਦੇਹ ਲੈ ਕੇ ਲੁਧਿਆਣਾ ਪੁੱਜੇ।

# ਵਿਸ਼ਵ ਦੀਆਂ ਸੌ ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਦੀ ਸੂਚੀ ਜਾਰੀ

**ਜਥੇਦਾਰ ਕੁਲਵੰਤ ਸਿੰਘ ਪਹਿਲੇ, ਸੰਤ ਲਾਭ ਸਿੰਘ ਦੂਜੇ, ਜਥੇਦਾਰ ਗਿਆਨੀ ਗੁਰਬਚਨ ਸਿੰਘ ਤੀਜੇ, ਪ੍ਰਕਾਸ਼ ਸਿੰਘ ਬਾਦਲ ਚੌਥੇ ਅਤੇ ਸੰਤ ਇਕਬਾਲ ਸਿੰਘ ਬੜੂ ਸਾਹਿਬ ਵਾਲੇ ਪੰਜਵੇਂ ਸਥਾਨ 'ਤੇ**

**ਲੰਡਨ/ਬਿਊਰੋ ਨਿਊਜ਼ :** ਲੰਡਨ ਵਿਚ ਸਿੱਖ ਡਾਇਰੈਕਟਰੀ ਯੂ.ਕੇ. ਵੱਲੋਂ ਕਰਵਾਏ ਗਏ ਸਿੱਖ ਐਵਾਰਡ ਸਮਾਰੋਹ ਦੌਰਾਨ ਵਿਸ਼ਵ ਦੀਆਂ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਦੀ ਸੂਚੀ ਜਾਰੀ ਕੀਤੀ ਗਈ, ਜਿਸ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੂੰ ਪਹਿਲੇ, ਸੰਤ ਲਾਭ ਸਿੰਘ ਕਾਰ ਸੇਵਾ ਵਾਲੇ ਦੂਜੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੀਜੇ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਚੌਥੇ ਅਤੇ ਸੰਤ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੂੰ ਪੰਜਵਾਂ ਸਥਾਨ ਦਿੱਤਾ ਗਿਆ ਹੈ। ਸਿੱਖ ਡਾਇਰੈਕਟਰੀ ਦੇ ਡਾਇਰੈਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀ ਸੂਚੀ ਲੰਬੀ ਸੋਚ ਵਿਚਾਰ ਕਰਨ ਤੋਂ ਬਾਅਦ ਵੱਖ-ਵੱਖ ਪਹਿਲੂਆਂ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤਾ ਜਾਂਦਾ ਹੈ।



ਜਥੇ: ਕੁਲਵੰਤ ਸਿੰਘ · ਸੰਤ ਲਾਭ ਸਿੰਘ · ਗਿਆਨੀ ਗੁਰਬਚਨ ਸਿੰਘ · ਸ: ਪ੍ਰਕਾਸ਼ ਸਿੰਘ ਬਾਦਲ · ਸੰਤ ਇਕਬਾਲ ਸਿੰਘ · ਹਰਜੀਤ ਸਿੰਘ ਸੱਜਣ

ਇਸ ਸੂਚੀ ਵਿਚ ਨਿਸ਼ਕਾਮ ਸੇਵਕ ਜਥਾ ਯੂ.ਕੇ. ਦੇ ਚੇਅਰਮੈਨ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੂੰ 6ਵਾਂ, ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਭਾਰਤ ਨੂੰ 7ਵਾਂ, ਮਾਸਟਰ ਕਾਰਡ ਦੇ ਸੀ.ਈ.ਓ. ਅਜੇਪਾਲ ਸਿੰਘ ਬੰਗਾ ਨੂੰ 8ਵਾਂ, ਯੂ.ਕੇ. ਦੀ ਹਾਈਕੋਰਟ ਦੇ ਜੱਜ ਰਵਿੰਦਰ ਸਿੰਘ ਨੂੰ 9ਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੇ ਬਾਪੂ ਸੂਰਤ ਸਿੰਘ ਖ਼ਾਲਸਾ ਨੂੰ 10ਵਾਂ ਸਥਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਇੰਦਰਜੀਤ ਕੌਰ ਨੂੰ 11ਵਾਂ, ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 12ਵਾਂ, ਸੁਖਬੀਰ ਸਿੰਘ ਬਾਦਲ 18ਵਾਂ, ਹਰਸਿਮਰਤ ਕੌਰ ਬਾਦਲ ਨੂੰ 19ਵਾਂ, ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ 20ਵਾਂ, ਕੈਪਟਨ ਅਮਰਿੰਦਰ ਸਿੰਘ ਨੂੰ 35ਵਾਂ, ਮਹਾਰਾਣੀ ਪ੍ਰਨੀਤ ਕੌਰ ਨੂੰ 38ਵਾਂ, ਮਨਜੀਤ ਸਿੰਘ ਜੀ.ਕੇ. ਨੂੰ 46ਵਾਂ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੂੰ 49ਵਾਂ, ਤਰਲੋਚਨ ਸਿੰਘ ਨੂੰ 59ਵਾਂ, ਐਸ.ਪੀ. ਸਿੰਘ ਓਬਰਾਏ ਨੂੰ 63ਵਾਂ, ਸਾਬਕਾ ਦੌੜਾਕ ਮਿਲਖਾ ਸਿੰਘ ਨੂੰ 73ਵਾਂ, ਅਨਾਰਕਲੀ ਕੌਰ ਅਫਗਾਨਿਸਤਾਨ ਨੂੰ 88ਵਾਂ, ਖ਼ਾਲਸਾ ਏਡ ਦੇ ਫਾਊਂਡਰ ਰਵਿੰਦਰ ਸਿੰਘ ਨੂੰ 99ਵਾਂ ਸਥਾਨ ਦਿੱਤਾ ਗਿਆ ਹੈ।

# ਡੁਬਈ ਵਿਚ ਪਹਿਲਾ ਗੁਰੂ ਨਾਨਕ ਦਰਬਾਰ ਸਥਾਪਤ ਕਰਨ ਵਾਲੇ ਸ਼ੇਖ ਦਾ ਸਨਮਾਨ

## *ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ*

**ਲੰਡਨ/ਬਿਊਰੋ ਨਿਊਜ਼ :** ਇਥੋਂ ਦੇ ਮਸ਼ਹੂਰ ਪਾਰਕ ਪਲਾਜ਼ਾ ਹੋਟਲ ਵਿਚ ਸਿੱਖ ਡਾਇਰੈਕਟਰੀ, ਸਿੱਖ ਗਰੁੱਪ ਵੱਲੋਂ 7ਵਾਂ ਸਿੱਖ ਐਵਾਰਡ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਸਿੱਖ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਇਹ ਐਵਾਰਡ 2010 ਵਿਚ ਸ਼ੁਰੂ ਕੀਤਾ ਗਿਆ ਸੀ, ਜਿਸ ਵਿਚ ਦੁਨੀਆ ਭਰ ਵਿਚ ਵਸਦੇ ਸਿੱਖਾਂ ਵੱਲੋਂ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਦਲੇ ਪੁਰਸਕਾਰ ਦਿੱਤੇ ਜਾਂਦੇ ਹਨ ਜਦਕਿ ਸਿੱਖਾਂ ਲਈ ਕੁਝ ਕਰਨ ਵਾਲੀ ਸ਼ਖ਼ਸੀਅਤ ਨੂੰ ਖਾਸ ਪਹਿਚਾਣ ਪੁਰਸਕਾਰ ਦਿੱਤਾ ਜਾਂਦਾ ਹੈ। ਇਸ ਵਾਰ ਇਹ ਸਨਮਾਨ ਡੁਬਈ ਦੇ ਸ਼ੇਖ ਮੁਹੰਮਦ ਬਿਨ ਰਸ਼ਦ-ਅਲ ਮਕੱਦਸ ਨੂੰ ਦਿੱਤਾ ਗਿਆ, ਜਿਸ ਨੇ ਡੁਬਈ ਵਿਚ ਪਹਿਲਾ ਗੁਰੂ ਨਾਨਕ ਦਰਬਾਰ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਸਿੱਖਿਆ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਬਾਬਾ ਇਕਬਾਲ ਸਿੰਘ ਬੜ ਸਾਹਿਬ ਵਾਲਿਆਂ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਿੱਖਜ਼ ਇਨ ਚੈਰਿਟੀ ਪੁਰਸਕਾਰ 'ਖਾਲਸਾ ਏਡ' ਨੂੰ ਦਿੱਤਾ ਗਿਆ, ਜੋ ਰਵਿੰਦਰ ਸਿੰਘ ਨੇ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਡੇਵਿਡ ਬਿਲੀਅਟ ਅਤੇ ਕੁਲਵੰਤ ਸਿੰਘ ਧਾਲੀਵਾਲ



ਨੇ ਭੇਟ ਕੀਤਾ। ਇਸ ਮੌਕੇ ਸਿੱਖ ਇਨ ਐਜੂਕੇਸ਼ਨ ਪੁਰਸਕਾਰ ਡਾ. ਬਰਜਿੰਦਰ ਸਿੰਘ ਮਾਹੋਨ ਯੂ.ਕੇ. ਨੂੰ, ਸਿੱਖਜ਼ ਇੰਨ ਇੰਟਰਟੇਨਮਿੰਟ ਡੁਬਈ ਦੀ ਮਾਨਿਕਾ ਕੌਰ ਨੂੰ, ਸਿੱਖਜ਼ ਇਨ ਮੀਡੀਆ ਪੁਰਸਕਾਰ ਯੂ.ਕੇ. ਅਕਾਲ ਚੈਨਲ ਦੇ ਡਾਇਰੈਕਟਰ ਅਮਰੀਕ ਸਿੰਘ ਕੂਨਰ ਨੂੰ, ਸਿੱਖਜ਼ ਇਨ ਸਪੋਰਟਸ ਪੁਰਸਕਾਰ ਕੈਨੇਡਾ ਦੀ ਬਡਮਿੰਟਨ ਟੀਮ ਦੇ ਕੋਚ ਰਾਮ ਸਿੰਘ ਨਈਅਰ, ਸਿੱਖਜ਼ ਇਨ ਸੇਵਾ ਪੁਰਸਕਾਰ ਪਟਕਾ ਸਾਹਿਬ ਦੇ ਗੁਰਮੀਤ ਸਿੰਘ ਨੂੰ , ਸਿੱਖ ਪੀਪਲਜ਼ ਚੁਇਸ ਪੁਰਸਕਾਰ ਨਾਤਾਸ਼ਾ ਕੌਰ ਮੁਦਾਰ ਨੂੰ, ਸਿੱਖ ਇਨ ਪ੍ਰੋਫੈਸ਼ਨ ਪੁਰਸਕਾਰ ਭਾਰਤ ਦੇ ਜਸਪਾਲ ਸਿੰਘ ਬਿਦਰਾ ਨੂੰ, ਸਿੱਖਜ਼ ਇਨ ਬਿਜ਼ਨਸ-ਇੰਟਰਪ੍ਰੀਨੀਅਰ ਪੁਰਸਕਾਰ ਯੂ.ਐਸ.ਏ. ਦੇ ਸੁਪਰੀਤ ਸਿੰਘ ਮਨਚੰਦਾ ਨੂੰ, ਸਿੱਖਜ਼ ਇਨ ਬਿਜ਼ਨਸ ਵੂਮੈਨ ਪੁਰਸਕਾਰ ਕਿਰਨ ਸਿੰਘ ਯੂ.ਕੇ. ਨੂੰ, ਸਿੱਖਜ਼ ਇਨ ਬਿਜ਼ਨਿਸ-ਬਿਜ਼ਨਿਸਮੈਨ ਕੈਨੇਡਾ ਦੇ ਲੌਬ ਸਿੰਘ ਢਿੱਲੋਂ ਨੂੰ ਦਿੱਤਾ ਗਿਆ। ਇਸ ਮੌਕੇ ਲੌਰਡ ਬਿਲਮੌਰੀਆ ਨੇ ਕਿਹਾ ਕਿ ਮਾਣ ਹੈ ਕਿ ਭਾਰਤ ਦੀ ਆਬਾਦੀ ਦਾ 2 ਫੀਸਦੀ ਹਿੱਸਾ ਸਿੱਖ ਦੁਨੀਆ ਭਰ ਵਿਚ ਵੱਡਾ ਮਾਣ ਅਤੇ ਸਤਿਕਾਰ ਰੱਖਦੀ ਹੈ। ਬਿਜ਼ਨਸ, ਸੇਵਾ, ਹਰ ਕੰਮ ਵਿਚ ਸਿੱਖ ਕੌਮ ਅੱਗੇ ਹੈ।

## 'ਅਕਾਲ ਚੈਨਲ' ਨੂੰ 'ਦੀ ਸਿੱਖ ਐਵਾਰਡ 2016' ਨਾਲ ਨਿਵਾਜਿਆ

**ਲੈਸਟਰ/ਬਿਊਰੋ ਨਿਊਜ਼ :** ਇੰਗਲੈਂਡ ਵਿਚ ਪਿਛਲੇ ਕੁਝ ਸਾਲਾਂ ਤੋਂ ਸ਼ੁਰੂ ਹੋਏ ਅਤੇ 106 ਮੁਲਕਾਂ ਵਿਚ ਚੱਲ ਰਹੇ ਪੰਜਾਬੀ ਚੈਨਲ 'ਅਕਾਲ ਚੈਨਲ' ਸਕਾਈ 843 ਵੱਲੋਂ ਥੋੜ੍ਹੇ ਹੀ ਸਮੇਂ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਕਾਰਜਾਂ ਬਦਲੇ ਲੰਡਨ ਦੇ ਹੋਟਲ ਪਾਰਕ ਪਲਾਜ਼ਾ ਵਿਚ ਐਵਾਰਡ ਸਮਾਰੋਹ ਮੌਕੇ 'ਅਕਾਲ ਚੈਨਲ' ਦੇ ਐਮ. ਡੀ. ਅਮਰੀਕ ਸਿੰਘ ਕੂਨਰ ਨੂੰ 'ਦੀ ਸਿੱਖ ਐਵਾਰਡ 2016' ਨਾਲ ਨਿਵਾਜਿਆ ਗਿਆ। ਜ਼ਿਕਰਯੋਗ ਹੈ ਕਿ 'ਅਕਾਲ ਚੈਨਲ' ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਅਤੇ ਹੋਰ ਸੂਬਿਆਂ ਵਿਚ ਗ਼ਰੀਬ ਅਤੇ ਬੇਸਹਾਰਾ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਕਾਰਜ ਕੀਤੇ ਜਾ ਰਹੇ ਹਨ। 'ਅਕਾਲ ਚੈਨਲ' ਨੂੰ ਇਹ ਐਵਾਰਡ ਮਿਲਣ 'ਤੇ ਜਗਜੀਤ ਸਿੰਘ ਚੈਨਲ ਕੰਟਰੋਲਰ, ਰਵੀ ਹਰਸ਼, ਸਵਿੰਦਰ ਸਿੰਘ ਰੰਧਾਵਾ ਗਦਰਜਾਦਾ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੇ 'ਅਕਾਲ ਚੈਨਲ' ਦੇ ਐਮ. ਡੀ. ਅਮਰੀਕ ਸਿੰਘ ਕੂਨਰ ਨੂੰ ਇਹ ਐਵਾਰਡ ਮਿਲਣ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਵਧਾਈ ਦਿੱਤੀ ਅਤੇ 'ਅਕਾਲ ਚੈਨਲ' ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਅਮਰੀਕ ਸਿੰਘ ਕੂਨਰ ਨੇ 'ਅਕਾਲ ਚੈਨਲ' ਦੀਆਂ ਸਮੂਹ ਟੀਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਅਕਾਲ ਚੈਨਲ' ਇਸੇ ਤਰ੍ਹਾਂ ਗ਼ਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਦਾ ਰਹੇਗਾ।

# ਸੁਪਰੀਮ ਕੋਰਟ ਨੇ ਨੋਟਬੰਦੀ ਦਾ ਲਿਆ ਗੰਭੀਰ ਨੋਟਿਸ

## *ਪਟੀਸ਼ਨਾਂ 'ਤੇ ਸੁਣਵਾਈ ਨਾ ਕਰਨ ਵਾਲੀ ਕੇਂਦਰ ਦੀ ਅਰਜ਼ੀ 'ਤੇ ਅਸਹਿਮਤੀ ਪ੍ਰਗਟਾਈ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵਿਚ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਤੋਂ ਬਾਅਦ ਬੈਂਕਾਂ ਅਤੇ ਡਾਕਘਰਾਂ ਦੇ ਬਾਹਰ ਲੰਮੀਆਂ ਲਾਈਨਾਂ ਲੱਗਣ ਨੂੰ ਸੁਪਰੀਮ ਕੋਰਟ ਨੇ 'ਗੰਭੀਰ ਮਸਲਾ' ਕਰਾਰ ਦਿੱਤਾ ਹੈ। ਨੋਟਬੰਦੀ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਨਾ ਕਰਨ ਦੇ ਮੁਲਕ ਦੀਆਂ ਹੋਰਨਾਂ ਅਦਾਲਤਾਂ ਨੂੰ ਹਦਾਇਤ ਦੇਣ ਦੀ ਕੇਂਦਰ ਦੀ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਆਪਣੀ ਅਸਹਿਮਤੀ ਜ਼ਾਹਰ ਕੀਤੀ। ਚੀਫ਼ ਜਸਟਿਸ ਟੀ.ਐਸ. ਠਾਕੁਰ ਅਤੇ ਜਸਟਿਸ ਏ.ਆਰ. ਦਵੇ ਦੀ ਬੈਂਚ ਨੇ ਸਬੰਧਤ ਧਿਰਾਂ ਨੂੰ ਸਾਰੇ ਅੰਕੜਿਆਂ ਅਤੇ ਹੋਰ ਮਸਲਿਆਂ ਬਾਰੇ ਲਿਖਤੀ ਤੌਰ 'ਤੇ ਤਿਆਰੀ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ, "ਇਹ ਗੰਭੀਰ ਮਸਲਾ ਹੈ, ਜਿਸ 'ਤੇ ਵਿਚਾਰ ਕਰਨ ਦੀ ਲੋੜ ਹੈ।" ਬੈਂਚ ਨੇ ਕਿਹਾ, "ਕੁਝ ਉਪਰਾਲੇ ਕਰਨ ਦੀ ਲੋੜ ਹੈ। ਵੇਖੋ ਲੋਕ ਕਿਵੇਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਲੋਕਾਂ ਨੂੰ ਹਾਈ ਕੋਰਟ ਜਾਣਾ ਪਏਗਾ। ਜੇਕਰ ਅਸੀਂ ਅਦਾਲਤ ਜਾਣ ਦਾ ਉਨ੍ਹਾਂ ਦਾ ਰਾਹ ਡੱਕ ਦਿੱਤਾ ਤਾਂ ਸਾਨੂੰ ਸਮੱਸਿਆ ਦੀ ਗੰਭੀਰਤਾ ਦਾ ਪਤਾ ਕਿਵੇਂ ਲੱਗੇਗਾ। ਲੋਕਾਂ ਵੱਲੋਂ ਵੱਖ ਵੱਖ ਅਦਾਲਤਾਂ ਵਿਚ ਜਾਣ 'ਤੇ ਹੀ ਸਮੱਸਿਆ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।" ਬੈਂਚ ਨੇ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਜਦੋਂ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਕਿ ਨੋਟਬੰਦੀ ਨੂੰ ਚੁਣੌਤੀ ਦੇਣ ਵਾਲੇ ਕਿਸੇ ਵੀ ਮਾਮਲੇ 'ਤੇ ਸੁਪਰੀਮ ਕੋਰਟ ਹੀ ਸਿਰਫ਼ ਸੁਣਵਾਈ ਕਰੇ। ਉਂਜ ਬੈਂਚ ਨੇ ਕਿਹਾ, "ਲੋਕ ਪ੍ਰਭਾਵਤ ਹੋ ਰਹੇ ਹਨ। ਉਹ ਗੁੱਸੇ ਵਿਚ ਹਨ। ਲੋਕਾਂ ਨੂੰ ਅਦਾਲਤਾਂ ਵਿਚ ਜਾਣ ਦਾ ਹੱਕ ਹੈ। ਸਮੱਸਿਆਵਾਂ ਹਨ ਅਤੇ ਕੀ ਤੁਸੀਂ (ਕੇਂਦਰ) ਇਸ ਦਾ ਵਿਰੋਧ ਕਰ ਸਕਦੇ ਹੋ।" ਅਟਾਰਨੀ ਜਨਰਲ ਨੇ ਕਿਹਾ ਕਿ ਇਸ ਵਿਚ ਕੋਈ ਵਿਵਾਦ ਨਹੀਂ ਹੈ ਪਰ ਕਤਾਰਾਂ ਹੁਣ ਛੋਟੀਆਂ ਹੋ ਰਹੀਆਂ ਹਨ। ਉਨ੍ਹਾਂ ਤਾਂ ਇਹ ਵੀ ਸੁਝਾਅ ਦਿੱਤਾ ਕਿ ਚੀਫ਼ ਜਸਟਿਸ ਦੁਪਹਿਰ ਦੇ ਭੋਜਨ ਸਮੇਂ ਬਾਹਰ ਜਾ ਕੇ ਖੁਦ ਵੀ ਇਨ੍ਹਾਂ ਲਾਈਨਾਂ ਨੂੰ ਦੇਖ ਸਕਦੇ ਹੋ। ਸ੍ਰੀ ਰੋਹਤਗੀ ਨੇ ਇਕ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਦੇ ਹਾਲਾਤ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ 'ਤੇ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਅਦਾਲਤ ਵਿਚ ਇਹ ਸਿਆਸੀ ਮੁੱਦਾ ਉਠਾਉਣ ਦੀ ਕੋਸ਼ਿਸ਼ ਹੈ। 'ਮੈਂ ਤੁਹਾਡੀ (ਸਿੱਬਲ) ਪ੍ਰੈਸ ਕਾਨਫਰੰਸ ਵੀ ਦੇਖੀ ਹੈ। ਤੁਸੀਂ ਕਿਸੇ ਸਿਆਸੀ ਪਾਰਟੀ ਵੱਲੋਂ ਨਹੀਂ ਸਗੋਂ ਇਕ ਵਕੀਲ ਵੱਜੋਂ ਪੇਸ਼ ਹੋ ਰਹੇ ਹੋ। ਤੁਸੀਂ ਸੁਪਰੀਮ ਕੋਰਟ ਨੂੰ ਸਿਆਸੀ ਅਖਾੜਾ ਬਣਾ ਰਹੇ ਹੋ।'

# ਨੋਟਬੰਦੀ ਨੇ ਲਈ ਲੁਧਿਆਣਾ ਦੇ ਬਲਬੀਰ ਸਿੰਘ ਦੀ ਜਾਨ

**ਲੁਧਿਆਣਾ/ਬਿਊਰੋ ਨਿਊਜ਼ :** ਇਥੇ ਬਸਤੀ ਜੋਧੇਵਾਲ ਦੇ ਇਲਾਕੇ ਨਿਊ ਕੁਲਦੀਪ ਨਗਰ ਵਿਚ ਇਲਾਜ ਲਈ ਬੈਂਕ ਤੋਂ ਪੈਸੇ ਨਾ ਮਿਲਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਸ਼ਨਾਖਤ ਬਲਬੀਰ ਸਿੰਘ (52) ਵਜੋਂ ਹੋਈ ਹੈ। ਉਹ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਸੀ। ਮ੍ਰਿਤਕ ਬਲਬੀਰ ਸਿੰਘ ਦੇ ਦੋਸਤ ਪਰਾਗ ਬਿੱਲਾ ਨੇ ਦੱਸਿਆ ਕਿ ਬਲਬੀਰ ਦੀ

ਬਾਕੀ ਸਫ਼ਾ 31 'ਤੇ

# ਰਾਤੋ-ਰਾਤ 'ਅਮੀਰ' ਬਣੇ ਕਿਸਾਨਾਂ ਲਈ ਮੁਸੀਬਤ ਬਣਿਆ ਨਹਿਰ ਦਾ ਕਬਜ਼ਾ

## ਪੱਕੀ ਨਹਿਰ ਤੋੜ ਕੇ ਮਿੱਟੀ ਭਰਨਾ ਸੌਖਾ ਨਹੀਂ, ਭੂ-ਮਾਫ਼ੀਏ ਨੇ ਸਾਰੀ ਮਿੱਟੀ ਕੱਢ ਕੇ ਵੇਚੀ



ਸੀਮਿੰਟ ਨਾਲ ਪੱਕੀ ਕੀਤੀ 50 ਫੁੱਟ ਡੂੰਘੀ ਨਹਿਰ, ਖਾਲੀ ਥਾਵਾਂ ਵਿਚ ਉੱਗੇ ਦਰਖ਼ਤ, ਜਿਨ੍ਹਾਂ ਨੇ 'ਲਾਭਪਾਤਰੀ' ਕਿਸਾਨਾਂ ਦੀ ਮੁਸੀਬਤ ਵਧਾਈ।

**ਬੀਬੀਪੁਰ (ਪਟਿਆਲਾ)/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਵਲੋਂ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਦੀ ਜ਼ਮੀਨ ਡੀਨੋਟੀਫਾਈ ਕਰਨ ਮਗਰੋਂ ਕਿਸਾਨ ਰਾਤੋ-ਰਾਤ 'ਅਮੀਰ' ਹੋ ਗਏ ਹਨ। ਪਰ ਇਸ ਅਮੀਰੀ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਦਿੱਤਾ ਹੈ।

ਪੰਜਾਬ ਸਰਕਾਰ ਨੇ ਇਸ ਪਿੰਡ ਵਿਚ ਇੰਡਸਟਰੀਅਲ ਹੱਬ ਬਣਾਉਣ ਦਾ ਫ਼ੈਸਲਾ ਕੀਤਾ ਸੀ ਜਿਥੇ ਜ਼ਮਨ ਦੀ ਕੀਮਤ 30 ਲੱਖ ਤੋਂ ਲੈ ਕੇ 50 ਲੱਖ ਰੁਪਏ ਪ੍ਰਤੀ ਏਕੜ ਹੈ। ਜ਼ਮੀਨ ਡੀਨੋਟੀਫਾਈ ਦੇ ਫ਼ੈਸਲੇ ਮਗਰੋਂ ਸਰਕਾਰ ਨੂੰ ਇਕ ਨਿੱਕਾ ਪੈਸਾ ਦਿੱਤੇ ਬਿਨਾਂ ਪਿੰਡ ਦਾ ਗੁਰਸ਼ਰਨ ਸਿੰਘ ਵਿਰਕ 8 ਏਕੜ ਜ਼ਮੀਨ ਮਿਲਣ ਨਾਲ ਤਿੰਨ ਕਰੋੜ ਰੁਪਏ ਦੀ ਜ਼ਮੀਨ ਦਾ ਮਾਲਕ ਬਣ ਗਿਆ ਹੈ। ਭਾਵੇਂ ਉਹ ਮਾਲ ਰਿਕਾਰਡ ਵਿਚ ਆਪਣੀ ਜ਼ਮੀਨ ਕਾਰਨ 'ਕਰੋੜਪਤੀ' ਬਣ ਗਿਆ ਹੈ ਪਰ ਉਹ ਖ਼ੁਸ਼ ਨਹੀਂ ਹੈ। ਉਸ ਨੇ ਦੱਸਿਆ, "ਮੇਰੇ ਕੋਲ ਸ਼ਨਿੱਚਰਵਾਰ ਤਕ ਸਿਰਫ਼ 6 ਏਕੜ ਜ਼ਮੀਨ ਸੀ ਤੇ ਮੈਂ ਖ਼ੁਸ਼ ਸੀ। ਸੋਮਵਾਰ ਨੂੰ ਮੈਂ 14 ਏਕੜ ਜ਼ਮੀਨ ਦਾ ਮਾਲਕ ਬਣ ਗਿਆ ਪਰ ਮੈਂ ਚਿੰਤਾ ਵਿਚ ਡੁੱਬ ਗਿਆ ਹਾਂ। ਐਸ.ਵਾਈ.ਐਲ. ਨਹਿਰ ਕਰੀਬ ਕਰੀਬ 50 ਫੁੱਟ ਡੂੰਘੀ ਹੈ। ਇਸ ਦੀ ਸਤਾ ਸੀਮਿੰਟ ਨਾਲ ਪੱਕੀ ਹੋਈ ਹੈ ਤੇ ਇਸ ਦੇ ਕਿਨਾਰੇ ਵੀ 30 ਫੁੱਟ ਤਕ ਪੱਕੇ ਹਨ। ਭੂ-ਮਾਫ਼ੀਆ ਨੇ ਇਸ ਨਹਿਰ ਦੀ ਸਾਰੀ ਮਿੱਟੀ ਪੁੱਟ ਕੇ ਵੇਚ ਦਿੱਤੀ ਹੈ। ਜੇ ਮੈਂ ਹੁਣ ਇਸ ਜ਼ਮੀਨ ਨੂੰ ਵਰਤਣਾ ਹੋਵੇ ਤਾਂ ਮੈਨੂੰ ਇਸ ਦੀ ਭੰਨ-ਤੋੜ ਕਰਵਾਉਣ ਲਈ ਘੱਟੋ-ਘੱਟ ਦਸ ਤੋਂ ਪੰਦਰਾਂ ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਸੇ ਖ਼ਰਚ ਕਰਨੇ ਪੈਣਗੇ। ਦਰਖ਼ਤ ਪੁੱਟਣੇ ਪੈਣਗੇ ਤੇ ਤਾਂ ਕਿਤੇ ਜਾ ਕੇ ਇਹ ਜ਼ਮੀਨ ਬਾਕੀ ਜ਼ਮੀਨ ਦੇ ਬਰਾਬਰ ਹੋਵੇਗੀ। ਮੇਰੇ ਕੋਲ ਇਸ ਨੂੰ ਪੂਰਨ ਲਈ ਨਾ ਤਾਂ ਏਨੇ ਪੈਸੇ ਹਨ ਤੇ ਨਾ ਲੇਬਰ।"

ਵਿਰਕ ਉਨ੍ਹਾਂ ਕਿਸਾਨਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੂੰ ਆਪਣੀ ਜ਼ਮੀਨ ਦੀ ਫ਼ਰਦ ਮਿਲ ਗਈ ਹੈ ਤੇ ਆਪਣੀ ਜ਼ਮੀਨ ਦਾ ਕਬਜ਼ਾ ਮਿਲ ਗਿਆ ਹੈ। ਅਜਿਹੇ ਹੀ ਹੋਰ ਕਿਸਾਨ ਕੁਲਬੀਰ ਸਿੰਘ ਤੇ ਕੁਲਦੀਪ ਸਿੰਘ ਹਨ, ਜੋ ਇਸੇ ਤਰ੍ਹਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਨ੍ਹਾਂ ਨੂੰ ਆਪਣੀ ਜ਼ਮੀਨ ਤਾਂ ਵਾਪਸ ਮਿਲ ਗਈ ਹੈ ਪਰ ਇਹ ਉਨ੍ਹਾਂ ਦੇ ਦਾਦਿਆਂ ਦੀ ਜ਼ਮੀਨ ਸੀ ਤੇ ਹੁਣ ਇਸ ਦੇ ਹੋਰ ਵੀ ਕਾਨੂੰਨੀ ਹਿੱਸੇਦਾਰ ਆ ਗਏ ਹਨ।

**ਕਾਨੂੰਨੀ ਅੜਚਨ :** ਕਿਸਾਨਾਂ ਦੀ ਬੇਚੈਨੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਕਿਉਂਕਿ ਐਸ.ਵਾਈ.ਐਲ. ਕੇਸ ਹਾਲੇ ਵੀ ਸੁਪਰੀਮ ਕੋਰਟ ਵਿਚ ਹੈ, ਇਸ ਲਈ ਕਿਸਾਨ ਪ੍ਰੇਸ਼ਾਨ ਹਨ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਕੀ ਹੋਵੇਗਾ। ਕਿਸਾਨਾਂ ਨੇ ਕਿਹਾ ਕਿ ਜਦੋਂ ਤਕ ਇਹ ਜ਼ਮੀਨ ਅਦਾਲਤੀ ਫ਼ੈਸਲੇ ਅਧੀਨ ਹੈ ਤਾਂ ਇਸ 'ਤੇ ਪੈਸਾ ਕਿਵੇਂ ਖ਼ਰਚ ਕਰ ਸਕਦੇ ਹਨ। ਜੇਕਰ ਅਦਾਲਤ ਦਾ ਫ਼ੈਸਲਾ ਪੰਜਾਬ ਦੇ ਹੱਕ ਵਿਚ ਨਹੀਂ ਆਉਂਦਾ ਤਾਂ ਉਨ੍ਹਾਂ ਦੇ ਸਾਰੇ ਯਤਨ ਬੇਕਾਰ ਚਲੇ ਜਾਣਗੇ। ਇਸ ਲਈ ਆਪਣੀਆਂ ਜ਼ਮੀਨਾਂ ਦਾ ਅਸਲ ਕਬਜ਼ਾ ਲੈਣ ਲਈ ਉਨ੍ਹਾਂ ਨੂੰ ਦੇਖੋ ਤੇ ਉਡੀਕੋ ਵਾਲੀ ਨੀਤੀ 'ਤੇ ਚੱਲਣਾ ਪਏਗਾ। ਪਿੰਡ ਦੇ ਵਸਨੀਕ ਰਾਮੇਸ਼ ਨੇ ਕਿਹਾ, "ਜਦੋਂ ਤਕ ਸੁਪਰੀਮ ਕੋਰਟ ਦਾ ਆਖ਼ਰੀ ਫ਼ੈਸਲਾ ਨਹੀਂ ਆਉਂਦਾ, ਅਸੀਂ ਇਨ੍ਹਾਂ ਜ਼ਮੀਨਾਂ 'ਤੇ ਇਕ ਵੀ ਪੈਸਾ ਖ਼ਰਚ ਨਹੀਂ ਕਰਾਂਗੇ। ਪਿਛਲੇ ਸਾਲ ਮਾਰਚ ਵਿਚ ਕਿਸਾਨਾਂ ਨੇ ਕੁਝ ਦਰਖ਼ਤ ਵੱਢ ਦਿੱਤੇ ਸਨ ਤਾਂ ਜੰਗਲਾਤ ਅਧਿਕਾਰੀਆਂ ਨੇ ਸਾਡੇ ਵਿਚੋਂ ਕਈਆਂ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਸੀ। ਸੋ, ਜ਼ਮੀਨਾਂ ਦੀ ਵਾਪਸੀ ਹਾਲੇ ਸਿਰਫ਼ ਮਾਲੀਆ ਰਿਕਾਰਡ ਵਿਚ ਹੀ ਦਰਜ ਹੋਈ ਹੈ।"

### ਐਸ.ਵਾਈ.ਐਲ. ਦੀ ਵਰਤੋਂ ਪੰਜਾਬ ਲਈ ਹੋਵੇ :

ਇਸੇ ਦੌਰਾਨ ਕੁਝ ਕਿਸਾਨਾਂ ਇਹ ਸੁਝਾਅ ਲੈ ਕੇ ਆਏ ਹਨ ਕਿ 122 ਕਿਲੋਮੀਟਰ ਐਸ.ਵਾਈ.ਐਲ. ਨੂੰ ਢਾਹੁਣਾ ਨਹੀਂ ਚਾਹੀਦਾ ਤੇ ਇਸ ਨੂੰ ਪੰਜਾਬ ਵਿਚ ਹੀ ਸਿੰਜਾਈ ਲਈ ਵਰਤਣਾ ਚਾਹੀਦਾ ਹੈ। ਇਸ ਜ਼ਮੀਨ ਦੀ ਸਾਡੇ ਲਈ ਬਹੁਤ ਕੀਮਤ ਹੈ ਪਰ ਜ਼ਿਆਦਾ ਜ਼ਰੂਰੀ ਪਾਣੀ ਹੈ ਜੋ ਖੇਤੀ ਲਈ ਬਹੁਤ ਅਹਿਮੀਅਤ ਰੱਖਦਾ ਹੈ। ਸੰਜੀਵ ਸੂਦ, ਜਿਸ ਨੂੰ ਇਕ ਕਨਾਲ ਜ਼ਮੀਨ ਵਾਪਸ ਮਿਲੀ ਹੈ, ਨੇ ਕਿਹਾ, "ਪਾਣੀ ਦਾ ਪੱਧਰ ਇਸ ਇਲਾਕੇ ਵਿਚ 400 ਫੁੱਟ ਡੂੰਘਾਈ ਤਕ ਹੇਠਾਂ ਚਲਾ ਗਿਆ ਹੈ। ਨਹਿਰ ਤੋੜਨ ਦੀ ਬਜਾਏ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਨੂੰ ਸੂਬੇ ਦੇ ਅੰਦਰ ਅੰਦਰ ਸਿੰਜਾਈ ਲਈ ਵਰਤੇ। ਇਸ ਨਾਲ ਰੋਪੜ, ਮੁਹਾਲੀ, ਫਤਿਹਗੜ੍ਹ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਲਾਭ ਮਿਲੇਗਾ। ਪਟਿਆਲਾ ਤੇ ਫਤਿਹਗੜ੍ਹ ਸਾਹਿਬ ਦੇ ਕਿਸਾਨਾਂ ਨੇ ਉਸ ਦੀ ਸੁਰ ਨਾਲ ਸੁਰ ਮਿਲਾਈ ਹੈ।"

ਦੂਜੇ ਪਾਸੇ ਮਾਲੀਆ ਅਧਿਕਾਰੀਆਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਕਿਸਾਨਾਂ ਨੂੰ ਐਸ.ਵਾਈ.ਐਲ. ਦੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਲਈ ਦਿਨ-ਰਾਤ ਲਾ ਕੇ ਰਿਕਾਰਡ ਤਿਆਰ ਕੀਤਾ ਹੈ ਪਰ ਕਿਸਾਨਾਂ ਨੇ ਫਰਦ ਲੈਣ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਪਟਿਆਲਾ ਜ਼ਿਲ੍ਹੇ ਵਿਚ ਹੁਣ ਤਕ ਸਿਰਫ਼ 7 ਫਰਦਾਂ ਹੀ ਕਿਸਾਨਾਂ ਨੇ ਲਈਆਂ ਹਨ ਜਦਕਿ ਫ਼ਤਿਹਗੜ੍ਹ ਸਾਹਿਬ ਵਿਚ ਸਿਰਫ਼ ਇਕ ਕਿਸਾਨ ਨੇ ਹੀ ਫਰਦ ਲਈ ਅਪਲਾਈ ਕੀਤਾ ਹੈ। ਉਧਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਐਸ.ਵਾਈ.ਐਲ. ਦਾ ਮੁੱਦਾ ਹੁਣ ਪੰਜਾਬ ਸਰਕਾਰ ਲਈ ਖ਼ਤਮ ਹੋ ਗਿਆ ਹੈ। ਉਨ੍ਹਾਂ ਕਿਹਾ, "ਕਿਸਾਨਾਂ ਨੂੰ ਜ਼ਮੀਨ ਵਾਪਸ ਕੀਤੀ ਜਾ ਚੁੱਕੀ ਹੈ, ਉਹ ਇਸ ਜ਼ਮੀਨ ਦਾ ਜੋ ਚਾਹੁਣ ਕਰਨ। ਪੰਜਾਬ ਸਰਕਾਰ ਲਈ ਇਹ ਚੈਪਟਰ ਬੰਦ ਹੋ ਚੁੱਕਾ ਹੈ।"

### ਖ਼ਰਚੀਲਾ ਹੈ ਜ਼ਮੀਨ ਪੱਧਰੀ ਕਰਨਾ

ਨਹਿਰ ਨੂੰ ਪੱਧਰਾ ਕਰਨਾ ਬਹੁਤ ਮਹਿੰਗਾ ਸੌਦਾ ਹੈ ਅਤੇ ਕਿਸਾਨਾਂ ਕੋਲ ਨਾ ਤਾਂ ਏਨਾ ਪੈਸਾ ਹੈ ਤੇ ਨਾ ਹੀ ਮਸ਼ੀਨਰੀ ਹੈ। ਵਿਰਗ ਵਾਂਗ ਕੁਝ ਕਿਸਾਨਾਂ ਨੂੰ ਸੰਕੇਤਕ ਤੌਰ 'ਤੇ ਜ਼ਮੀਨ ਦਾ ਕਬਜ਼ਾ ਮਿਲ ਗਿਆ ਹੈ ਪਰ ਕਿਸੇ ਨੇ ਵੀ ਨਹਿਰ ਪੱਧਰੀ ਕਰਨ ਦਾ ਕੰਮ ਸ਼ੁਰੂ ਨਹੀਂ ਕੀਤਾ। ਇਨ੍ਹਾਂ ਸਾਰਿਆਂ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਹੈ। 'ਲਾਭਪਾਤਰੀ' ਕਿਸਾਨਾਂ ਨੇ ਕਿਹਾ, "ਸਰਕਾਰ ਦੀ ਮਦਦ ਤੋਂ ਬਿਨਾਂ ਅਸੀਂ ਨਹਿਰ ਪੱਧਰੀ ਨਹੀਂ ਕਰ ਸਕਦੇ। ਸਰਕਾਰ ਸਾਨੂੰ ਸਾਡੀਆਂ ਜ਼ਮੀਨਾਂ ਪਹਿਲਾਂ ਵਾਲੇ ਰੂਪ ਵਿਚ ਹੀ ਵਾਪਸ ਕਰੇ। ਜਦੋਂ ਜ਼ਮੀਨ ਐਕਵਾਇਰ ਕੀਤੀ ਗਈ ਸੀ, ਤਾਂ ਮੇਰੇ ਦਾਦੇ ਨੇ ਗੋਭੀ ਦੀ ਖੇਤੀ ਕੀਤੀ ਹੋਈ ਸੀ। ਹੁਣ ਇਹ ਜੰਗਲ ਬਣ ਚੁੱਕਾ ਹੈ, ਇਸ ਦੀ ਸਾਰੀ ਮਿੱਟੀ ਬਹੁਤ ਡੂੰਘਾਈ ਤਕ ਭੂ-ਮਾਫ਼ੀਏ ਨੇ ਵੇਚ ਦਿੱਤੀ ਹੈ।"

# ਪਾਣੀਆਂ ਦੇ ਮੁੱਦੇ 'ਤੇ ਚੁੱਪ ਕੇਜਰੀਵਾਲ ਨੇ ਮੋਦੀ ਨੂੰ ਲਲਕਾਰਿਆ

## ਬਾਦਲਾਂ ਤੇ ਕੈਪਟਨ ਦਾ ਕਾਲਾ ਧਨ ਬਾਹਰ ਕੱਢ ਕੇ ਦਿਖਾਓ

**ਬਠਿੰਡਾ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੁਣੌਤੀ ਦਿੰਦਿਆਂ ਆਖਿਆ ਕਿ ਜੇਕਰ ਪ੍ਰਧਾਨ ਮੰਤਰੀ ਵਿੱਚ ਦਮ ਹੈ ਤਾਂ ਉਹ ਛਾਪੇਮਾਰੀ ਕਰਵਾ ਕੇ ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਕਾਲੇ ਧਨ ਨੂੰ ਬਾਹਰ ਕੱਢਣ।

ਪਿੰਡ ਕੋਟਸ਼ਮੀਰ ਵਿੱਚ ਹੋਈ ਪੰਜਾਬ ਇਨਕਲਾਬ ਰੈਲੀ ਦੌਰਾਨ ਸ੍ਰੀ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਸਿਆਸੀ ਪਰਿਵਾਰਾਂ ਦੇ ਕਾਲੇ ਧਨ ਨੂੰ ਮੁੱਖ ਤੌਰ 'ਤੇ ਉਭਾਰਿਆ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਆਮ ਲੋਕਾਂ ਨੂੰ ਖੱਜਲ-ਖੁਆਰ ਕਰ ਰਹੇ ਹਨ ਜਦੋਂਕਿ ਸਭ ਤੋਂ ਵੱਧ ਕਾਲਾ ਧਨ ਬਾਦਲ ਪਰਿਵਾਰ ਕੋਲ ਹੈ। ਬਾਦਲ ਤੇ ਕੈਪਟਨ ਨੇ ਦੋਹਾਂ ਨੇ ਪੰਜਾਬ ਨੂੰ ਲੁੱਟਿਆ ਹੈ। ਕੇਜਰੀਵਾਲ ਨੇ ਕੈਪਟਨ ਦੇ ਸਵਿੱਸ ਬੈਂਕ ਵਿਚਲੇ ਕਥਿਤ ਖਾਤਿਆਂ ਨੂੰ ਵੀ ਸਟੇਜ ਤੋਂ ਨਸ਼ਰ ਕੀਤਾ, ਜਿਨ੍ਹਾਂ ਦੇ ਜੁਲਾਈ 2005 ਵਿੱਚ ਖੋਲ੍ਹੇ ਜਾਣ ਦਾ ਜ਼ਿਕਰ ਕੀਤਾ ਗਿਆ। ਉਨ੍ਹਾਂ ਆਖਿਆ ਕਿ ਜਦੋਂ ਕੈਪਟਨ ਮੁੱਖ ਮੰਤਰੀ ਬਣੇ ਸਨ ਤਾਂ ਉਦੋਂ ਉਨ੍ਹਾਂ ਦੀ ਮਾਲੀ ਹਾਲਤ ਕਾਫ਼ੀ ਬਦਤਰ ਸੀ ਪਰ ਮੁੱਖ ਮੰਤਰੀ ਹੁੰਦੇ ਹੋਏ ਹੀ ਉਨ੍ਹਾਂ ਕੋਲ ਅਥਾਹ ਦੌਲਤ ਆ ਗਈ। ਜੇਕਰ ਕੈਪਟਨ ਅਮਰਿੰਦਰ ਸਿੰਘ ਸੱਚੇ ਹਨ ਤਾਂ ਉਹ ਉਨ੍ਹਾਂ ਖ਼ਿਲਾਫ਼ ਅਦਾਲਤ ਵਿੱਚ ਕੇਸ ਦਾਇਰ ਕਰਨ ਅਤੇ ਉਹ ਅਦਾਲਤ ਵਿੱਚ ਕਾਲੇ ਧਨ ਦੇ ਵੇਰਵੇ ਰੱਖਣਗੇ।



ਸ੍ਰੀ ਕੇਜਰੀਵਾਲ ਨੇ ਸਤਲੁਜ-ਯਮਨਾ ਲਿੰਕ ਨਹਿਰ ਦੇ ਮੁੱਦੇ 'ਤੇ ਆਪਣਾ ਮੂੰਹ ਨਹੀਂ ਖੋਲ੍ਹਿਆ, ਜਿਸ ਕਰਕੇ ਵਿਰੋਧੀ ਧਿਰਾਂ ਨੇ ਇਸ ਚੁੱਪੀ ਨੂੰ ਤੂਲ ਵੀ ਦਿੱਤੀ। ਉਨ੍ਹਾਂ ਲੋਕਾਂ ਨੂੰ ਵਿਸਥਾਰ ਵਿੱਚ ਸਮਝਾਇਆ ਕਿ ਕਿਵੇਂ ਅਮਰਿੰਦਰ ਤੇ ਬਾਦਲ ਆਪਸ ਵਿੱਚ ਮਿਲੇ ਹੋਏ ਹਨ। ਉਨ੍ਹਾਂ ਆਖਿਆ ਕਿ ਬਾਦਲ ਤੇ ਅਮਰਿੰਦਰ ਨੇ 'ਆਪ' ਨੂੰ ਸੱਤਾ ਤੋਂ ਦੂਰ ਰੱਖਣ ਲਈ ਗੁਪਤ ਸਮਝੌਤਾ ਕੀਤਾ ਹੈ, ਜਿਸ ਤਹਿਤ ਕੈਪਟਨ ਖ਼ਿਲਾਫ਼ ਚੱਲਦੇ ਕੇਸ ਸਰਕਾਰ ਨੇ ਵਾਪਸ ਲਏ ਹਨ। ਮਜੀਠੀਆ ਦੇ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਬਚਾਅ ਕੀਤਾ ਹੈ। ਉਨ੍ਹਾਂ ਆਖਿਆ ਕਿ ਬਾਦਲਾਂ ਵੱਲੋਂ ਪ੍ਰਧਾਨ ਮੰਤਰੀ ਦੀ ਦੋ ਵਰ੍ਹਿਆਂ ਤੋਂ ਹਾਜ਼ਰੀ ਭਰੀ ਜਾ ਰਹੀ ਹੈ ਪਰ ਫਿਰ ਵੀ ਪੰਜਾਬ ਵਾਸਤੇ ਕੁਝ ਹਾਸਲ ਨਹੀਂ ਹੋਇਆ ਹੈ। ਉਨ੍ਹ ਜ਼ੋਰ ਦੇ ਕੇ ਕਿਹਾ ਕਿ ਉਹ ਪੰਜਾਬ ਦੇ ਹੱਕ ਲੈਣ ਲਈ ਨਰਿੰਦਰ ਮੋਦੀ ਦੇ ਪੈਰੀਂ ਪੈਣ ਨੂੰ ਵੀ ਤਿਆਰ ਹਨ। ਸ੍ਰੀ ਕੇਜਰੀਵਾਲ ਨੇ ਦਿੱਲੀ ਵਿੱਚ 'ਆਪ' ਸਰਕਾਰ ਵੱਲੋਂ ਕੀਤੇ ਕੰਮਾਂ ਦੀ ਚਰਚਾ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕਾਂ ਦੇ ਦੁੱਖਾਂ ਦਾ ਅੰਤ ਕੀਤਾ ਜਾਵੇਗਾ, ਇੱਕ ਮਹੀਨੇ ਵਿਚ ਨਸ਼ਿਆਂ ਦੇ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾਵੇਗਾ ਅਤੇ ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਖਤਮ ਕੀਤਾ ਜਾਵੇਗਾ।

ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਪੰਥਕ ਮੁੱਦਿਆਂ 'ਤੇ ਚਰਚਾ ਕੀਤੀ। ਸੰਸਦ ਮੈਂਬਰ ਭਗਵੰਤ ਮਾਨ ਨੇ 'ਚਿੱਟੇ' 'ਤੇ ਕਵਿਤਾ ਬੋਲੀ। ਸਾਬਕਾ ਐਮ.ਪੀ ਜਗਮੀਤ ਬਰਾੜ ਸਟੇਜ 'ਤੇ ਸਨ ਪਰ ਉਨ੍ਹਾਂ ਭਾਸ਼ਣ ਨਹੀਂ ਕੀਤਾ। 'ਆਪ' ਦੇ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੋ. ਬਲਜਿੰਦਰ ਕੌਰ ਨੇ ਰਿਫਾਈਨਰੀ ਦੇ ਬਾਹਰ ਗਠਜੋੜ ਸਰਕਾਰ ਦੇ ਆਗੂਆਂ ਵੱਲੋਂ ਲਾਏ ਗੁੰਡਾ ਟੈਕਸ ਦਾ ਮਾਮਲਾ ਉਠਾਇਆ। ਰੈਲੀ ਨੂੰ ਬਠਿੰਡਾ (ਦਿਹਾਤੀ) ਤੋਂ ਉਮੀਦਵਾਰ ਰੁਪਿੰਦਰ ਕੌਰ ਰੂਬੀ, ਬਠਿੰਡਾ (ਸ਼ਹਿਰੀ) ਦੇ ਉਮੀਦਵਾਰ ਦੀਪਕ ਬਾਂਸਲ, ਮਾਨਸਾ ਦੇ ਉਮੀਦਵਾਰ ਨਾਜ਼ਰ ਸਿੰਘ ਮਾਨਸ਼ਾਹੀਆ, ਬੁਢਲਾਡਾ ਹਲਕੇ ਦੇ ਉਮੀਦਵਾਰ ਸੇਵਾਮੁਕਤ ਪ੍ਰਿੰਸੀਪਲ ਬੁੱਧ ਰਾਮ ਅਤੇ ਫ਼ਰੀਦਕੋਟ ਹਲਕੇ ਦੇ ਉਮੀਦਵਾਰ ਗੁਰਦਿੱਤ ਸਿੰਘ ਸੇਖੋਂ ਨੇ ਵੀ ਸੰਬੋਧਨ ਕੀਤਾ।

# ਕੈਪਟਨ ਨੇ ਕੀਤਾ 50 ਲੱਖ ਸਮਾਰਟ ਫ਼ੋਨ ਦੇਣ ਦਾ ਵਾਅਦਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਕਾਂਗਰਸ ਦੇ ਸੱਤਾ ਵਿੱਚ ਆਉਣ 'ਤੇ ਨੌਜਵਾਨਾਂ ਨੂੰ ਮੁਫ਼ਤ ਡਾਟਾਕਾਰਡ ਤੇ ਕਾਲਿੰਗ ਸਮੇਤ 50 ਲੱਖ ਸਮਾਰਟ ਫੋਨ ਦਿੱਤੇ ਜਾਣਗੇ।



ਉਨ੍ਹਾਂ ਇਹ ਐਲਾਨ ਇਥੇ ਸੈਕਟਰ 42 ਵਿੱਚ 'ਕੈਪਟਨ ਸਮਾਰਟ ਕੁਨੈਕਟ' ਸਕੀਮ ਲਾਂਚ ਕਰਨ ਮੌਕੇ ਕੀਤਾ। ਉਨ੍ਹਾਂ ਵਾਅਦਾ ਕੀਤਾ ਕਿ ਇਸ ਸਕੀਮ ਤਹਿਤ ਖ਼ੁਦ ਨੂੰ ਰਜਿਸਟਰ ਕਰਨ ਵਾਲਿਆਂ ਨੂੰ ਕਾਂਗਰਸ ਸਰਕਾਰ ਬਣਨ 'ਤੇ 100 ਦਿਨਾਂ ਦੇ ਅੰਦਰ-ਅੰਦਰ ਸਮਾਰਟ ਫੋਨ ਦਿੱਤੇ ਜਾਣਗੇ। ਇਸ ਸਕੀਮ ਤਹਿਤ ਵੈੱਬਸਾਈਟ ਉਪਰ ਰਜਿਸਟਰੇਸ਼ਨ ਲਈ ਆਖ਼ਰੀ ਤਰੀਕ 30 ਨਵੰਬਰ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਸ ਸਕੀਮ 'ਤੇ ਪਹਿਲੇ ਸਾਲ ਨਿਵੇਸ਼ ਤੋਂ ਬਾਅਦ ਹਰ ਸਾਲ 300-400 ਕਰੋੜ ਰੁਪਏ ਦਾ ਖ਼ਰਚਾ ਆਵੇਗਾ। ਉਨ੍ਹਾਂ ਦੀ ਸਰਕਾਰ ਬਣਨ ਪਿੱਛੋਂ ਯੂਥ ਵੈਲਫੇਅਰ ਪ੍ਰੋਗਰਾਮ ਤਹਿਤ ਸਕੀਮ ਨੂੰ ਫੰਡ ਦੇਣ ਵਾਸਤੇ ਸੂਬੇ ਦੇ ਬਜਟ ਵਿੱਚ ਵਿਵਸਥਾ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਦੇ ਸਮਾਗਮ ਦਾ ਬੇਅੰਤ ਸਿੰਘ ਮੈਮੋਰੀਅਲ, ਸੈਕਟਰ 42, ਚੰਡੀਗੜ੍ਹ ਤੋਂ ਉਨ੍ਹਾਂ ਦੇ ਫੇਸਬੁੱਕ ਪੇਜ 'ਤੇ ਸਿੱਧਾ ਪ੍ਰਸਾਰਨ ਕੀਤਾ ਗਿਆ। ਇਸ ਸਕੀਮ ਦਾ ਲਾਹਾ ਲੈਣ ਲਈ ਨੌਜਵਾਨਾਂ ਦਾ ਦਸਵੀਂ ਪਾਸ ਹੋਣਾ ਲਾਜ਼ਮੀ ਹੈ ਤੇ ਉਸ ਦੇ ਪਰਿਵਾਰ ਦੀ ਸਾਲਾਨਾ ਆਮਦਨ 6 ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵੱਲੋਂ ਕੀਤੀਆਂ ਟਿੱਪਣੀਆਂ ਸਬੰਧੀ ਕਿਹਾ ਕਿ ਭਾਜਪਾ ਆਗੂ ਨੇ ਆਪਣੀ ਨਿਰਾਸ਼ਾਪੂਰਨ ਕੋਸ਼ਿਸ਼ਾਂ ਵਿਚ ਪੰਜਾਬ ਦੇ ਵੋਟਰਾਂ ਨੂੰ ਭਰਮਾਉਣ ਖਾਤਰ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਨੋਟਬੰਦੀ ਦੀ ਪੂਰੀ ਪ੍ਰਕਿਰਿਆ ਨੇ ਲੋਕਾਂ ਲਈ ਮਾੜੇ ਹਾਲਾਤ ਪੈਦਾ ਕਰ ਦਿੱਤੇ ਹਨ ਤੇ ਇਹ ਸਕੀਮ ਸਿਰਫ਼ ਇੱਕ ਧੋਖਾ ਹੈ। 'ਆਪ' ਆਗੂ ਅਰਵਿੰਦ ਕੇਜਰੀਵਾਲ ਵੱਲੋਂ ਉਨ੍ਹਾਂ (ਅਮਰਿੰਦਰ) ਤੇ ਉਨ੍ਹਾਂ ਦੇ ਪਰਿਵਾਰ ਦੇ ਵਿਦੇਸ਼ੀ ਬੈਂਕ ਖਾਤਿਆਂ ਸਬੰਧੀ ਦਸਤਾਵੇਜ਼ ਰਿਲੀਜ਼ ਕਰਨ ਦੀ ਦਿੱਤੀ ਚੇਤਾਵਨੀ ਸਬੰਧੀ ਉਨ੍ਹਾਂ ਨੇ ਕੇਜਰੀਵਾਲ ਨੂੰ ਅਜਿਹੇ ਕਾਗਜ਼ਾਤ ਬਾਹਰ ਲਿਆਉਣ ਦੀ ਚੁਣੌਤੀ ਦਿੱਤੀ।

ਅੰਮ੍ਰਿਤਸਰ ਟਾਈਮਜ਼ AMRITSAR TIMES

23 ਨਵੰਬਰ 2016 ਤੋਂ 29 ਨਵੰਬਰ 2016

## ਪੰਜਾਬ ਦਾ ਸਿਆਸੀ ਅਖ਼ਾੜਾ

### ਵੇਖਣ ਹੀ ਵਾਲੀਆਂ ਨੇ ਨੇਤਾਵਾਂ ਤੇ ਵਰਕਰਾਂ ਦੀਆਂ ਰਾਜਸੀ ਕਲਾਬਾਜ਼ੀਆਂ

ਪੰਜਾਬ ਵਿਧਾਨ ਸਭਾ ਦੀਆਂ ਨੇੜ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ ਲਈ ਸਰਗਰਮੀਆਂ ਸਿਖ਼ਰ ਵਲ ਵਧਣ ਦਾ ਦੌਰ ਸ਼ੁਰੂ ਹੋ ਗਿਆ ਹੈ। ਮੁੱਖ ਰਾਜਸੀ ਪਾਰਟੀਆਂ ਵਲੋਂ ਵੱਖ ਵੱਖ ਹਲਕਿਆਂ ਲਈ ਆਪੋ ਅਪਣੇ ਉਮੀਦਵਾਰਾਂ ਦੀਆਂ ਸੂਚੀਆਂ ਜਾਰੀ ਕਰਨ ਦੇ ਨਾਲ ਨਾਲ ਨਵੇਂ ਰਾਜਸੀ ਗਠਜੋੜਾਂ ਨੂੰ ਵੀ ਅੰਤਮ ਰੂਪ ਦਿੱਤਾ ਜਾ ਰਿਹਾ ਹੈ। ਵੈਸੇ ਤਾਂ ਹਰ ਚੋਣ ਗਠਜੋੜ ਦੀਆਂ ਸੰਭਾਵਨਾਵਾਂ, ਚਰਚਿਆਂ ਅਤੇ ਨੇਪਰੇ ਚੜ੍ਹਣ ਸਬੰਧੀ ਚੁੰਝ ਚਰਚਾ ਪਲਾਂ ਵਿੱਚ ਹੀ ਸ਼ੁਰੂ ਹੋ ਜਾਂਦੀ ਪਰ ਚੋਣ ਅਖ਼ਾੜੇ ਦੇ ਮਘਣ ਦੌਰਾਨ ਸਭ ਤੋਂ ਦਿਲਚਸਪ ਮਾਮਲਾ ਦਲ ਬਦਲੀਆਂ ਦਾ ਹੈ। ਕੋਈ ਪਤਾ ਨਹੀਂ ਹੁੰਦਾ ਕਿਹੜਾ ਆਗੂ ਕਿਧਰ ਆ ਰਿਹਾ ਤੇ ਕਿਧਰ ਜਾ ਰਿਹਾ ਹੈ। ਸੁਭਾਵਕ ਹੀ ਉਸ ਦੇ ਨਾਲ ਉਸ ਦੇ ਸਮਰਥਕਾਂ ਅਤੇ ਵਰਕਰਾਂ ਨੇ ਜਾਣਾ-ਆਉਣਾ ਹੀ ਹੁੰਦਾ ਹੈ। ਦਲ ਬਦਲੀਆਂ ਦੇ ਇਸ ਰੁਝਾਨ ਤੋਂ ਕੋਈ ਪਾਰਟੀਆਂ ਨਹੀਂ ਬਚੀ। ਖ਼ਾਸ ਕਰ ਟਿਕਟਾਂ ਦੇ ਐਲਾਨ ਬਾਅਦ ਕਿਸੇ ਵੀ ਪਾਰਟੀ ਵਿਚੋਂ ਦਲ ਬਦਲੀਆਂ ਕਰਨ ਵਾਲਿਆਂ ਦਾ ਸਿਲਸਿਲਾ ਤੱਟ ਫੱਟ ਤੇਜ਼ ਹੁੰਦਾ, ਥੋੜ੍ਹਾ ਰੌਲਾ ਰੱਪਾ ਪੈਂਦਾ ਅਤੇ ਕੁਝ ਸਮੇਂ ਬਾਅਦ ਸਭ ਕੁਝ ਝੱਗ ਵਾਂਗ ਬਹਿ ਜਾਂਦਾ ਹੈ। ਹਾਲੇ ਤੱਕ ਟਿਕਟਾਂ ਦੀ ਵੰਡ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ (ਆਪ) ਅਤੇ ਸੱਤਾਧਾਰੀ ਅਕਾਲੀ ਦਲ (ਬਾਦਲ) ਨੇ ਕਾਫ਼ੀ ਕੰਮ ਨਿਬੇੜ ਲਿਆ ਹੈ। ਇਸੇ ਲਈ ਇਨ੍ਹਾਂ ਦੋਵਾਂ ਪਾਰਟੀਆਂ ਵਿਚੋਂ ਬਗ਼ਾਵਤੀ ਸੁਰਾਂ ਦੇ ਉਠਣ ਅਤੇ ਦਲ ਬਦਲੀਆਂ ਸਾਹਮਣੇ ਆਈਆਂ ਹਨ। ਸੁਭਾਵਕ ਹੀ ਦੋਵਾਂ ਪਾਰਟੀਆਂ ਵਿਚੋਂ ਦਲ ਬਦਲੀਆਂ ਕਰਨ ਵਾਲਿਆਂ ਨੇ ਕਾਂਗਰਸ ਦਾ ਪੱਲਾ ਫੜਣ ਨੂੰ ਪਹਿਲ ਦੇਣੀ ਸੀ। ਅਜਿਹਾ ਹੋਇਆ ਅਤੇ ਹੋ ਰਿਹਾ ਹੈ। ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਪਹਿਲਾਂ ਦੀ ਤਰ੍ਹਾਂ ਅਕਾਲੀਆਂ ਅਤੇ ਕਾਂਗਰਸ ਵਿਚਾਲੇ ਸਿੱਧੇ ਮੁਕਾਬਲੇ ਦੀ ਥਾਂ ਆਮ ਆਦਮੀ ਪਾਰਟੀ ਨੂੰ ਲੋਕਾਂ ਦੇ ਭਰਵੇਂ ਹੁੰਗਾਰੇ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਮੁਕਾਬਲਾ ਤਿਕੋਣਾ ਹੋਵੇਗਾ। ਅਜਿਹਾ ਹੋਣ ਦੀ ਸੂਰਤ ਵਿੱਚ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਸੱਤਾ ਵਿੱਚ ਆਉਣ ਬਾਰੇ ਸਿਆਸੀ ਹਲਕਿਆਂ ਵਿੱਚ ਕਾਫ਼ੀ ਸ਼ੰਕੇ ਹਨ, ਇਸ ਦੇ ਬਾਵਜੂਦ ਦਲ ਬਦਲੂਆਂ ਵਿਚੋਂ ਬਹੁਤੇ ਕਾਂਗਰਸ ਨੂੰ ਹੀ ਪਹਿਲ ਦੇ ਰਹੇ ਹਨ। ਇਸ ਦਾ ਇੱਕ ਕਾਰਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਦੇ ਪੇਂਡੂ ਲੋਕਾਂ ਖ਼ਾਸ ਕਰ ਕਿਸਾਨਾਂ ਵਿੱਚ ਹੋਰ ਕਿਸੇ ਵੀ ਆਗੂ ਦੇ ਮੁਕਾਬਲੇ ਨਿੱਜੀ ਤੌਰ 'ਤੇ ਹਰਮਨਪਿਆਰਤਾ ਹੈ। ਹਾਂ ਕੈਪਟਨ ਅਤੇ ਕਾਂਗਰਸ ਦੀ ਵੀ ਅਸਲੀ ਪਰਖ ਤਾਂ ਟਿਕਟਾਂ ਦੀ ਵੰਡ ਵਾਲੀ ਥੈਲੀ ਖੁਲ੍ਹਣੀ ਸ਼ੁਰੂ ਹੋਣ ਬਾਅਦ ਹੀ ਹੋਵੇਗੀ। ਇਸ ਬਾਰੇ ਦੋ ਰਾਵਾਂ ਨਹੀਂ ਕਿ ਕਾਂਰਗਸ ਦੇ ਉਮੀਦਵਾਰਾਂ ਦਾ ਐਲਾਨ ਹੋਣ ਬਾਅਦ ਜਿਹੜੀ ਕਾਵਾਂ-ਰੌਲੀ ਪੈਣੀ ਹੈ, ਉਸ ਦਾ ਸ਼ੋਰ ਬੜਾ ਉੱਚਾ ਅਤੇ ਦੂਰ ਦੂਰ ਤੱਕ ਸਣਾਈ ਦੇਵੇਗਾ। ਟਿਕਟਾਂ ਨਾ ਮਿਲਣ ਕਾਰਨ ਬਾਗੀ ਹੋਏ ਆਗੂਆਂ ਦਾ ਚੋਣ ਮੈਦਾਨ ਵਿੱਚ ਨਿਤਰਣਾ ਕਾਂਗਰਸ ਲਈ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਰਾਜਸੀ ਤੌਰ ਉੱਤੇ ਵੱਧ ਮਹਿੰਗਾ ਪਵੇਗਾ। ਦਿਲਚਸਪ ਗੱਲ ਇਹ ਕਿ ਕਾਂਗਰਸੀ ਆਗੂ ਅਤੇ ਉਨ੍ਹਾਂ ਦੇ ਹਮਾਇਤੀ ਇਸ ਵਾਰ ਸੱਤਾ ਵਿੱਚ ਆਉਣ ਦਾ ਭਰਮ ਕਾਫ਼ੀ ਗੰਭੀਰ ਰੂਪ ਵਿੱਚ ਪਾਲੀ ਬੈਠੇ ਹਨ। ਪੰਜਾਬ ਦੇ ਕਾਂਗਰਸੀਆਂ ਲਈ ਉਪਰੋਂ ਮਾਰ ਇਹ ਕਿ ਟਿਕਟਾਂ ਦਾ ਫੈਸਲਾ 'ਦਿੱਲੀਓਂ' ਹਾਈਕਮਾਂਡ ਵਲੋਂ ਹੋਣਾ ਹੈ ਜਿਸ ਦਾ ਸੂਬਾਈ ਆਗੂਆਂ ਪ੍ਰਤੀ ਰਵੱਈਆ ਹਮੇਸ਼ਾਂ ਹੀ 'ਹਾਕਮਾਂ' ਵਾਲਾ ਹੋਣ ਕਾਰਨ ਸਥਾਨਕ ਸਥਿਤੀਆਂ, ਸਚਾਈਆਂ ਅਤੇ ਸਮੱਸਿਆਵਾਂ ਵਲ ਅਕਸਰ ਘੱਟ ਹੀ ਧਿਆਨ ਦਿੱਤਾ ਜਾਂਦਾ ਹੈ। ਦੂਜਾ ਦਿੱਲੀ ਵਿੱਚ ਕਾਂਗਰਸ ਪਾਰਟੀ ਹਾਈਕਮਾਂਡ ਦਫ਼ਤਰ ਦੇ ਕੰਮ ਕਰਨ ਦੇ ਢੰਗ ਉੱਤੇ 'ਸ਼ਾਤਰ, ਮੌਕਾਪ੍ਰਸਤ, ਧੜੇਬਾਜ਼ ਅਤੇ ਦਲਾਲ' ਬਿਰਤੀਆਂ ਵਾਲੇ ਨੀਤੀਘਾੜਿਆਂ ਦਾ ਜ਼ੋਰ ਹੋਣ ਕਾਰਨ ਪਾਰਟੀ ਦੀਆਂ ਸਾਰੀਆਂ ਹੀ ਸੂਬਾਈ ਇਕਾਈਆਂ ਦੀ ਤਾਰ ਉਪਰੋਂ ਹੀ ਹਿਲਦੀ ਹੈ। ਇਸ ਨਾਲ ਜਿੱਥੇ ਲੀਡਰਸ਼ਿਪ ਤੋਂ ਲੈ ਕੇ ਉਮੀਦਵਾਰਾਂ ਦੀ ਚੋਣ ਸਬੰਧੀ ਅਨਿਸਚਤਤਾ ਬਣਨ ਕਾਰਨ ਮੁਸ਼ਕਲਾਂ ਵਧਦੀਆਂ ਹਨ, ਉੱਥੇ ਬੇਲੋੜੀ ਦੇਰੀ ਅਤੇ ਗ਼ਲਤ ਚੋਣ ਪਹਿਲਾਂ ਹੀ ਗਿਣਵੇਂ ਸਾਹ ਲੈ ਰਹੀ ਪਾਰਟੀ ਨੂੰ ਦਿਨੋਂ ਦਿਨ ਖੁਦਕੁਸ਼ੀ ਵਲ ਲਿਜਾ ਰਹੀ ਹੈ। ਉਂਜ ਪੰਜਾਬ ਵਿਚਲੇ ਰਾਜਸੀ ਵਰਤਾਰੇ ਅਤੇ ਸਰਗਰਮੀਆਂ ਸਬੰਧੀ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਇਸ ਅੰਕ ਦੇ ਪਹਿਲੇ ਅਤੇ ਅੰਦਰਲੇ ਸਫ਼ਿਆਂ ਉੱਤੇ ਵਿਸਥਾਰ ਵਿੱਚ ਰਿਪੋਰਟ ਅਤੇ ਖ਼ਬਰਾਂ ਦਿੱਤੀਆਂ ਜਾ ਰਹੀਆਂ ਹਨ। ਇਸ ਰਾਜਸੀ ਧੁੰਦਲਕੇ ਵਿਚ ਜਥੇਬੰਦਕ ਤੌਰ ਉੱਤੇ ਸਭ ਤੋਂ ਮਜ਼ਬੂਤ ਢਾਂਚਾ ਅਤੇ ਆਰਥਿਕ ਪੱਖੋਂ ਖਜ਼ਾਨੇ ਭਰਪੂਰ ਹੋਣ ਕਾਰਨ ਅਕਾਲੀ ਦਲ (ਬਾਦਲ) ਦੇ ਮੋਹਰੀਆਂ ਨੂੰ 'ਲਗਾਤਾਰ ਤੀਜੀ ਵਾਰ-ਬਾਦਲ ਸਰਕਾਰ' ਬਣਨ ਦਾ ਭਰਮ ਲੋੜ ਤੋਂ ਵੱਧ ਹੈ। ਉਧਰ ਆਮ ਆਦਮੀ ਪਾਰਟੀ ਵਾਲੇ 'ਕੇਜਰੀਵਾਲੀ' ਕ੍ਰਿਸ਼ਮੇ ਦੇ ਜ਼ੋਰ ਹੇਠਲੀ ਉੱਤੇ ਕਰ ਦੇਣ ਦੇ ਡੰਕੇ ਵਜਾ ਰਹੇ ਹਨ। ਜਦੋਂ ਕਿ ਕਾਂਗਰਸੀਆਂ ਨੂੰ 'ਕੈਪਟਨ ਵਲੋਂ ਕਿਸ਼ਤੀ ਕਿਨਾਰੇ' ਲਾ ਦੇਣ ਦੇ ਸੁਪਨੇ ਸੱਚ ਹੋਣ ਦੀਆਂ ਆਾਸਾਂ ਨੂੰ ਬੂਰ ਪੈਣ ਦਾ ਭਰੋਸਾ ਹੈ। ਕੁਝ ਵੀ ਹੋਵੇ ਕਿਸੇ ਵੀ ਰਾਜਸੀ ਪਾਰਟੀ ਲਈ ਸੱਤਾ ਤੱਕ ਦਾ ਸਫ਼ਰ ਇੰਨਾ ਸਪਸ਼ਟ ਅਤੇ ਸੁਖਾਲਾ ਨਜ਼ਰ ਨਹੀਂ ਆਉਂਦਾ। ਹਾਂ ਇੰਨਾ ਜ਼ਰੂਰ ਹੈ ਕਿ ਜੇ ਲੋਕ ਪਹਿਲਾਂ ਦੀ ਤਰ੍ਹਾਂ ਰਾਜਸੀ ਠੱਗਾਂ ਦੀਆਂ ਕਲਾਬਾਜ਼ੀਆਂ, ਝੂਠੇ ਵਾਅਦਿਆਂ 'ਚ ਉਲਝ ਕੇ ਲੋਭ-ਲਾਲਚ ਅਤੇ ਨਿੱਜੀ ਗਰਜ਼ਾਂ ਅਧੀਨ ਵੋਟ ਦੇ ਆਪਣੇ ਜਮਹੂਰੀ ਹੱਕ ਦੀ ਭਾਵੁਕਤਾਵੱਸ ਵਰਤੋਂ ਕਰ ਬੈਠੇ ਤਾਂ ਪੰਜਾਬ ਅਤੇ ਲੋਕਾਂ ਲਈ ਪ੍ਰਨਾਲਾ ਉੱਥੇ ਦਾ ਉੱਥੇ ਰਹਿਣ ਵਾਲੀ ਕਹਾਣੀ ਨੂੰ ਵਾਪਰਣੋਂ ਟਾਲਿਆ ਨਹੀਂ ਜਾ ਸਕਣਾ। ਵੈਸੇ ਇਹ ਵੀ ਤਾਂ ਸੱਚ ਹੈ ਕਿ ਲੋਕ ਕਰਨ ਵੀ ਤਾਂ ਕੀ ਕਰਨ। ਜਦੋਂ ਸਾਰੀਆਂ ਹੀ ਰਾਜਸੀ ਪਾਰਟੀਆਂ ਦਾ ਕਿਰਦਾਰ 'ਇੱਕੋ ਹੀ ਥੈਲੀ ਦੇ ਚੱਟੇ ਵੱਟੇ' ਵਾਲਾ ਹੋਵੇ। ਬਦਕਿਸਮਤੀ ਹੀ ਕਹੋ ਕਿ 'ਸੱਪ ਦੇ ਮੂੰਹ ਕੋਹੜ ਕਿਰਲੀ' ਵਾਲੀ ਸਥਿਤੀ ਵਿੱਚ ਵੋਟਰ ਵਿਚਾਰ ਕਿਧਰ ਜਾਵੇ!

# ਰਾਸ਼ਟਰਪਤੀ ਨੂੰ ਮੁੜ ਸਲਾਹ ਮੰਗਣ ਲਈ ਕਹੇ ਪੰਜਾਬ



**ਮੁੱਖ ਮੰਤਰੀ ਵੱਲੋਂ ਰਾਸ਼ਟਰਪਤੀ ਨੂੰ ਲਿਖ ਕੇ ਅਤੇ ਨਿੱਜੀ ਤੌਰ ਉੱਤੇ ਮਿਲ ਕੇ ਅਪੀਲ ਕਰਨੀ ਚਾਹੀਦੀ ਹੈ ਕਿ ਰਾਸ਼ਟਰਪਤੀ ਮੁੜ ਸੁਪਰੀਮ ਕੋਰਟ ਨੂੰ ਰੈਫਰੈਂਸ ਭੇਜਣ ਜਿਸ ਉੱਤੇ ਸੁਪਰੀਮ ਕੋਰਟ ਤੋਂ ਦੁਬਾਰਾ ਚਾਰੇ ਸੁਆਲਾਂ ਬਾਰੇ ਇੱਕ ਇੱਕ ਕਰਕੇ ਠੋਸ ਤੇ ਵਿਆਪਕ ਸਲਾਹ ਮੰਗੀ ਜਾਵੇ। ਇਸ ਮਸਲਾ ਸੰਵਿਧਾਨਕ ਵਕਾਰ ਦਾ ਹੈ ਅਤੇ ਇਸ ਦਾ ਹਰ ਪੱਖ ਸਪਸ਼ਟ ਹੋਣਾ ਚਾਹੀਦਾ ਹੈ।**

**ਪ੍ਰੀਤਮ ਸਿੰਘ ਕੁੰਮੇਦਾਨ***

ਰਾਸ਼ਟਰਪਤੀ ਵੱਲੋਂ ਦਰਿਆਈ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਪੰਜਾਬ ਵੱਲੋਂ 2004 ਵਿੱਚ ਬਣਾਏ ਐਕਟ ਦੀ ਵੈਧਤਾ ਬਾਰੇ ਰਾਸ਼ਟਰਪਤੀ ਦੀ ਗੁਜ਼ਾਰਿਸ਼ 'ਤੇ ਸੁਪਰੀਮ ਕੋਰਟ ਵੱਲੋਂ ਦਿੱਤੀ ਗਈ ਸਲਾਹ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਅੰਦਰ ਬੇਵਜ੍ਹਾ ਹੋ-ਹੱਲਾ ਮਚਾਇਆ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਕਾਨੂੰਨ ਤੋਂ ਬਾਅਦ 22 ਜੁਲਾਈ 2004 ਨੂੰ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਸਲਾਹ ਮੰਗੀ ਸੀ। ਸੁਪਰੀਮ ਕੋਰਟ ਵੱਲੋਂ ਦਸ ਨਵੰਬਰ 2016 ਨੂੰ ਦਿੱਤੀ ਸਲਾਹ ਵਿੱਚ ਬਹੁਤ ਸਾਰੇ ਅਣਸੁਲਝੇ ਪੱਖ ਹਨ। ਪੰਜਾਬ ਦੇ ਮੁੱਖ ਮੰਤਰੀ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਇਨ੍ਹਾਂ ਪੱਖਾਂ ਸਬੰਧੀ ਸੁਪਰੀਮ ਕੋਰਟ ਤੋਂ ਮੁੜ ਸਲਾਹ ਲੈਣ ਦੀ ਮੰਗ ਕਰ ਸਕਦੇ ਹਨ।

ਮੁੱਖ ਮੰਤਰੀ ਨੂੰ ਕਹਿਣਾ ਚਾਹੀਦਾ ਹੈ ਕਿ ਸੁਪਰੀਮ ਕੋਰਟ ਦੀ ਸਲਾਹ ਦਾ ਵਿਰੋਧ ਕਰਨ ਦੀ ਪੰਜਾਬ ਦੀ ਕੋਈ ਮਨਸ਼ਾ ਨਹੀਂ ਹੈ। ਪੰਜਾਬ ਦਾ ਕੇਵਲ ਇਹੀ ਇਤਰਾਜ਼ ਹੈ ਕਿ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਹਵਾਲੇ ਵਿੱਚ ਉਠਾਏ ਗਏ ਸੁਆਲਾਂ ਵਿਚੋਂ ਕਿਸੇ ਇੱਕ ਉੱਤੇ ਵੀ ਠੋਸ ਰਾਇ ਨਹੀਂ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਦਿੱਤੀ ਗਈ ਸਲਾਹ ਉਸ ਕਾਲਪਨਿਕ ਸੁਆਲ/ਹਵਾਲੇ ਬਾਰੇ ਹੈ ਜੋ ਸਲਾਹ ਲਈ ਸੁਪਰੀਮ ਕੋਰਟ ਨੂੰ ਭੇਜਿਆ ਹੀ ਨਹੀਂ ਗਿਆ। ਰਾਸ਼ਟਰਪਤੀ ਨੂੰ ਉਨ੍ਹਾਂ ਚਾਰਾਂ ਨੁਕਤਿਆਂ ਉੱਤੇ ਸੁਪਰੀਮ ਕੋਰਟ ਤੋਂ ਮੁੜ ਸਲਾਹ ਮੰਗਣੀ ਚਾਹੀਦੀ ਹੈ ਜਿਨ੍ਹਾਂ ਉੱਤੇ ਸੁਣਵਾਈ ਦੌਰਾਨ ਪੰਜਾਬ ਅਤੇ ਹੋਰਾਂ ਨੇ ਤੱਥਾਂ ਅਤੇ ਦਲੀਲਾਂ ਸਮੇਤ ਪੁਖ਼ਤਾ ਢੰਗ ਨਾਲ ਆਪਣਾ ਪੱਖ ਰੱਖਿਆ ਸੀ ਪਰ ਇਨ੍ਹਾਂ ਉੱਤੇ ਸੁਪਰੀਮ ਕੋਰਟ ਨੇ ਕੋਈ ਠੋਸ ਸਲਾਹ ਨਹੀਂ ਦਿੱਤੀ।

ਸੁਪਰੀਮ ਕੋਰਟ ਦੀ ਸਲਾਹ ਲਈ ਰੱਖਿਆ ਗਿਆ ਪਹਿਲਾ ਨੁਕਤਾ ਇਹ ਸੀ ਕਿ ਪੰਜਾਬ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ, 2004 ਅਤੇ ਇਸ ਦੀਆਂ ਧਾਰਾਵਾਂ ਕੀ ਭਾਰਤੀ ਸੰਵਿਧਾਨ ਦੇ ਅਨੁਸਾਰੀ ਹਨ? ਇਸ ਸੁਆਲ ਦੇ ਜਵਾਬ ਵਿੱਚ ਸੁਪਰੀਮ ਕੋਰਟ ਸੰਵਿਧਾਨ ਦੀਆਂ ਉਨ੍ਹਾਂ ਧਾਰਾਵਾਂ ਦਾ ਠੋਸ ਰੂਪ ਵਿੱਚ ਜ਼ਿਕਰ ਕਰ ਸਕਦਾ ਸੀ ਜਿਨ੍ਹਾਂ ਦਾ ਉਲੰਘਣ ਪੰਜਾਬ ਆਪਣੇ ਸਾਲ 2004 ਵਾਲੇ ਕਾਨੂੰਨ ਰਾਹੀਂ ਕਰਦਾ ਹੈ। ਪੰਜਾਬ ਨੇ ਦਲੀਲ ਦਿੱਤੀ ਸੀ ਕਿ ਪਾਣੀਆਂ ਦੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ, 2004 ਸੰਵਿਧਾਨ ਦੀ ਕਿਸੇ ਇੱਕ ਵੀ ਧਾਰਾ ਦੀ ਖ਼ਿਲਾਫ਼ਵਰਜ਼ੀ ਨਹੀਂ ਕਰਦਾ। ਸੁਪਰੀਮ ਕੋਰਟ ਨੇ ਇਸ ਨੁਕਤੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ। ਸੁਪਰੀਮ ਕੋਰਟ ਤੋਂ ਇਨ੍ਹਾਂ ਧਾਰਾਵਾਂ ਦਾ ਠੋਸ ਰੂਪ ਵਿੱਚ ਜ਼ਿਕਰ ਕਰਵਾਉਣ ਦੀ ਅਪੀਲ ਕਰਨੀ ਚਾਹੀਦੀ ਹੈ। ਅੰਤਰ-ਰਾਜੀ ਜਲ ਵਿਵਾਦ ਕਾਨੂੰਨ, 1956 ਦੀ ਧਾਰਾ 14 ਪੰਜਾਬ ਪੁਨਰਗਠਨ ਕਾਨੂੰਨ 1966 ਅਤੇ 24 ਮਾਰਚ 1976 ਨੂੰ ਜਾਰੀ ਨੋਟੀਫਿਕੇਸ਼ਨ ਨੂੰ ਪੂਰੀ ਤਰ੍ਹਾਂ ਕਾਨੂੰਨੀ ਮੰਨਦਿਆਂ ਸੁਪਰੀਮ ਕੋਰਟ ਵੱਲੋਂ ਮੰਗੀ ਸਲਾਹ ਦਾ ਦੂਜਾ ਨੁਕਤਾ ਸੀ ਕਿ ਕੀ ਪੰਜਾਬ ਦਾ ਕਾਨੂੰਨ 2004 ਅਤੇ ਇਸ ਦੀਆਂ ਧਾਰਾਵਾਂ ਅੰਤਰ-ਰਾਜੀ ਜਲ ਵਿਵਾਦ ਕਾਨੂੰਨ, 1956 ਦੀ ਧਾਰਾ 14, ਪੰਜਾਬ ਪੁਨਰਗਠਨ ਕਾਨੂੰਨ 1966 ਅਤੇ 24 ਮਾਰਚ 1976 ਨੂੰ ਜਾਰੀ ਨੋਟੀਫਿਕੇਸ਼ਨ ਦੇ ਅਨੁਸਾਰੀ ਹੈ? ਪੰਜਾਬ ਨੇ ਇਨ੍ਹਾਂ ਸਭਨਾਂ ਉੱਤੇ ਗੰਭੀਰ ਇਤਰਾਜ਼ ਉਠਾਉਂਦਿਆਂ ਇਨ੍ਹਾਂ ਦੇ ਗ਼ੈਰ-ਸੰਵਿਧਾਨਕ ਅਤੇ ਗ਼ੈਰਕਾਨੂੰਨੀ ਹੋਣ ਦੀ ਦਲੀਲ ਦਿੱਤੀ ਸੀ।

ਪੰਜਾਬ ਦਾ ਮੱਤ ਰਿਹਾ ਹੈ ਕਿ ਅੰਤਰ-ਰਾਜੀ ਜਲ ਵਿਵਾਦ ਕਾਨੂੰਨ 1956 ਵਿੱਚ ਧਾਰਾ 14 ਸ਼ਾਮਲ ਕਰਨਾ ਸੰਵਿਧਾਨ ਦੇ ਅਨੁਛੇਦ 262 ਦੀ ਉਲੰਘਣਾ ਹੋਣ ਕਰਕੇ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਕ ਹੈ। ਇਸ ਧਾਰਾ ਨੂੰ ਸ਼ਾਮਲ ਕਰਨ ਨਾਲ ਅੰਤਰ-ਰਾਜੀ ਜਲ ਵਿਵਾਦ ਕਾਨੂੰਨ 1956 ਦਾ ਉਦੇਸ਼ ਹੀ ਖ਼ਤਮ ਹੋ ਜਾਂਦਾ ਹੈ ਕਿਉਂਕਿ ਇਹ ਕਾਨੂੰਨ ਰਿਪੇਰੀਅਨ ਰਾਜਾਂ ਦਰਮਿਆਨ ਕੇਵਲ ਤੇ ਕੇਵਲ ਜਲ ਵਿਵਾਦ ਦਾ ਨਿਪਟਾਰਾ ਕਰਨ ਲਈ ਬਣਾਇਆ ਗਿਆ ਸੀ। ਧਾਰਾ 14 ਸ਼ਾਮਲ ਕਰਨ ਨਾਲ ਗ਼ੈਰ-ਰਿਪੇਰੀਅਨ ਰਾਜ ਹਰਿਆਣਾ ਨੂੰ ਜਲ ਵਿਵਾਦ ਵਿੱਚ ਇੱਕ ਧਿਰ ਬਣਾ ਦਿੱਤਾ ਗਿਆ। ਪੰਜਾਬ ਦੀ ਹਮੇਸ਼ਾਂ ਦਲੀਲ ਰਹੀ ਹੈ ਕਿ ਧਾਰਾ 78, ਆਂਧਰਾ ਸਟੇਟ ਐਕਟ, 1953 ਦੀ ਧਾਰਾ 66 ਦੀ ਕਾਰਬਨ ਕਾਪੀ ਹੈ। ਇਸ ਨੂੰ ਪੰਜਾਬ ਪੁਨਰਗਠਨ ਕਾਨੂੰਨ 1966 ਵਿੱਚ ਸਾਰੇ ਪੱਧਰਾਂ ਉੱਤੇ ਹੀ ਦਿਮਾਗੀ ਕਸਰਤ ਤੋਂ ਬਿਨਾਂ ਹੀ ਸ਼ਾਮਲ ਕਰ ਲਿਆ ਗਿਆ ਅਤੇ ਇਹ ਪੰਜਾਬ ਪੁਨਰਗਠਨ ਕਾਨੂੰਨ ਦਾ ਹਿੱਸਾ ਨਹੀਂ ਸੀ ਹੋਣਾ ਚਾਹੀਦਾ ਕਿਉਂਕਿ ਆਂਧਰਾ ਪ੍ਰਦੇਸ਼ ਦੇ ਮਾਮਲੇ ਵਿੱਚ ਦੋਵੇਂ ਧਿਰਾਂ- ਆਂਧਰਾ ਪ੍ਰਦੇਸ਼ ਅਤੇ ਮੈਸੂਰ ਸਟੇਟ ਰਿਪੇਰੀਅਨ ਰਾਜ ਸਨ ਜਦੋਂਕਿ ਪੰਜਾਬ ਦੇ ਮਾਮਲੇ ਵਿੱਚ ਹਰਿਆਣਾ, ਰਾਵੀ ਅਤੇ ਬਿਆਸ ਦਾ ਰਿਪੇਰੀਅਨ ਰਾਜ ਨਹੀਂ ਹੈ।

ਪੰਜਾਬ ਨੇ ਹਮੇਸ਼ਾਂ ਪੱਖ ਪੇਸ਼ ਕੀਤਾ ਹੈ ਕਿ 24 ਮਾਰਚ 1976 ਦਾ ਨੋਟੀਫਿਕੇਸ਼ਨ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਦੀ ਉਲੰਘਣਾ ਹੈ। ਧਾਰਾ 78 ਅਨੁਸਾਰ ਸਾਰੇ ਸਬੰਧਤ ਰਾਜ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਭਾਖੜਾ ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਵਿੱਚ ਹੱਕ ਅਤੇ ਦੇਣਦਾਰੀਆਂ ਦੇ ਹਿੱਸੇਦਾਰ ਹਨ। ਕੇਵਲ ਪੰਜਾਬ ਅਤੇ ਹਰਿਆਣਾ ਨੂੰ ਹਿੱਸੇਦਾਰ ਬਣਾ ਕੇ ਹਿਮਾਚਲ ਤੇ ਚੰਡੀਗੜ੍ਹ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨ ਨਾਲ 24 ਮਾਰਚ 1976 ਦਾ ਨੋਟੀਫਿਕੇਸ਼ਨ ਆਪਣੇ ਆਪ ਖ਼ਾਰਜ ਹੋ ਜਾਂਦਾ ਹੈ। ਇੱਥੋਂ ਤਕ ਕਿ ਭਾਵੇਂ ਧਾਰਾ 78 ਵਿੱਚ ਇਹ ਕਿਹਾ ਗਿਆ ਹੈ ਕਿ ਵੰਡ ਪੰਜਾਬ ਦੇ ਪ੍ਰਾਜੈਕਟਾਂ ਵਿੱਚ ਉਪਲਬਧ ਪਾਣੀ ਵਿੱਚੋਂ ਕੀਤੀ ਜਾਵੇਗੀ, ਨੋਟੀਫਿਕੇਸ਼ਨ ਇਸ ਦਾ ਉਲੰਘਣ ਕਰਦਾ ਹੈ ਕਿਉਂਕਿ ਇਸ ਨੇ ਪੰਜਾਬ ਦੇ ਪ੍ਰਾਜੈਕਟਾਂ ਦੇ ਨਤੀਜੇ ਵਜੋਂ ਉਪਲਬਧ ਵਾਧੂ ਪਾਣੀ ਦੇ ਬਜਾਏ 7.2 ਮਿਲੀਅਨ ਏਕੜ ਫੁੱਟ (ਐਮ.ਏ.ਐਫ.) 29 ਜਨਵਰੀ 1955 ਦੀ ਮੀਟਿੰਗ ਦੇ ਫ਼ੈਸਲੇ ਦੇ ਆਧਾਰ ਉੱਤੇ ਵੰਡ ਦਿੱਤਾ।

ਸੁਪਰੀਮ ਕੋਰਟ ਸਾਹਮਣੇ ਸਲਾਹ ਲਈ ਰੱਖਿਆ ਗਿਆ ਤੀਜਾ ਨੁਕਤਾ ਸੀ ਕਿ ਕੀ ਪੰਜਾਬ ਵੱਲੋਂ ਰਾਵੀ-ਬਿਆਸ ਪਾਣੀਆਂ ਸਬੰਧੀ 31 ਦਸੰਬਰ 1981 ਦਾ ਸਮਝੌਤਾ ਅਤੇ ਹੋਰ ਸਮਝੌਤਿਆਂ ਨੂੰ ਰੱਦ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤ ਹੋਣ ਦਾ ਫ਼ੈਸਲਾ ਕਾਨੂੰਨੀ ਤੌਰ 'ਤੇ ਵੈਧ ਹੈ? ਪੰਜਾਬ ਵੱਲੋਂ ਰੱਖਿਆ ਪੱਖ ਇਹ ਸੀ ਕਿ ਇਸ ਨੇ ਵਾਜਬ ਤੌਰ 'ਤੇ ਸਮਝੌਤੇ ਰੱਦ ਕੀਤੇ ਹਨ ਕਿਉਂਕਿ 31 ਦਸੰਬਰ 1981 ਦਾ ਸਮਝੌਤਾ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਦਬਾਅ ਹੇਠ ਕੀਤਾ ਗਿਆ ਸੀ। 24 ਮਾਰਚ 1976 ਦਾ ਨੋਟੀਫਿਕੇਸ਼ਨ ਸਬੰਧਤ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦਰਮਿਆਨ ਕਿਸੇ ਸਮਝੌਤੇ ਉੱਤੇ ਆਧਾਰਤ ਨਹੀਂ ਸੀ ਬਲਕਿ ਹਿਮਾਚਲ ਤੇ ਚੰਡੀਗੜ੍ਹ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਸੀ। ਇਸ ਤੋਂ ਇਲਾਵਾ ਰਾਜਸਥਾਨ ਦਾ ਪੰਜਾਬ ਪੁਨਰਗਠਨ ਕਾਨੂੰਨ ਨਾਲ ਦੂਰ ਦੂਰ ਤਕ ਦਾ ਵੀ ਵਾਸਤਾ ਨਹੀਂ ਸੀ ਅਤੇ ਉਸ ਨੂੰ ਕਿਸੇ ਮੰਦਭਾਵਨਾ ਨਾਲ ਇੱਕ ਧਿਰ ਬਣਾ ਦਿੱਤਾ ਗਿਆ ਸੀ, ਇਸ ਲਈ ਇਹ ਨੋਟੀਫਿਕੇਸ਼ਨ ਖ਼ੁਦ-ਬਖ਼ੁਦ ਰੱਦ ਹੋ ਗਿਆ।

ਸੁਪਰੀਮ ਕੋਰਟ ਤੋਂ ਮੰਗੀ ਗਈ ਸਲਾਹ ਦਾ ਚੌਥਾ ਨੁਕਤਾ ਸੀ ਕਿ ਕੀ ਪਾਣੀਆਂ ਬਾਰੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਬਣਾ ਕੇ ਕੀ ਪੰਜਾਬ, ਸੁਪਰੀਮ ਕੋਰਟ ਦੇ 15 ਜਨਵਰੀ 2002 ਦੇ ਫ਼ੈਸਲੇ ਅਤੇ 4 ਜੂਨ 2006 ਦੇ ਫ਼ੈਸਲੇ ਨੂੰ ਲਾਗੂ ਕਰਨ ਤੋਂ ਮੁਕਤ ਹੋ ਗਿਆ ਹੈ? ਸੁਪਰੀਮ ਕੋਰਟ ਨੂੰ ਇਸ ਸੁਆਲ ਉੱਤੇ ਸਲਾਹ ਪਹਿਲੇ ਤਿੰਨ ਨੁਕਤਿਆਂ ਨੂੰ ਧਿਆਨ ਵਿੱਚ ਰਖਦਿਆਂ ਦੇਣੀ ਚਾਹੀਦੀ ਹੈ। ਦਰਅਸਲ, ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੇ ਹਵਾਲੇ ਨਾਲ ਸਬੰਧਤ ਕਿਸੇ ਇੱਕ ਵੀ ਨੁਕਤੇ ਉੱਤੇ ਸਪਸ਼ਟ ਰਾਇ ਨਹੀਂ ਦਿੱਤੀ। ਸੁਪਰੀਮ ਕੋਰਟ ਦੀ ਸਲਾਹ ਪੂਰੀ ਤਰ੍ਹਾਂ ਮੁੱਲਾਪਰਿਆਰ ਡੈਮ ਦੀ ਉਚਾਈ ਵਧਾਉਣ ਨਾਲ ਸਬੰਧਤ ਤਾਮਿਲ ਨਾਡੂ ਬਨਾਮ ਕੇਰਲਾ ਵਰਗੇ ਕੇਸ ਉੱਤੇ ਆਧਾਰਤ ਹੈ, ਜਿਸ ਵਿੱਚ ਸੁਪਰੀਮ ਕੋਰਟ ਨੇ ਡੈਮ ਦੀ ਉਚਾਈ 136 ਤੋਂ

ਬਾਕੀ ਸਫ਼ਾ 33 'ਤੇ

**ਭਾਰਤ ਦੇ ਜ਼ਿਆਦਾਤਰ ਮੀਡੀਆ ਵਲੋਂ ਮੋਦੀ ਸਰਕਾਰ ਦਾ ਗੁਣਗਾਣ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਦੇ ਨੋਟਬੰਦੀ ਦੇ ਫ਼ੈਸਲੇ ਦੀ ਸ਼ਲਾਘਾ ਹੋ ਰਹੀ ਹੈ ਕਿ ਹੁਣ ਭ੍ਰਿਸ਼ਟਾਚਾਰ ਤੇ ਕਾਲੇ ਧਨ ਦੀ ਸਮੱਸਿਆ ਖ਼ਤਮ ਹੋ ਜਾਵੇਗੀ। ਉਹ ਨਹੀਂ ਦਿਖਾ ਰਹੇ ਕਿ ਇਸ ਨਾਲ ਆਮ ਬੰਦੇ 'ਤੇ ਕਿੰਨੀ ਵੱਡੀ ਮਾਰ ਪਈ ਹੈ। ਉਹ ਇਹ ਨਹੀਂ ਦਿਖਾ ਰਹੇ ਕਿ ਨੋਟਬੰਦੀ ਦੇ ਨਾਂ 'ਤੇ ਭ੍ਰਿਸ਼ਟਾਚਾਰ ਹੇਠਲੇ ਪੱਧਰ ਤਕ ਫੈਲ ਗਿਆ ਹੈ। ਨੋਟ ਬਦਲਵਾਉਣ, ਪੈਸੇ ਕਢਵਾਉਣ ਦੇ ਨਾਂ 'ਤੇ ਸ਼ਰੇਆਮ ਰਿਸ਼ਵਤ ਲਈ ਜਾ ਰਹੀ ਹੈ। ਕਤਾਰਾਂ ਵਿਚ ਲੱਗੇ ਲੋਕਾਂ ਦੀਆਂ ਤਕਲੀਫ਼ਾਂ ਇਸ ਮੀਡੀਏ ਨੂੰ ਨਜ਼ਰ ਨਹੀਂ ਆ ਰਹੀਆਂ। ਇਸ ਸਬੰਧ ਵਿਚ ਐਨ.ਡੀ.ਟੀ.ਵੀ. ਦੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੇ ਨੋਇਡਾ ਲਾਗੇ ਖੋਡਾ ਦੇ ਇਕ ਬੈਂਕ ਦੇ ਬਾਹਰ ਲੱਗੀ ਲੰਬੀ ਕਤਾਰ ਵਿਚ ਸ਼ਾਮਲ ਔਰਤਾਂ ਦੇ ਦੁੱਖ ਸੁਣੇ। ਪੇਸ਼ ਹੈ ਉਨ੍ਹਾਂ ਦੀ ਔਰਤਾਂ ਨਾਲ ਗੱਲਬਾਤ।**

# ਔਰਤਾਂ ਦਾ ਦਰਦ ਨੋਟਬੰਦੀ ਦਾ ਹਵਨ ਕਰ ਰਹੇ ਪਾਂਡਿਆਂ ਨੂੰ ਸਮਝ ਨਹੀਂ ਆਏਗਾ

**ਰਵੀਸ਼ ਕੁਮਾਰ**



8 ਨਵੰਬਰ ਦੀ ਰਾਤ 8 ਵਜੇ ਟੀ.ਵੀ. 'ਤੇ ਜਦੋਂ ਪ੍ਰਧਾਨ ਮੰਤਰੀ ਬੋਲ ਰਹੇ ਸਨ ਕਿ ਅੱਧੀ ਰਾਤ ਤੋਂ 500 ਤੇ ਹਜ਼ਾਰ ਦੇ ਨੋਟ ਰੱਦੀ ਹੋ ਗਏ, ਉਸ ਵਕਤ ਫ਼ੈਸਲੇ ਦੇ ਸਵਾਗਤ ਵਿਚ ਕਿਸੇ ਨੂੰ ਧਿਆਨ ਵੀ ਨਹੀਂ ਰਿਹਾ ਹੋਵੇਗਾ ਕਿ ਇਸ ਨੂੰ ਸੁਣਦੇ ਵਕਤ ਕਿਸ ਦਾ ਦਿਲ ਕਿਵੇਂ ਧੜਕੇਗਾ। ਸਵਾਗਤਕਰਤਾਵਾਂ ਨੇ ਸਿਰਫ਼ ਉਨ੍ਹਾਂ ਕਾਲੇ ਧਨ ਵਾਲਿਆਂ ਦੇ ਚਿਹਰਿਆਂ ਦੀ ਕਲਪਨਾ ਕੀਤੀ ਜਿਨ੍ਹਾਂ ਦੀ ਉਦਾਸੀ ਹਾਲੇ ਤਕ ਨਜ਼ਰ ਨਹੀਂ



ਆਈ ਹੈ। ਪ੍ਰਧਾਨ ਮੰਤਰੀ ਕੋਈ ਵੀ ਤਰੀਕ ਚੁਣ ਸਕਦੇ ਸਨ ਪਰ 8 ਨਵੰਬਰ ਦੀ ਤਰੀਕ ਤੋਂ ਅਣਜਾਣੇ ਵਿਚ ਗ਼ਲਤੀ ਹੋ ਗਈ। ਦੇਸ਼ ਦੇ ਕਈ ਮਹਾਨਗਰਾਂ ਵਿਚ ਹਰ ਮਹੀਨੇ ਦੀ 7 ਤਰੀਕ ਨੂੰ ਹੀ ਤਨਖ਼ਾਹ ਮਿਲਦੀ ਹੈ। ਭਾਵੇਂ ਉਹ ਕਾਰਖ਼ਾਨਾ ਹੋਵੇ ਜਾਂ ਦੁਕਾਨ, ਪਹਿਲੀ ਦੀ ਤਨਖ਼ਾਹ ਉਨ੍ਹਾਂ ਨੂੰ ਆਉਂਦੀ ਹੈ ਜੋ ਸੰਗਠਤ ਖੇਤਰ ਵਿਚ ਨੌਕਰੀ ਕਰਦੇ ਹਨ। ਅਸੰਗਠਤ ਖੇਤਰ ਦੇ ਕਰੋੜਾਂ ਲੋਕਾਂ ਨੂੰ ਮਹੀਨੇ ਦੀ 7 ਤਰੀਕ ਨੂੰ ਹੀ ਤਨਖ਼ਾਹ ਮਿਲਦੀ ਹੈ। ਚੈੱਕ ਨਾਲ ਬਹੁਤ ਘੱਟ ਤਨਖ਼ਾਹ ਮਿਲਦੀ ਹੈ। ਜ਼ਿਆਦਾਤਰ ਨਕਦੀ ਵਿਚ ਹੀ ਤਨਖ਼ਾਹ ਲੈ ਕੇ ਘਰਾਂ ਨੂੰ ਪਰਤਦੇ ਹਨ। ਜਿਵੇਂ ਹੀ ਪਤਾ ਚਲਿਆ ਕਿ ਉਨ੍ਹਾਂ ਦੀ ਮਹੀਨੇ ਦੀ ਕਮਾਈ ਚਿੱਕੜ ਵਿਚ ਬਦਲ ਗਈ ਹੈ, ਉਨ੍ਹਾਂ ਦੇ ਹੋਸ਼ ਉਡ ਗਏ।

ਅਗਲੇ ਦਿਨ ਮਹਾਂਨਗਰਾਂ ਵਿਚ ਇਹੀ ਲੋਕ ਸਨ ਜੋ ਏ.ਟੀ.ਐਮ. ਵੱਲ ਬਦਹਵਾਸ ਭੱਜੇ ਸਨ। ਤਨਖ਼ਾਹ ਦੇ ਪੈਸੇ ਮੁੱਠੀ ਵਿਚ ਭੀਚੀ ਕਿਸੇ ਤਰ੍ਹਾਂ ਬਚਾਉਣ ਦੀ ਕੋਸ਼ਿਸ਼ ਵਿਚ ਅੱਧੀ ਰਾਤ ਤੋਂ ਕਤਾਰਾਂ ਵਿਚ ਲੱਗੇ। ਕਿਸੇ ਨੂੰ ਖ਼ਿਆਲ ਹੀ ਨਹੀਂ ਰਿਹਾ ਕਿ 7 ਨਵੰਬਰ ਨੂੰ ਕਰੋੜਾਂ ਮਜ਼ਦੂਰਾਂ ਦੇ ਘਰ ਵਿਚ ਤਨਖ਼ਾਹ ਦਾ ਪੈਸਾ ਆਇਆ ਹੈ, ਜਿਸ ਨੇ ਅਗਲੇ ਦੋ ਹਫ਼ਤੇ ਵਿਚ ਕਰਿਆਨੇ ਤੋਂ ਲੈ ਕੇ ਸਕੂਲ ਦੀ ਫ਼ੀਸ ਤਕ ਵਿਚ ਖ਼ਰਚ ਹੋ ਜਾਣਾ ਸੀ। ਉਨ੍ਹਾਂ ਦੇ ਇਸ ਪੈਸੇ ਦਾ ਇਕ ਹਿੱਸਾ ਪਿੰਡ ਘਰਾਂ ਵਿਚ ਮੌਜੂਦ ਪਰਿਵਾਰ ਤੇ ਮਾਂ-ਬਾਪ ਨੂੰ ਵੀ ਜਾਂਦਾ ਹੈ। ਸਭ ਕੁਝ ਠੱਪ ਹੋ ਗਿਆ। ਉਹ ਆਪਣੇ ਪੈਸੇ ਨੂੰ ਬਚਾਉਣ ਲਈ ਕੀ ਨਾ ਕਰਦੇ। ਤੁਸੀਂ ਨੋਇਡਾ, ਗਰੇਟਰ ਨੋਇਡਾ ਤੇ ਗੁੜਗਾਓਂ ਦੀਆਂ ਮਜ਼ਦੂਰ ਬਸਤੀਆਂ ਕੋਲ ਬੈਂਕਾਂ ਵਿਚ ਜਾਓ। ਹਕੀਕਤ ਦਾ ਪਤਾ ਚਲੇਗਾ। ਸਰਕਾਰ ਵਾਰ ਵਾਰ ਕਹਿੰਦੀ ਰਹੀ ਕਿ ਲੋਕ ਜਲਦੀ ਨਾ ਕਰਨ। 30 ਦਸੰਬਰ ਤਕ ਦਾ ਵਕਤ ਹੈ। ਸ਼ਾਇਦ ਉਸ ਨੂੰ ਵੀ ਖ਼ਿਆਲ ਨਹੀਂ ਰਿਹਾ ਹੋਵੇਗਾ ਕਿ ਕਰੋੜਾਂ ਮਜ਼ਦੂਰ ਲੰਬਾ ਇੰਤਜ਼ਾਰ ਨਹੀਂ ਕਰ ਸਕਦੇ ਸਨ। ਮਕਾਨ ਮਾਲਕ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਦੁਕਾਨਦਾਰ ਨੇ ਸਾਮਾਨ ਦੇਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਨੂੰ ਕੋਈ ਕਿਵੇਂ ਸਬਰ ਦਾ ਪਾਠ ਪੜ੍ਹਾ ਸਕਦਾ ਹੈ।

ਖੋਡਾ, ਮਜ਼ਦੂਰਾਂ ਅਤੇ ਕੰਮਵਾਲੀਆਂ ਦੀ ਵਿਸ਼ਾਲ ਦੁਨੀਆ ਹੈ, ਜੋ ਦਿੱਲੀ, ਗਾਜ਼ੀਆਬਾਦ ਤੇ ਨੋਇਡਾ ਦੇ ਵਿਚਾਲੇ ਵਸਦੀ ਹੈ। ਇਸ ਦੀ ਆਬਾਦੀ ਕੋਈ 8 ਲੱਖ ਦਸਦਾ ਹੈ ਤੇ ਕੋਈ ਦਸ ਤੋਂ ਬਾਰ੍ਹਾਂ ਲੱਖ। ਇਹ ਉਹ ਥਾਂ ਹੈ, ਜਿਥੇ ਇਸੇ ਦੇਸ਼ ਦੇ ਨਾਗਰਿਕ ਰਹਿੰਦੇ ਹਨ, ਪਰ ਲਗਦਾ ਨਹੀਂ ਕਿ ਸੰਸਥਾਵਾਂ ਉਨ੍ਹਾਂ ਨੂੰ ਆਪਣਾ ਨਾਗਰਿਕ ਸਮਝਦੀਆਂ ਹਨ। ਕਦੇ ਖੋਡਾ ਆਓ। ਭਾਰਤ ਵਿਚ ਇਕ ਲੱਖ ਦੀ ਆਬਾਦੀ 'ਤੇ 13 ਬੈਂਕ ਹਨ। ਖੋਡਾ ਦੀ 8 ਤੋਂ 10 ਲੱਖ ਦੀ ਆਬਾਦੀ 'ਤੇ ਸਿਰਫ਼ ਇਕ ਬੈਂਕ ਹੈ, ਸਟੇਟ ਬੈਂਕ ਆਫ਼ ਇੰਡੀਆ। ਇਸ ਦੀ ਸੀਮਾ ਨਾਲ ਲੱਗੇ ਇਕ-ਦੋ ਬੈਂਕ ਹੋਰ ਹਨ ਪਰ ਖੋਡਾ ਦੇ ਹਿੱਸੇ ਵਿਚ ਇਕ ਹੀ ਬੈਂਕ ਹੈ। ਏ.ਟੀ.ਐਮ. ਜ਼ਰੂਰ ਤੀਹ ਤੋਂ ਪੈਂਤੀ ਦੇ ਕਰੀਬ ਹਨ। ਅੰਦਾਜ਼ਾ ਲਾਓ, ਖੋਡਾ ਦੇ ਸਟੇਟ ਬੈਂਕ ਦੇ ਬਾਹਰ ਕੀ ਸਥਿਤੀ ਹੋਵੇਗੀ।

ਮੈਂ ਪਹਿਲਾਂ ਹੀ ਐਲਾਨ ਕਰ ਦਿੱਤਾ ਕਿ 'ਪ੍ਰਾਈਮ ਟਾਈਮ' ਲਈ ਗੱਲਬਾਤ ਸਿਰਫ਼ ਔਰਤਾਂ ਨਾਲ ਕਰਾਂਗਾ, ਇਸ ਲਈ ਪੁਰਸ਼ ਨਾ ਆਉਣ। ਅਕਸਰ ਅਸੀਂ ਟੀ.ਵੀ. ਵਾਲੇ ਜਦੋਂ ਵੀ ਸੜਕਾਂ 'ਤੇ ਜਾਂਦੇ ਹਾਂ, ਮਾਈਕ ਕੱਢਦੇ ਹਾਂ, ਮਰਦ ਅੱਗੇ ਆ ਜਾਂਦੇ ਹਨ। ਉਹ ਸਾਨੂੰ ਘੇਰ ਲੈਂਦੇ ਹਨ। ਔਰਤਾਂ ਨੂੰ ਮੁਸ਼ਕਲ ਨਾਲ ਥਾਂ ਮਿਲਦੀ ਹੈ। ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਹੀ ਨਹੀਂ ਮਿਲਦਾ। ਖੋਡਾ ਦੇ ਪੁਰਸ਼ਾਂ ਨੇ ਮੇਰਾ ਪ੍ਰਸਤਾਵ ਸਵੀਕਾਰ ਕਰ ਲਿਆ ਤੇ ਮੈਂ ਔਰਤਾਂ ਨਾਲ ਗੱਲ ਕਰਨ ਲੱਗਾ। ਯਕੀਨ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਵੀ ਉਨ੍ਹਾਂ ਦੀਆਂ ਗੱਲਾਂ ਸੁਣਦੇ ਤਾਂ ਧਾਹਾਂ ਮਾਰ ਕੇ ਰੋ ਪੈਂਦੇ। ਕਿਸੇ ਦਾ 17 ਦਿਨ ਪਹਿਲਾਂ ਆਪਰੇਸ਼ਨ ਹੋਇਆ ਹੈ, ਉਹ ਮੰਜਾ ਛੱਡ ਕੇ ਚਾਰ ਦਿਨਾਂ ਤੋਂ ਰਾਤ ਦੋ ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤਕ ਲਾਈਨ ਵਿਚ ਲਗੀ ਹੈ। ਪੈਸਾ ਨਹੀਂ ਬਦਲਦਾ ਹੈ, ਮਾਯੂਸ ਹੋ ਕੇ ਚਲੀ ਜਾਂਦੀ ਹੈ। ਇਕ ਬੁੱਢੀ ਔਰਤ ਨੇ ਕਿਹਾ ਕਿ ਮੇਰਾ ਬੁੱਢਾ ਪਤੀ ਬਿਮਾਰ ਹੈ, ਮੰਜੇ 'ਤੇ ਪਖਾਨਾ-ਪਿਸ਼ਾਬ ਕਰ ਦਿੰਦਾ ਹੈ। ਉਸ ਕੋਲ ਕੋਈ ਨਹੀਂ ਹੈ। ਮੈਂ ਇਥੇ ਤਿੰਨ ਦਿਨ ਤੋਂ ਬਾਰ੍ਹਾਂ ਬਾਰ੍ਹਾਂ ਘੰਟੇ ਲਾਈਨ ਵਿਚ ਲੱਗੀ ਹੋਈ ਹਾਂ। ਇਕ ਔਰਤ ਨੂੰ ਕੈਂਸਰ ਹੈ, ਖੜ੍ਹੀ ਨਹੀਂ ਹੋ ਸਕਦੀ ਪਰ ਉਹ ਆਪਣਾ ਟੋਕਨ ਲੈ ਕੇ ਖੜ੍ਹੀ ਹੈ। ਤਿੰਨ ਦਿਨ ਤੋਂ ਵਾਪਸ ਜਾ ਰਹੀ ਹੈ।

ਚੈਨਲਾਂ 'ਤੇ ਜੋ ਆਵਾਜ਼ ਸੁਣਾਈ ਦੇ ਰਹੀ ਹੈ, ਉਸ ਵਿਚ ਸਵਾਗਤਗਾਨ ਹੈ। ਜ਼ਰੂਰ ਲੋਕ ਖ਼ੁਸ਼ ਹਨ, ਪਰ ਕੀ ਇਨ੍ਹਾਂ ਔਰਤਾਂ ਦੀ ਕਹਾਣੀ ਝੂਠੀ ਹੈ। ਉਹ ਕਿਉਂ ਰੋਣ ਲਗਦੀਆਂ ਹਨ। ਉਹ ਕਿਉਂ ਮਜਬੂਰ ਹਨ। ਕੀ ਤੁਸੀਂ ਬਿਨਾਂ ਬਰਸ਼ ਕੀਤੇ ਰਾਤ ਦੇ ਦੋ ਵਜੇ ਤੋਂ ਲੈ ਕੇ ਦੁਪਹਿਰ ਚਾਰ ਵਜੇ ਤਕ ਲਾਈਨ ਵਿਚ ਲੱਗ ਸਕਦੇ ਹੋ। ਕੁਝ ਲੋਕਾਂ ਨੇ ਇਕ ਦਿਨ ਚਾਹ ਬਿਸਕੁਟ ਤੇ ਖਿਚੜੀ ਦਾ ਇੰਤਜ਼ਾਰ ਕਰ ਦਿੱਤਾ ਪਰ ਅੱਜ ਤਾਂ ਉਹ ਵੀ ਨਹੀਂ ਸੀ। ਸਬਰ ਦੀ ਇੰਤਹਾ ਹੈ ਕਿ ਕੋਈ 12 ਘੰਟੇ ਖਾਲੀ ਪੇਟ ਲਾਈਨ ਵਿਚ ਲੱਗੇ ਤੇ ਸਰੀਰ ਦਾ ਇਕ ਹਿੱਸਾ ਆਪਰੇਸ਼ਨ ਦੇ ਦਰਦ ਨਾਲ ਕੁਰਲਾਉਂਦਾ ਰਹੇ। ਕਿਸੇ ਨੂੰ ਚੱਕਰ ਆ ਰਿਹਾ ਹੈ ਤੇ ਕਿਸੇ ਨੂੰ ਗੈਸ ਹੋ ਰਹੀ ਹੈ। ਇਨ੍ਹਾਂ ਔਰਤਾਂ ਲਈ ਸਮਾਜ ਤਾਂ ਅੱਜ ਨਹੀਂ ਬਦਲ ਗਿਆ। ਉਨ੍ਹਾਂ ਦੇ ਪਿਛੇ ਬੱਚੇ ਭੁੱਖੇ ਹਨ। ਘਰ ਵਿਚ ਖਾਣਾ ਨਹੀਂ ਪੱਕਿਆ ਹੈ। ਜਦੋਂ ਉਹ ਕਹਿੰਦੀ ਹੈ ਕਿ ਕੁਝ ਨਹੀਂ ਹੈ ਪਕਾਉਣ ਲਈ ਤਾਂ ਯਕੀਨ ਨਹੀਂ ਹੁੰਦਾ। ਮੈਨੂੰ ਕਿਉਂ ਹੋਵੇਗਾ, ਤੁਹਾਨੂੰ ਕਿਉਂ ਹੋਵੇਗਾ। ਅਸੀਂ ਕਦੋਂ ਆਪਣੀ ਰਸੋਈ ਨੂੰ ਖਾਲੀ ਦੇਖਿਆ ਹੈ ? ਕਿਸੇ ਦਾ ਜਵਾਈ ਬਿਮਾਰ ਹੈ। ਕਿਸੇ ਦੀ ਇਕ ਸਾਲ ਦੀ ਬੱਚੀ ਬਿਮਾਰ ਹੈ। ਕਿਸੇ ਦੀ ਪੰਜ ਸਾਲ ਦੀ ਬੱਚੀ ਬਿਮਾਰ ਹੈ। ਸਭ ਦੀ ਮਾਂ ਕਤਾਰ ਵਿਚ ਹੈ।

ਦਸ ਘੰਟੇ ਹੋ ਗਏ ਹਨ। ਸਾਰਿਆਂ ਦੇ ਹੱਥ ਵਿਚ ਟੋਕਨ ਹੈ। ਕਿਸੇ 'ਤੇ 50 ਲਿਖਿਆ ਹੈ, ਕਿਸੇ 'ਤੇ 61 ਤੇ ਕਿਸੇ 'ਤੇ 91। ਲੋਕ ਕਹਿੰਦੇ ਹਨ ਕਿ ਬੈਂਕ 11 ਵਜੇ ਖੁੱਲ੍ਹਿਆ। ਬੈਂਕ ਵਾਲੇ ਕਹਿੰਦੇ ਹਨ ਕਿ ਦਸ ਵਜੇ ਤਾਂ ਤੋਂ ਕੰਮ ਕਰ ਰਹੇ ਹਨ। ਗੱਲ ਕਰਦੇ ਕਰਦੇ ਔਰਤਾਂ ਰੋਣ ਲਗਦੀਆਂ ਹਨ। ਇਹ ਉਹ ਔਰਤਾਂ ਹਨ ਜੋ ਘਰਾਂ ਵਿਚ ਕੰਮ ਕਰਦੀਆਂ ਹਨ। ਨੋਇਡਾ, ਇੰਦਰਾਪੁਰਮ ਤੇ ਮਯੂਰ ਵਿਹਾਰ ਦੇ ਘਰਾਂ ਵਿਚ ਕੰਮ ਕਰਦੀਆਂ ਹਨ। ਕਿਸੇ ਦੀ ਧੀ ਦਾ ਵਿਆਹ ਹੈ। ਪੂਰਾ ਪਰਿਵਾਰ ਕਤਾਰ ਵਿਚ ਹੈ। ਮਧੁਬਣੀ ਜਾਣਾ ਹੈ। ਹਫ਼ਤੇ ਭਰ ਤੋਂ ਪਰਿਵਾਰ ਬੈਂਕ ਦੇ ਅੰਦਰ ਨਹੀਂ ਪਹੁੰਚ ਸਕਿਆ। ਹੁਣ ਸਿਰਫ਼ ਦੋ ਹਫ਼ਤੇ ਬਚੇ ਹਨ। ਜੇਕਰ ਅੰਦਰ ਪਹੁੰਚਣ ਵਿਚ ਸਫਲ ਰਹੇ ਤਾਂ 48000 ਕੱਢ ਸਕਣਗੇ। ਵਰਨਾ ਖਾਲੀ ਹੱਥ ਬਿਹਾਰ ਜਾ ਕੇ ਕੀ ਕਰਾਂਗੇ। ਤਿਆਰੀ ਕਿਵੇਂ ਹੋਵੇਗੀ। ਉਨ੍ਹਾਂ ਦੀ ਹਾਲਤ ਦੇਖੀ ਨਹੀਂ ਗਈ। ਬੇਸੁਧ ਬਦਹਵਾਸ ਇੰਤਜ਼ਾਰ ਕਰ ਰਹੀਆਂ ਹਨ ਕਿ ਕਾਸ਼ ਕੋਈ ਬੈਂਕ ਦੇ ਅੰਦਰ ਪਹੁੰਚਾ ਦਿੰਦਾ। ਕਾਸ਼ ਬੈਂਕ ਰਾਤ ਰਾਤ ਤਕ ਖੁੱਲ੍ਹਾ ਰਹਿੰਦਾ ਤੇ ਇਨ੍ਹਾਂ ਦਾ ਕੰਮ ਹੋ ਜਾਂਦਾ। ਸਾਡੀਆਂ ਸੰਵੇਦਨਾਵਾਂ ਮਰ ਗਈਆਂ ਹਨ। ਦਰਅਸਲ, ਅੱਜ ਹੀ ਨਹੀਂ ਮਰੀਆਂ। ਹਿੰਦੁਸਤਾਨ ਦੇ ਸਮਾਜ ਵਿਚ ਔਰਤਾਂ ਪ੍ਰਤੀ ਕੋਈ ਸੰਵੇਦਨਾ ਹੁੰਦੀ ਹੀ ਨਹੀਂ ਹੈ। ਉਹ ਸਿਰਫ਼ ਕੈਲੰਡਰ ਅਤੇ ਤਿਓਹਾਰਾਂ ਵਿਚ ਦੇਵੀ ਨਜ਼ਰ ਆਉਂਦੀ ਹੈ, ਬਾਕੀ ਸਮਾਂ ਕਿਸੇ ਨੂੰ ਉਸ ਦੇ ਹੋਣ ਨਾਲ ਫ਼ਰਕ ਨਹੀਂ ਪੈਂਦਾ। ਉਨ੍ਹਾਂ ਤੋਂ ਆਪਣੀ ਹਾਲਤ ਨਹੀਂ ਦੇਖੀ ਜਾ ਰਹੀ ਹੈ ਪਰ ਉਹ ਆਪਣੇ ਬੱਚਿਆਂ ਦਾ ਸੋਚ ਕੇ ਰੋਈ ਜਾ ਰਹੀਆਂ ਹਨ।

ਲੋਕਾਂ ਦੀ ਚੁੱਪ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਕਈ ਲੋਕਾਂ ਨੇ ਕਿਹਾ ਕਿ ਮੀਡੀਆ ਨਾਲ ਬੋਲ ਨਹੀਂ ਪਾ ਰਹੇ। ਮੀਡੀਆ ਇਹੀ ਪੁਛਦਾ ਹੈ ਕਿ ਤੁਸੀਂ ਇਸ ਫ਼ੈਸਲੇ ਦੇ ਨਾਲ ਹੋ। ਇਕ ਔਰਤ ਨੇ ਕਿਹਾ ਕਿ ਦੱਸੋ ਸਾਡੀ ਤਕਲੀਫ਼ ਨਾਲ ਕੌਣ ਹੈ। ਅਸੀਂ ਕੀ ਕਰੀਏ। ਸਾਡਾ ਕੀ ਕਸੂਰ ਸੀ। ਕੀ ਸਾਡੇ ਕੋਲ ਕਾਲਾ ਧਨ ਹੈ। ਚਾਰ ਦਿਨ ਤੋਂ ਕੰਮ 'ਤੇ ਨਹੀਂ ਗਈ, ਮੇਮਸਾਹਿਬ ਪੈਸੇ ਕੱਟ ਲਏਗੀ। ਜੋ ਕਮਾ ਕੇ ਲਿਆਏ ਸੀ, ਉਸ ਨੂੰ ਬਚਾਉਣ ਵਿਚ ਲੱਗੇ ਹਾਂ। ਜਦੋਂ ਕਮਾਉਣਾ ਸੀ, ਉਦੋਂ ਗਵਾ ਰਹੇ ਹਾਂ। ਇਨ੍ਹਾਂ ਔਰਤਾਂ ਦਾ ਜੋ ਨੁਕਸਾਨ ਹੋਇਆ ਹੈ, ਉਸ ਨੂੰ ਜੋੜੋ ਤਾਂ ਪਤਾ ਚੱਲੇਗਾ ਕਿ ਕਥਿਤ ਤੌਰ 'ਤੇ ਰਾਸ਼ਟਰ ਦੇ ਇਸ ਮਹਾਂਯਗ ਵਿਚ ਇਨ੍ਹਾਂ ਗਰੀਬ ਔਰਤਾਂ ਦਾ ਕੀ ਯੋਗਦਾਨ ਹੈ। ਉਨ੍ਹਾਂ ਦਾ ਯੋਗਦਾਨ ਸਭ ਤੋਂ ਵੱਡਾ ਹੈ।

ਕਤਾਰ ਵਿਚ ਦੋ ਅਜਿਹੇ ਹਨ ਜੋ ਮੀਡੀਆ ਨੂੰ ਦੇਖਦੇ ਹੀ ਕਹਿਣ ਲੱਗਦੇ ਹਨ ਕਿ ਮੋਦੀ ਨੇ ਜੋ ਕੀਤਾ, ਬਹੁਤ ਸਹੀ ਕੀਤਾ। ਉਨ੍ਹਾਂ ਦੇ ਕਹਿੰਦਿਆਂ ਹੀ ਸਾਰੇ ਚੁੱਪ ਹੋ ਜਾਂਦੇ ਹਨ, ਪਰ ਇਸ ਵਾਰ ਔਰਤਾਂ ਨਹੀਂ ਰੁਕੀਆਂ। ਕਹਿੰਦੀਆਂ ਰਹੀਆਂ। ਬਲਕਿ ਰੋਂਦੀਆਂ ਰਹੀਆਂ। ਲਾਚਾਰ ਖੜ੍ਹੀਆਂ ਇਨ੍ਹਾਂ ਔਰਤਾਂ ਦੀਆਂ ਅੱਖਾਂ ਵਿਚ ਹੰਝੂ ਜ਼ਿਆਦਾ ਸਨ ਤੇ ਟੀ.ਵੀ. 'ਤੇ ਬੋਲੇ ਜਾਣ ਲਈ ਸ਼ਬਦ ਘੱਟ। ਗਿੜਗਿੜਾਉਣ ਲੱਗੀਆਂ ਕਿ ਤੁਸੀਂ ਕਿਸੇ ਨੂੰ ਕਹਿ ਕੇ ਇਸ ਬੈਂਕ ਦਾ ਹਾਲ ਠੀਕ ਕਰਵਾ ਦਿਓ। ਬੈਂਕ ਦੇ ਕਰਮਚਾਰੀ ਕੰਮ ਕਰ ਰਹੇ ਹਨ ਪਰ ਉਹ ਏਨੀ ਵੱਡੀ ਆਬਾਦੀ ਦਾ ਬੋਝ ਕਿਵੇਂ ਚੁੱਕ ਸਕਦੇ ਹਨ। ਲੋਕਾਂ ਕੋਲ ਇਹ ਸਵਾਲ ਨਹੀਂ ਹੈ ਕਿ ਦਸ ਲੱਖ ਦੀ ਆਬਾਦੀ 'ਤੇ ਇਕ ਬੈਂਕ ਕਿਉਂ ਹੈ। ਸਾਰਿਆਂ ਨੇ ਇਕ ਸਵਾਲ ਰੱਟ ਲਿਆ ਹੈ, ਮੋਦੀ ਜੀ ਨੇ ਠੀਕ ਕੀਤਾ ਹੈ। ਬੱਸ ਬੈਂਕ ਵਾਲਿਆਂ ਨੇ ਇੰਤਜ਼ਾਮ ਨਹੀਂ ਕੀਤਾ। ਇਕ ਨੌਜਵਾਨ ਨੇ ਕਿਹਾ ਕਿ ਅਸੀਂ ਡਰ ਗਏ ਹਾਂ। ਸਾਡੀ ਹਾਲਤ ਕੁਝ ਹੋਰ ਹੀ ਹੈ। ਮੀਡੀਆ ਵਿਚ ਦਿਖਦਾ ਕੁਝ ਹੋਰ ਹੈ। ਮੈਂ ਕਿਹਾ ਵੀ ਕਿ ਇਸ ਵਾਰ ਤਾਂ ਚੈਨਲਾਂ ਨੇ ਤੁਹਾਡੀ ਸਮੱਸਿਆਵਾਂ ਨੂੰ ਖ਼ੂਬ ਦਿਖਾਇਆ ਹੈ। ਇਕ ਲੜਕੇ ਨੇ ਕਹਿ ਦਿੱਤਾ ਕਿ ਤੁਸੀਂ ਲਾਈਨਾਂ ਦਿਖਾਈਆਂ ਹਨ, ਸਾਡੀਆਂ ਤਕਲੀਫ਼ਾਂ ਨਹੀਂ ਦੱਸੀਆਂ ਹਨ। ਇਹ ਗੱਲ ਹੋ ਰਹੀ ਸੀ ਕਿ ਬਾਈਕ 'ਤੇ ਦੋ ਨੌਜਵਾਨ ਆਏ। ਬੁਲੰਦ ਆਵਾਜ਼ ਵਿਚ ਬੋਲਣ ਲੱਗੇ ਕਿ ਤੁਸੀਂ ਇਹ ਕਿਉਂ ਦਿਖਾ ਰਹੇ ਹੋ। ਤੁਹਾਡੇ ਚੈਨਲ 'ਤੇ ਹੀ ਇਹ ਲਾਈਨਾਂ ਕਿਉਂ ਦਿਖਾਈਆਂ ਜਾਂਦੀਆਂ ਹਨ। ਕੱਲ ਤੁਸੀਂ 'ਪ੍ਰਾਈਮ ਟਾਈਮ' ਵਿਚ ਚਾਂਦਨੀ ਚੌਕ ਦੇ ਕੁਝ ਲਾਲਿਆਂ ਨਾਲ ਕੀ ਗੱਲ ਕਰ ਰਹੇ ਸੀ। ਜਿਥੇ ਪੰਜ ਸੌ ਆਦਮੀ ਅਤੇ ਔਰਤਾਂ ਰੋਣ ਦੀ ਸਥਿਤੀ ਵਿਚ ਹਨ, ਉਥੇ ਦੋ ਨੌਜਵਾਨ ਬੋਲ ਕੇ ਨਿਕਲ ਜਾਂਦੇ ਹਨ ਕਿ ਇਹ ਨਾ ਦਿਖਾਓ। ਤੁਸੀਂ ਨੈਗੇਟਿਵ ਦਿਖਾਉਂਦੇ ਹੋ। ਇਹ ਸਭ ਚਲਦਾ ਰਹੇਗਾ। ਲੋਕਾਂ ਨੂੰ ਆਪਣੀ ਆਵਾਜ਼ ਖ਼ੁਦ ਲੱਭਣੀ ਪਏਗੀ। ਡਰਾਉਣ ਵਾਲੇ, ਧਮਕਾਉਣ ਵਾਲੇ ਤੇ ਭੀੜ ਵਿਚ ਪਛਾਣਨ ਵਾਲੇ ਇਨ੍ਹਾਂ ਸਾਰਿਆਂ ਵਿਚ ਮਾਹਰ ਹਨ ਪਰ ਉਸ ਜਨਤਾ ਦੀ ਸੋਚੋ, ਜੋ ਸਿਸਕ ਰਹੀ ਹੈ। ਉਨ੍ਹਾਂ ਔਰਤਾਂ ਦੀ ਸੁਣੋ ਜੋ ਬਹੁਤ ਕੁਝ ਕਹਿਣਾ ਚਾਹੁੰਦੀਆਂ ਹਨ।

# ਨੋਟਬੰਦੀ ਦੀ ਆੜ 'ਚ 8 ਲੱਖ ਕਰੋੜ ਰੁਪਏ ਦਾ ਘੁਟਾਲਾ : ਅਰਵਿੰਦ ਕੇਜਰੀਵਾਲ

## 'ਬਿਰਲਾ ਨੇ ਦਿੱਤੀ ਸੀ ਗੁਜਰਾਤ ਦੇ ਮੁੱਖ ਮੰਤਰੀ ਨੂੰ 25 ਕਰੋੜ ਦੀ ਰਿਸ਼ਵਤ'

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨੋਟਬੰਦੀ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੱਡਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਇਹ ਦੇਸ਼ ਭਗਤੀ ਦੀ ਆੜ ਵਿਚ ਕੀਤਾ ਗਿਆ 8 ਲੱਖ ਕਰੋੜ ਰੁਪਏ ਦਾ ਹੁਣ ਤਕ ਸਭ ਤੋਂ ਵੱਡਾ ਘੁਟਾਲਾ ਹੈ। ਨੋਟਬੰਦੀ ਨੂੰ ਲੈ ਕੇ ਆਮ ਜਨਤਾ ਨੂੰ ਹੋ ਰਹੀ ਪ੍ਰੇਸ਼ਾਨੀ ਦੇ ਮੁੱਦੇ 'ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨਾਲ ਆਜ਼ਾਦ ਮੰਡੀ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ, 'ਦੇਸ਼ ਭਗਤੀ ਦੀ ਆੜ ਵਿਚ ਆਜ਼ਾਦ ਭਾਰਤ ਦਾ ਇਹ ਹੁਣ ਤਕ ਦਾ ਸਭ ਤੋਂ ਵੱਡਾ ਘੁਟਾਲਾ ਹੈ।' ਭਾਜਪਾ 'ਤੇ ਸਿੱਧਾ ਨਿਸ਼ਾਨਾ ਲਾਉਂਦਿਆਂ ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵਾਲਿਆਂ ਨੇ ਪਹਿਲਾਂ ਹੀ ਆਪਣਾ ਮਾਲ ਠਿਕਾਣੇ ਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਪਿਛੇ ਵੱਡਾ ਘੁਟਾਲਾ ਹੈ। ਅਸਲ ਵਿਚ ਭ੍ਰਿਸ਼ਟਾਚਾਰ ਘੱਟ ਕਰਨ ਦੇ ਨਾਂ 'ਤੇ ਬਹੁਤ ਵੱਡੇ ਘੁਟਾਲੇ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਨੇ ਐਲਾਨ ਤੋਂ ਪਹਿਲਾਂ ਆਪਣੇ ਦੋਸਤਾਂ ਦਾ ਰੁਪਇਆ



ਠਿਕਾਣੇ ਲਗਵਾ ਦਿੱਤਾ ਤੇ ਆਮ ਜਨਤਾ ਨੂੰ ਤੰਗ ਕੀਤਾ ਜਾ ਰਿਹਾ ਹੈ। ਅੰਬਾਨੀ ਅਤੇ ਅਡਾਨੀ ਅਤੇ ਵਿਜੈ ਮਾਲਿਆ ਵਰਗੇ ਅਰਬਪਤੀਆਂ ਨੂੰ ਬੈਂਕਾਂ ਨੇ 8 ਲੱਖ ਕਰੋੜ ਰੁਪਏ ਦਾ ਕਰਜ਼ਾ ਦਿੱਤਾ ਹੋਇਆ ਸੀ। ਇਹ ਸਾਰੀ ਰਕਮ ਇਹ ਅਰਬਪਤੀ ਡਕਾਰ ਗਏ। ਕੁਝ ਰਕਮ ਵਿਦੇਸ਼ ਭੇਜ ਦਿੱਤੀ ਤਾਂ ਕੁਝ ਨੂੰ ਟਿਕਾਣੇ ਲਾ ਦਿੱਤਾ। ਇਸੇ ਕਾਰਨ ਬੈਂਕ ਕੰਗਾਲੀ ਦੇ ਕੰਢੇ 'ਤੇ ਪਹੁੰਚ ਗਏ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਇਸ ਕਰਜ਼ੇ ਦੀ ਇਕ ਪਾਈ ਵੀ ਇਨ੍ਹਾਂ ਅਰਬਪਤੀਆਂ ਤੋਂ ਵਸੂਲ ਨਹੀਂ ਕੀਤੀ, ਉਲਟਾ ਉਨ੍ਹਾਂ ਦਾ ਇਕ ਲੱਖ 14 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ। ਹੁਣ ਇਸ ਦੀ ਪੂਰਤੀ ਕਿਵੇਂ ਕਰਨ, ਇਸ ਲਈ ਨਵੀਂ ਤਰਕੀਬ ਕੱਢੀ ਤੇ 500 ਤੇ ਹਜ਼ਾਰ ਰੁਪਏ ਦੇ ਨੋਟ ਬੰਦ ਕਰ ਦਿੱਤੇ ਤਾਂ ਕਿ ਲੋਕ ਆਪਣੇ ਪੁਰਾਣੇ ਪੈਸੇ ਬੈਂਕਾਂ ਵਿਚ ਜਮ੍ਹਾ ਕਰਵਾਉਣ। ਸਰਕਾਰ ਦਾ ਅੰਦਾਜ਼ਾ ਹੈ ਕਿ ਇਸ ਨਾਲ ਬੈਂਕਾਂ ਵਿਚ ਦਸ ਲੱਖ ਕਰੋੜ ਰੁਪਏ ਆ ਜਾਣਗੇ। ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਪੈਸਿਆਂ ਨਾਲ ਮੋਦੀ ਜੀ ਆਪਣੇ ਉਦਯੋਗਪਤੀ

**ਬਾਕੀ ਸਫ਼ਾ 33 'ਤੇ**

# ਲਓ ! ਕਰ ਲੋ ਗੱਲ...

-ਕਮਲ ਦੁਸਾਂਝ

## ਮੌਕਾਪ੍ਰਸਤਾਂ ਦਾ ਵਿਆਹ !!!

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਅਤੇ ਬੈਂਸ ਭਰਾਵਾਂ ਵਿਚਾਲੇ ਗਠਜੋੜ ਅਸਲ ਵਿਚ ਮੌਕਾਪ੍ਰਸਤਾਂ ਦਾ ਵਿਆਹ ਹੈ। ਬੈਂਸ ਭਰਾਵਾਂ ਨੇ 2012 ਵਿਚ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਗੱਲ ਕੀਤੀ ਸੀ ਪਰ ਅਸੀਂ ਉਨ੍ਹਾਂ ਨੂੰ ਰੱਦ ਕਰ ਦਿੱਤਾ ਕਿਉਂਕਿ ਪਾਰਟੀ ਉਨ੍ਹਾਂ ਦੀ ਬਲੈਕਮੇਲਿੰਗ ਵਾਲੀ ਸਿਆਸਤ ਨੂੰ ਪਸੰਦ ਨਹੀਂ ਕਰਦੀ। ਲਓ ਜੀ! ਹੁਣ ਜੇ ਕੋਈ ਆਮ ਆਦਮੀ ਪਾਰਟੀ, ਕਾਂਗਰਸ ਜਾਂ ਕਿਸੇ ਹੋਰ ਪਾਰਟੀ ਵਿਚ ਦਲ ਬਦਲੂ ਜਾਂਦੇ ਨੇ ਤਾਂ ਮੌਕਾਪ੍ਰਸਤਾਂ ਦਾ ਵਿਆਹ ਤੇ ਜਿਹੜੇ ਅਕਾਲੀ ਦਲ ਵਿਚ ਆਉਂਦੇ ਨੇ ਤਾਂ ਉਹ ਕੀ ਹੋਇਆ?? ਟਿਕਟਾਂ ਨਾ ਮਿਲਣ ਕਾਰਨ ਕਾਂਗਰਸ ਤੋਂ ਬਾਗ਼ੀ ਹੋਏ ਆਗੂ ਹੁਣ ਅਕਾਲੀ ਦਲ ਦੇ ਜਹਾਜ਼ ਵਿਚ ਚੜ੍ਹ ਰਹੇ ਹਨ। ਇਨ੍ਹਾਂ ਪਾਰਟੀਆਂ ਨੂੰ ਦੇਖ ਕੇ ਤਾਂ ਇੰਜ ਲੱਗ ਰਿਹਾ ਹੈ ਕਿ ਇਨ੍ਹਾਂ ਨੇ ਆਪਣੀਆਂ ਗੱਡੀਆਂ ਭਜਾਈਆਂ ਹੋਈਆਂ ਹਨ-ਗੱਡੀਆਂ ਅੰਦਰ ਬਹਿ ਕੇ ਸੌਦੇਬਾਜ਼ੀਆਂ ਹੋ ਰਹੇ ਨੇ ਤੇ ਜਦੋਂ ਜਿਹਨੂੰ ਸੌਦਾ ਫਿੱਟ ਨਹੀਂ ਬੈਠਦਾ ਉਹ ਛਾਲ ਮਾਰ ਕੇ ਦੂਜੀ ਗੱਡੀ ਵਿਚ ਚੜ੍ਹ ਜਾਂਦਾ ਹੈ। ਪਤਾ ਨਹੀਂ ਕਦੋਂ ਇਨ੍ਹਾਂ ਦਾ ਵਿਆਹ ਹੁੰਦੇ ਤੇ ਕਦੋਂ ਤਲਾਕ ਵੀ ਹੋ ਜਾਂਦੈ, ਲੋਕ ਤਾਂ ਇਨ੍ਹਾਂ ਦੀਆਂ ਬਾਂਦਰ ਟਪੂਸੀਆਂ ਦੇਖ ਹੈਰਾਨ ਹੋ ਹੋ ਜਾ ਰਹੇ ਹਨ। ਚੱਲੋ ਖ਼ੈਰ, ਹੁਣ ਵੋਟਰਾਂ ਨੂੰ ਜੱਫ਼ੇ ਪਾਉਣ ਲਈ ਕੋਈ ਤਾਂ ਬਿਆਨਬਾਜ਼ੀ ਕਰਨੀ ਹੋਈ, ਨਹੀਂ ਤਾਂ ਲੋਕਾਂ ਨੂੰ ਕਿਵੇਂ ਪਤਾ ਚੱਲੂ ਕੌਣ ਕੀਹਦੇ ਨਾਲ ਐ...!!!

## ਚੁੱਕੋ...ਚੁੱਕੋ...ਸਾਡਾ ਰਾਜ ਐ...!!

ਛੋਟੇ ਬਾਦਲ ਸਾਹਿਬ ਕਿਸਾਨਾਂ ਨੂੰ ਹੋਕਾ ਦੇ ਰਹੇ ਨੇ-ਕਿਸਾਨੋਂ ਆਓ, ਜ਼ਮੀਨਾਂ ਦੇ ਇੰਤਕਾਲ ਥੋੜੇ ਨਾਂ ਚੜ੍ਹਾ'ਤੇ, ਤੁਸੀਂ ਤਾਂ ਬੱਸ ਕਬਜ਼ਾ ਕਰੋ। ਲਓ! ਕਰ ਲੋ ਗੱਲ, ਸਿਆਸੀ ਲਾਹਾ ਖੱਟਣੈ ਆਪ ਤੇ ਡਾਂਗਾਂ ਮਰਵਾਉਣੀਆਂ ਮਾੜਤੂ ਕਿਸਾਨਾਂ ਦੇ। ਉਂ ਤਾਂ ਸਿਆਸੀ ਲੀਡਰ ਦੂਜਿਆਂ ਦੀਆਂ ਜ਼ਮੀਨਾਂ 'ਤੇ ਪੁਲੀਸ ਨਾਲ ਰਲ਼ ਕੇ ਮਿੰਟੋ-ਮਿੰਟੀ ਜ਼ਮੀਨਾਂ 'ਤੇ ਕਬਜ਼ੇ ਕਰ ਲੈਂਦੇ ਆ ਤੇ ਹੁਣ ਕਿਉਂ ਅੱਗੇ ਨੀਂ ਆਉਂਦੇ...ਪਤੈ ਨਾ, ਬਈ ਇਹ ਸਾਰਾ ਡਰਾਮਾ ਹੋ ਰਿਹੈ। ਜਦੋਂ ਜ਼ਮੀਨਾਂ ਐਕਵਾਇਰ ਕੀਤੀਆਂ ਸਨ, ਉਦੋਂ ਤਾਂ ਛੋਟੇ ਬਾਦਲ ਨੂੰ ਕਿਸਾਨਾਂ ਨਾਲ ਹਮਦਰਦੀ ਨਹੀਂ ਹੋਈ, ਉਲਟਾ ਉਦੋਂ ਚੌਟਾਲਿਆਂ ਤੋਂ ਇਵਜ਼ ਵਿਚ ਜ਼ਮੀਨ ਲੈ ਲਈ। ਬੱਲੇ ਓ ਬਾਦਲਾ! ਜੇ ਕੱਲ੍ਹ ਨੂੰ ਮੋਦੀ ਨੇ ਦਬਕਾ ਮਾਰਿਆ ਕਿ ਜ਼ਮੀਨਾਂ ਦੇ ਕਬਜ਼ੇ ਛੱਡੋ, ਫੇਰ ਕੀ ਹੋਊ? ਉਂ ਵੀ ਚਾਲ ਤਾਂ ਚੰਗੀ ਚੱਲੀ ਐ...ਜੇ ਸੱਤਾ ਨਾ ਰਹੀ, ਆਪੇ ਆਉਣ ਵਾਲੀ ਹਕੂਮਤੀ ਧਿਰ ਮੱਥਾ ਮਾਰੂ... ਨਾਲੇ ਅਦਾਲਤਾਂ ਨਾਲ, ਨਾਲੇ ਕਿਸਾਨਾਂ ਨਾਲ ਤੇ ਨਾਲੇ ਕੇਂਦਰ ਸਰਕਾਰ ਨਾਲ। ਲਗਦੈ ਛੋਟੇ ਬਾਦਲ ਨੇ ਕੈਲੀਫੋਰਨੀਆ ਜਾਣ ਦੀ ਪੂਰੀ ਤਿਆਰੀ ਕਸ ਲਈ ਐ ਤੇ ਉਥੇ ਈ ਕਿਸੇ ਜ਼ਮੀਨ 'ਤੇ 'ਕਬਜ਼ਾ' ਕਰਕੇ ਖੇਤੀ ਕਰਨਗੇ। ਪਰ ਅੱਜ ਤਾਂ ਬਾਦਲਾਂ ਦਾ ਰਾਜ ਐ-ਤੁਸੀਂ ਤਾਂ ਬੱਸ ਜ਼ਮੀਨਾਂ ਚੁੱਕੋ।

## ਮੋਬਾਈਲ ਲੈ ਲੋ...ਮੋਬਾਈਲ!!!



ਬੱਲੇ ਬੱਲੇ!! ਹੁਣ ਤਾਂ ਜੇ ਪੰਜਾਬ ਵਿਚ ਰਾਜਾ ਸਾਹਿਬ (ਕੈਪਟਨ ਅਮਰਿੰਦਰ ਸਿੰਘ) ਆ'ਗੇ ਤਾਂ ਸਾਰਿਆਂ ਨੂੰ ਸਮਾਰਟ ਬਣਾ ਦੇਣਗੇ। ਇਕ-ਅੱਧ ਨਈਂ, ਪੂਰੇ 50 ਲੱਖ ਸਮਾਰਟ ਫ਼ੋਨ ਵੰਡਣੇ ਆ ਉਨ੍ਹਾਂ...। ਬਾਦਲਾਂ ਵਾਂਗ ਥੋੜ੍ਹੇ-ਅਖੇ ਲੈਪ ਟੌਪ ਵੰਡਾਂਗੇ...ਹੁਣ ਤਾਂ 10 ਸਾਲ ਲੰਘ ਗਏ...ਲੈਪ ਟੌਪ ਤਾਂ ਕਿਤੇ ਦਿਸੇ ਨਈਂ...ਸਾਈਕਲ ਤੇ ਭਾਂਡੇ-ਟਿੰਡੇ ਵੰਡ ਕੇ ਹੀ ਸਾਰ ਲਿਐ...। ਨਾਲੇ ਬਾਦਲਾਂ ਨੇ ਤਾਂ ਐਵੇਂ ਮਜ਼ਾਕ ਕੀਤਾ ਸੀ, ਤੁਸੀਂ ਸੱਚ ਮੰਨ ਲਿਆ। ਭਲਿਓ ਲੋਕੋ ਬਾਦਲਾਂ ਨੇ ਪੜ੍ਹਾਈ ਤਾਂ ਥੋੜੇ ਨਿਆਣਿਆਂ ਤੋਂ ਖੋਹ ਲਈ... ਲੈਪ ਟੌਪ ਲੈ ਕੇ ਤੁਸੀਂ ਕਰਨਾ ਵੀ ਕੀ ਐ...। ਜਿਹੜੇ ਮਹਿੰਗੇ ਭਾਅ ਚਾਰ ਜਮਾਤਾਂ ਪੜ੍ਹਨ ਜੋਗੇ ਆ...ਉਹ ਲੈਪ ਟੌਪ ਲੈਣ ਜੋਗੇ ਵੀ ਆ। ਚੱਲੋ ਜੇ ਰਾਜਾ ਸਾਹਿਬ ਆ ਗਏ ਤਾਂ ਪਰਵਾਸੀਆਂ ਦੀਆਂ ਜੇਬਾਂ ਨੂੰ ਥੋੜ੍ਹੀ ਰਾਹਤ ਜ਼ਰੂਰ ਮਿਲ ਜੂ...ਆ ਏਧਰਲੀ ਮੁੰਡੀਰ ਕੰਮ-ਧੰਦਾ ਤਾਂ ਕੋਈ ਕਰਦੀ ਨੀਂ...ਵਿਦੇਸ਼ੀ ਬੈਠੇ ਆਪਣੇ ਰਿਸ਼ਤੇਦਾਰਾਂ ਤੋਂ ਸਮਾਰਟ ਫ਼ੋਨ ਮੰਗਣ 'ਤੇ ਜ਼ੋਰ ਲਾਈ ਰੱਖਦੀ ਐ।

# ਭਗਤ ਨੂੰ ਦਰਦ ਨੀਂ ਹੋ ਰਿਹਾ!!




## ਮੋਦੀ ਭਗਤਾਂ ਨੂੰ ਦਰਦ ਨਹੀਂ ਹੁੰਦਾ...!!

ਅਰੁਣ ਜੇਤਲੀ- ਮੋਦੀ ਜੀ ਆ ਡੁਸਕੀ ਕਿਉਂ ਜਾਣੇ ਓਂ?

ਮੋਦੀ- ਯਾਰ ਜੇਤਲੀ, ਮੈਂ ਨੋਟਬੰਦੀ ਕੀ ਕੀਤੀ, ਆ ਵਿਰੋਧੀ ਤਾਂ ਮੇਰੇ ਪੋਤੜੇ ਈ ਫਰੋਲੀ ਜਾਂਦੇ ਆ।

ਜੇਤਲੀ- ਕੋਈ ਗੱਲ ਨੀਂ, ਤੁਸੀਂ ਬੋਲੀ ਜਾਣ ਦੋ...ਜਿਨ੍ਹਾਂ ਲਈ ਨੋਟ ਬੰਦ ਕੀਤੇ ਆ, ਉਹ ਤਾਂ ਖ਼ੁਸ਼ ਆ...ਝੋਲੀਆਂ ਤਾਂ ਉਨ੍ਹਾਂ ਨੇ ਈ ਭਰਨੀਆਂ ਨੇ ਆਪਣੀਆਂ।

ਮੋਦੀ- ਓ ਭਰਾਵਾ, ਉਹ ਤਾਂ ਠੀਕ ਆ...ਵੋਟਾਂ ਦੀਆਂ ਝੋਲੀਆਂ ਵੀ ਚਾਹੀਦੀਆਂ ਨੇ...।

ਜੇਤਲੀ- ਚਿੰਤਾ ਨਾ ਕਰੋ...ਚਾਰ ਕੁ ਦਿਨਾਂ ਦਾ ਰੌਲਾ ਐ...ਜਲਦੀ ਈ ਕੋਈ ਜੁਮਲਾ ਛੱਡਦੇ ਆਂ, ਆਪੇ ਲੋਕਾਂ ਦਾ ਧਿਆਨ ਨੋਟਬੰਦੀ ਤੋਂ ਹਟ ਕੇ ਉਧਰ ਨੂੰ ਹੋ ਜਾਊ...।

ਮੋਦੀ- ਓ ਤਾਂ ਠੀਕ ਐ ਯਾਰ...ਤੂੰ ਐਵੇਂ ਦੂਰ ਦੀਆਂ ਸੁੱਟੀ ਜਾਣੈ... ਅੱਜ ਦੀ ਗੱਲ ਕਰ...।

ਜੇਤਲੀ- ਇਹ ਵੀ ਕੋਈ ਔਖੈ...ਮੇਰੇ ਮੂਹਰੇ ਡੁਸਕੀ ਜਾਣੇ ਓਂ...ਜ਼ਰਾ 'ਮਨ ਕੀ ਬਾਤ' 'ਚ ਜਾ ਕੇ ਫਫੇ ਕੁੱਟ ਲਓ...।

ਮੋਦੀ- ਗੱਲ ਤਾਂ ਤੇਰੀ ਠੀਕ ਆ...ਪਰ ਮੇਰੇ 'ਕੱਲੇ ਦੇ ਫਫੇ ਕੁੱਟਣ ਨਾਲ ਕੀ ਹੋਣੈ...?

ਜੇਤਲੀ- ਲਓ, ਫੇਰ ਇਹਦਾ ਵੀ ਜੁਗਾੜ ਕਰ ਦਿੰਦੇ ਆਂ...।

ਮੋਦੀ- ਓ ਕੀ ਭਲਾਂ...ਛੇਤੀ ਦਸ...ਮੇਰਾ ਤਾਂ ਦਿਲ ਬੈਠੀ ਜਾਂਦੈ...।

ਜੇਤਲੀ- ਆ ਥੋਡੇ ਭਗਤਾਂ ਦੀ ਫ਼ੌਜ ਕਦੋਂ ਕੰਮ ਆਊ...ਇਨ੍ਹਾਂ ਨੂੰ ਅੱਡੀਆਂ 'ਤੇ ਲਾ ਕੇ ਚੱਟਣੈ...।

ਮੋਦੀ- ਖੁੱਲ੍ਹ ਦਸ ਛੇਤੀ ਦੇਣੇ...।

ਜੇਤਲੀ- ਆ ਬੈਂਕਾਂ ਦੇ ਬਾਹਰ ਜਿੰਨੀਆਂ ਲਾਈਨਾਂ ਲੱਗੀਐਂ...10-10, 20-20 ਭਗਤ ਭੇਜ ਦਿੰਦੇ ਆਂ...ਆਮ ਲੋਕਾਂ ਵਾਂਗ ਲਾਈਨਾਂ 'ਚ ਲੱਗ ਕੇ ਥੋਡੇ ਗੁਣ ਗਾਉਣਗੇ-ਬਈ ਮੋਦੀ ਨੇ ਤਾਂ ਕਮਾਲ ਕਰ ਤੀ... ਸਾਨੂੰ ਤਾਂ ਜੀ ਲਾਈਨ 'ਚ ਲੱਗਣ ਦੀ ਕੋਈ ਤੰਗੀ ਨਹੀਂ...। ਬੱਸ ਫੇਰ ਦੇਖੋ ਕਰਾਮਾਤ...।

ਮੋਦੀ- ਓਏ...ਪਰ ਇਨ੍ਹਾਂ ਦੀ ਸੁਣੂ ਕੌਣ...?

ਜੇਤਲੀ- ਕਰਤੀ ਨਾ ਓਹੀ ਗੱਲ...ਜਿਨ੍ਹਾਂ ਦੇ ਕਾਲੇ ਧਨ 'ਤੇ ਪਰਦਾ ਪਾਉਣ ਲਈ ਆ ਸਾਰਾ ਡਰਾਮਾ ਰਚਿਐ...ਉਨ੍ਹਾਂ ਦਾ ਈ ਤਾਂ ਮੀਡੀਆ ਤੇ ਮੀਡੀਆ ਕਦੋਂ ਕੰਮ ਆਊ...।

ਮੋਦੀ- ਬੱਲੇ ਓਏ ਸ਼ੇਰਾ...ਤੂੰ ਤਾਂ ਚਿੱਤ ਖ਼ੁਸ਼ ਕਰਤਾ...ਉਂ ਈ ਤਾਂ ਨੀਂ ਮੈਂ ਤੈਨੂੰ ਆਪਣੇ ਨਾਲ ਰੱਖਿਆ...। ਚੱਲ ਫੇਰ ਕਰ ਦੇ ਜੁਗਾੜ ਫਿੱਟ...।

## ਆਜਾ ਮੇਰਾ ਸ਼ੇਰ ਬੱਗਾ...!!

ਕੇਜਰੀਵਾਲ- ਭਗਵੰਤ...!!! ਆਜਾ ਮੇਰਾ ਸ਼ੇਰ ਬੱਗਾ!! ਦੇਖ ਤੂੰ ਜਿੱਥੇ ਲੋੜ ਪਏ ਫਿੱਟ ਹੋ ਜਾਣੈ...। ਸਦਕੇ ਜਾਵਾਂ ਤੇਰੇ 'ਤੇ...।

ਭਗਵੰਤ ਮਾਨ- ਨਾ ਸਰ ਜੀ! ਫਿੱਟ ਹੋਣ ਨੂੰ ਮੈਂ ਆਲੂ ਆਂ...ਬਈ ਜਿਹੜੀ ਮਰਜ਼ੀ ਸਬਜ਼ੀ 'ਚ ਤੜਕ ਦਿਓ...।

ਕੇਜਰੀਵਾਲ- ਤੂੰ ਕਿਹੜਾ ਆਲੂ ਤੋਂ ਘੱਟ ਐਂ...ਦੇਖ ਆਲੂ ਬਿਨਾਂ ਢਿੱਡ ਨੀਂ ਭਰਦਾ ਕਮਲਿਆ...ਤੇ ਤੇਰੇ ਬਿਨਾਂ ਨਾ ਕੋਈ ਸਿਆਸੀ ਰੈਲੀ 'ਚ ਭੀੜ ਜੁੜੇ ਤੇ ਨਾ ਵਿਰੋਧੀ ਟਿਕਣ...।

ਭਗਵੰਤ- ਕੀ ਮਤਬਲ ਥੋਡਾ...!!

ਕੇਜਰੀਵਾਲ- ਦੇਖ, ਤੂੰ ਹੈਗਾ ਤਰੁਪ ਦਾ ਪੱਤਾ... ਆਪਾਂ ਐਲਾਨ ਕਰ ਦੇਣੈ ਕਿ ਜਿੱਥੇ ਸੁਖਬੀਰ ਬਾਦਲ ਖੜ੍ਹੂ, ਉਥੋਂ ਭਗਵੰਤ ਵੀ ਚੋਣ ਲੜੂ ਤੇ ਸੁਖਬੀਰ ਨੂੰ ਹਰਾ ਕੇ ਰਹੂ...। ਦੇਖ, ਆਪਾਂ ਉਹਨੂੰ ਕਿਤੇ ਭੱਜਣ ਨੀਂ ਦੇਣਾ...ਜਿੱਥੇ ਖੜ੍ਹਾ ਮਗਰੇ ਤੈਨੂੰ ਤੋਰ ਦੇਣੈ...।

ਭਗਵੰਤ - ਹੱਛਾ!! ਫੇਰ ਮੇਰੀ ਵੀ ਇਕ ਮੰਗ ਐ...।

ਕੇਜਰੀਵਾਲ- ਓ! ਤੇਰੀ ਮੰਗ ਮੈਨੂੰ ਪਤੈ...ਤੂੰ ਪਾਰਟੀ ਤਾਂ ਆਉਣ ਦੇ ਸੱਤਾ ਵਿਚ...ਫੇਰ ਮੁੱਖ ਮੰਤਰੀ, ਉਪ ਮੁੱਖ ਮੰਤਰੀ ਬਾਰੇ ਵੀ ਸੋਚ ਲਵਾਂਗੇ...ਉਂ ਤੇਰੇ ਲਈ ਤਾਂ ਮੈਂ ਹੋਰ ਬਹੁਤ ਕੁਝ ਸੋਚ ਰੱਖਿਐ...ਆ ਤੂੰ ਮੁੱਖ ਮੰਤਰੀ ਆਲੀ ਰੱਟ ਛੱਡ ਦੇ...। ਤੂੰ ਤਾਂ ਬੱਸ ਮੇਰੀ ਡੁਗਡੁਗੀ 'ਤੇ ਨੱਚੀ ਚੱਲ ਤੇ ਨਚਾਈ ਚੱਲ...।

# ਪਾਕਿਸਤਾਨ ਨੇ ਫੇਰ ਕੀਤੀ ਭਾਰਤੀ ਜਵਾਨ ਦੀ ਲਾਸ਼ ਦੀ ਵੱਢ-ਟੁੱਕ, ਦੋ ਹੋਰ ਜਵਾਨ ਸ਼ਹੀਦ

**ਸ੍ਰੀਨਗਰ/ਬਿਊਰੋ ਨਿਊਜ਼ :** ਕਸ਼ਮੀਰ ਦੇ ਮਾਛਿਲ ਸੈਕਟਰ ਵਿਚ ਕੰਟਰੋਲ ਰੇਖਾ 'ਤੇ ਪਾਕਿਸਤਾਨ ਦੇ ਸ਼ੱਕੀ ਦਹਿਸ਼ਤਗਰਦਾਂ ਦੇ ਹਮਲੇ ਵਿਚ ਫ਼ੌਜ ਦੇ ਤਿੰਨ ਜਵਾਨ ਸ਼ਹੀਦ ਹੋ ਗਏ, ਜਿਨ੍ਹਾਂ ਵਿਚੋਂ ਇਕ ਸੈਨਿਕ ਦੀ ਲਾਸ਼ ਦੀ ਉਨ੍ਹਾਂ ਨੇ ਵੱਢ ਟੁੱਕ ਕੀਤੀ। 29 ਅਕਤੂਬਰ ਪਿੱਛੋਂ ਕੰਟਰੋਲ ਰੇਖਾ 'ਤੇ ਕਿਸੇ ਭਾਰਤੀ ਸੈਨਿਕ ਦੀ ਲਾਸ਼ ਟੁਕੜੇ ਕਰਨ ਦੀ ਦੂਸਰੀ ਘਟਨਾ ਹੈ। ਫ਼ੌਜ ਨੇ ਦੱਸਿਆ ਕਿ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਵਿਚ ਮਾਛਿਲ ਸੈਕਟਰ ਦੀ ਜੰਗਲੀ ਪੱਟੀ ਵਿਚ ਕੰਟਰੋਲ ਰੇਖਾ ਦੇ ਨਾਲ ਨਾਲ ਘੁਸਪੈਠ ਰੋਕਣ ਲਈ ਗਸ਼ਤ ਕਰ ਰਹੀ ਫ਼ੌਜ ਦੀ ਟੁਕੜੀ 'ਤੇ ਅੱਤਵਾਦੀਆਂ ਨੇ ਘਾਤ ਲਾ ਕੇ ਹਮਲਾ ਕੀਤਾ। ਇਸ ਹਮਲੇ ਵਿਚ ਤਿੰਨ ਜਵਾਨ ਸ਼ਹੀਦ ਹੋ ਗਏ, ਜਿਨ੍ਹਾਂ ਵਿਚੋਂ ਇਕ ਦੀ ਲਾਸ਼ ਉਨ੍ਹਾਂ ਨੇ ਵੱਢ ਟੁੱਕ ਦਿੱਤੀ। ਇਸ ਤੋਂ ਪਹਿਲਾਂ ਫ਼ੌਜ ਦੀ ਉੱਤਰੀ ਕਮਾਨ ਦੇ ਬੁਲਾਰੇ ਨੇ ਟਵਿੱਟਰ 'ਤੇ ਕਿਹਾ ਕਿ ਮਾਛਿਲ ਵਿਚ ਕੰਟਰੋਲ ਰੇਖਾ 'ਤੇ ਕਾਰਵਾਈ ਵਿਚ ਤਿੰਨ ਸੈਨਿਕ ਸ਼ਹੀਦ ਹੋ ਗਏ ਹਨ। ਸ਼ਹੀਦ ਹੋਣ ਵਾਲੇ ਸੈਨਿਕਾਂ ਦੀ ਪਛਾਣ ਰਾਜਸਥਾਨ ਦੀ ਸ਼ੇਰਗੜ੍ਹ ਤਹਿਸੀਲ ਦੇ ਪਿੰਡ ਖਿਰ ਜਮਖਾਸ ਵਾਸੀ 25 ਸਾਲਾ ਪ੍ਰਭੂ ਸਿੰਘ, ਉੱਤਰ ਪ੍ਰਦੇਸ਼ ਵਿਚ ਗਾਜ਼ੀਪੁਰ ਵਿਚ ਪੈਂਦੇ ਦਾਦੂਪੁਰ ਪਿੰਡ ਦੇ 31 ਸਾਲਾ ਕੇ ਕੁਸ਼ਵਾਹ ਅਤੇ ਉੱਤਰ ਪ੍ਰਦੇਸ਼ ਦੇ ਹੀ ਗਾਜ਼ੀਪੁਰ ਜ਼ਿਲ੍ਹੇ ਦੀ ਮੁਹੰਮਦਾਬਾਦ ਤਹਿਸੀਲ ਦੇ ਪਿੰਡ ਨਸੀਰੂਦੀਨਪੁਰ ਦੇ ਵਾਸੀ ਸ਼ਸ਼ਾਂਕ ਕੇ ਸਿੰਘ ਵਜੋਂ ਕੀਤੀ ਗਈ। ਫ਼ੌਜ ਦੇ ਸੂਤਰਾਂ ਨੇ ਦੱਸਿਆ ਕਿ ਅੱਤਵਾਦੀਆਂ ਨੇ ਪ੍ਰਭੂ ਸਿੰਘ ਦੀ ਲਾਸ਼ ਵੱਢ ਟੁੱਕ ਦਿੱਤੀ। ਫ਼ੌਜ ਨੇ ਕਿਹਾ ਕਿ ਪਾਕਿਸਤਾਨ ਦੀ ਇਸ ਘਿਨੌਣੀ ਹਰਕਤ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਸਮਝਿਆ ਜਾ ਰਿਹਾ ਕਿ ਇਹ ਕਾਰਨਾਮਾ ਪਾਕਿਸਤਾਨ ਬਾਰਡਰ ਐਕਸ਼ਨ ਟੀਮ (ਬੈਟ) ਨੇ ਕੀਤਾ ਹੈ, ਜਿਸ ਵਿਚ ਅੱਤਵਾਦੀਆਂ ਦੇ ਨਾਲ ਫ਼ੌਜ ਦੇ ਜਵਾਨ ਵੀ ਸ਼ਾਮਲ ਹੁੰਦੇ ਹਨ। ਬੈਟ ਟੀਮ ਦੇ ਬਚਾਅ ਲਈ ਪਾਕਿਸਤਾਨੀ ਫ਼ੌਜ ਗੋਲੀਬਾਰੀ ਕਰਦੀ ਹੈ। ਇਸ ਘਟਨਾ ਪਿੱਛੋਂ ਭਾਰਤੀ ਫ਼ੌਜ ਨੇ ਮਾਛਿਲ ਸੈਕਟਰ ਵਿਚ ਭਾਰੀ ਗੋਲੀਬਾਰੀ ਕੀਤੀ ਅਤੇ ਪਾਕਿਸਤਾਨ ਵਲੋਂ ਵੀ ਗੋਲੀਬਾਰੀ ਕੀਤੀ ਜਾ ਰਹੀ ਹੈ।

**ਪਾਕਿਸਤਾਨ ਵੱਲੋਂ ਇਨਕਾਰ :** ਇਸਲਾਮਾਬਾਦ : ਪਾਕਿਸਤਾਨ ਦੇ ਵਿਦੇਸ਼ ਵਿਭਾਗ ਨੇ ਇਸ ਬਿਆਨ ਨੂੰ ਬੇਬੁਨਿਆਦ ਤੇ ਝੂਠਾ ਕਰਾਰ ਦਿੰਦਿਆ ਕਿਸੇ ਵੀ ਭਾਰਤੀ ਜਵਾਨ ਦੀ ਲਾਸ਼ ਨਾਲ ਬੇਹੁਰਮਤੀ ਕਰਨ ਤੋਂ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨਫ਼ੀਸ ਜ਼ਕਰੀਆ ਨੇ ਸਪਸ਼ਟ ਕੀਤਾ ਹੈ ਕਿ ਪਾਕਿਸਤਾਨੀ ਸੈਨਾ ਅਜਿਹੇ ਘਿਨਾਉਣੀ ਕਾਰਵਾਈ ਵਿਚ ਸ਼ਾਮਲ ਨਹੀਂ ਹੈ।

**ਮਾਰੇ ਗਏ ਅੱਤਵਾਦੀਆਂ ਕੋਲੋਂ ਗੋਲੀ-ਸਿੱਕਾ ਤੇ ਦੋ ਹਜ਼ਾਰ ਦੇ ਨੋਟ ਮਿਲੇ :**
ਸ੍ਰੀਨਗਰ : ਜੰਮੂ-ਕਸ਼ਮੀਰ ਦੇ ਬਾਂਦੀਪੋਰ ਵਿਚ ਸੁਰੱਖਿਆ ਬਲਾਂ ਦੇ ਨਾਲ ਹੋਏ ਮੁਕਾਬਲੇ ਵਿਚ 2 ਅੱਤਵਾਦੀ ਮਾਰੇ ਗਏ। ਮਿਲੀ ਜਾਣਕਾਰੀ ਅਨੁਸਾਰ ਫ਼ੌਜ ਨੂੰ ਹੰਜਨ ਪਿੰਡ ਦੇ ਅਬਾਦੀ ਵਾਲੇ ਖੇਤਰ ਵਿਚ ਅੱਤਵਾਦੀਆਂ ਦੇ ਲੁਕੇ ਹੋਣ ਦੀ ਖ਼ਬਰ ਮਿਲੀ ਸੀ। ਜਿਸ ਦੇ ਬਾਅਦ 13 ਰਾਸ਼ਟਰੀ ਰਾਈਫਲਜ਼ ਦੀ ਟੁਕੜੀ ਅਤੇ ਪੁਲਿਸ ਵੱਲੋਂ ਇਲਾਕੇ ਵਿਚ ਵਿਸ਼ੇਸ਼ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਜਿਵੇਂ ਹੀ ਫ਼ੌਜ ਦੇ ਜਵਾਨਾਂ ਅੱਤਵਾਦੀਆਂ ਦੇ ਟਿਕਾਣਿਆਂ ਦੇ ਕੋਲ ਪਹੁੰਚੇ ਤਾਂ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁਕਾਬਲਾ ਦੋਵੇਂ ਅੱਤਵਾਦੀ ਮਾਰੇ ਜਾਣ ਤੱਕ ਜਾਰੀ ਰਿਹਾ। ਉਨ੍ਹਾਂ ਕਿਹਾ ਕਿ ਮੰਨਿਆ ਜਾ ਰਿਹਾ ਹੈ ਕਿ ਦੋਵੇਂ ਅੱਤਵਾਦੀ ਲਸ਼ਕਰ-ਏ-ਤਾਇਬਾ (ਐਲ.ਈ.ਟੀ.) ਨਾਲ ਸਬੰਧਤ ਸਨ। ਮੁਕਾਬਲੇ ਤੋਂ ਬਾਅਦ ਜਦੋਂ ਫ਼ੌਜ ਦੇ ਜਵਾਨਾਂ ਨੇ ਉਕਤ ਅੱਤਵਾਦੀਆਂ ਦੇ ਸਾਮਾਨ ਦੀ ਤਲਾਸ਼ੀ ਲਈ

ਬਾਕੀ ਸਫ਼ਾ 32 'ਤੇ

# ਕਾਲੇ ਤੋਂ ਸਫ਼ੈਦ ਹੋਣ ਦੇ ਉਹ ਪਲ

**ਹਰੀਸ਼ ਖਰੇ**

ਜੌਹਨ ਲੀ ਕੈਰੇ ਦੇ 'ਏ ਮੋਸਟ ਵਾਂਟੇਡ ਮੈਨ' ਦੇ ਪਾਠਕਾਂ ਨੂੰ ਇਹ ਯਾਦ ਹੋਏਗਾ ਕਿ ਜਾਸੂਸੀ ਨਾਵਲਕਾਰ ਨੇ ਸਾਨੂੰ 'ਲਿਪੀਜ਼ੇਨਰ ਕਥਾ' ਦੀ ਧਾਰਨਾ ਤੋਂ ਜਾਣੂ ਕਰਾਇਆ ਹੈ। ਪੁਸਤਕ ਵਿੱਚ ਇੱਕ ਕਿਰਦਾਰ ਦੇ ਰੂਪ ਵਿੱਚ ਲਿਪੀਜ਼ੇਨਰ ਨੂੰ ਅਜਿਹਾ ਘੋੜਾ ਦੱਸਿਆ ਗਿਆ ਹੈ ਜੋ ਕਿ ਪੈਦਾ ਤਾਂ ਕਾਲਾ ਹੁੰਦਾ ਹੈ, ਪਰ ਕੁਝ ਸਾਲ ਬਾਅਦ ਉਸ ਦਾ ਰੰਗ ਸਫ਼ੈਦ ਹੋ ਜਾਂਦਾ ਹੈ। ਕਹਾਣੀ ਵਿੱਚ ਦੱਸਿਆ ਗਿਆ ਕਿ ਯੂਰੋਪ ਵਿੱਚ ਸਨਮਾਨਜਨਕ ਪ੍ਰਤੀਤ ਹੋਣ ਵਾਲੇ ਬੈਂਕ ਕਿਸ ਤਰ੍ਹਾਂ ਬੁਰੇ ਲੋਕਾਂ ਦੇ ਕਾਲੇ ਧਨ ਨੂੰ ਸਫ਼ੈਦ ਬਣਾਉਣ ਵਿੱਚ ਮਦਦ ਕਰ ਰਹੇ ਸਨ। ਇੱਕ ਖੁਫ਼ੀਆ ਅਧਿਕਾਰੀ ਫਬਤੀ ਕੱਸਦੇ ਹੋਏ ਟਿੱਪਣੀ ਕਰਦੇ ਹਨ ਕਿ 'ਟੇਢੀਆਂ ਲੱਤਾਂ ਵਾਲੇ ਇਹ ਢੌਂਗੀ ਅਜਿਹਾ ਜਤਾਉਂਦੇ ਸਨ ਕਿ ਮੰਨੋ ਉਹ ਵੀ ਉਨ੍ਹਾਂ ਘੋੜਿਆਂ ਦੀ ਹੀ ਨਸਲ ਦੇ ਹਨ।'

ਸਰਕਾਰ ਵੱਲੋਂ 8 ਨਵੰਬਰ ਨੂੰ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਐਲਾਨ ਤੋਂ ਬਾਅਦ ਬਹੁਤ ਸਾਰੇ ਭਾਰਤੀਆਂ ਨੂੰ ਵੀ ਘੋੜੇ ਦੀ ਤਰ੍ਹਾਂ ਰੰਗ ਬਦਲਦੇ ਪਲਾਂ, ਬੈਂਕਿੰਗ ਪ੍ਰਣਾਲੀ ਅਤੇ ਨੈਤਿਕਤਾ ਦੀਆਂ ਵਚਿੱਤਰ ਮੰਗਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ।

ਸਰਕਾਰ ਦੇ ਇਸ ਕਦਮ ਦੀ ਮੈਰਿਟ ਅਤੇ ਜ਼ਰੂਰਤ 'ਤੇ ਅਰਥ-ਸ਼ਾਸਤਰੀ ਵੰਡੇ ਹੋਏ ਹਨ। ਅਸਲ ਵਿੱਚ ਕਿਸੇ ਵੀ ਵੱਡੇ ਅਰਥ-ਸ਼ਾਸਤਰੀ ਨੇ ਇਸ ਫ਼ੈਸਲੇ ਦਾ ਖੁੱਲ੍ਹ ਕੇ ਸਮਰਥਨ ਨਹੀਂ ਕੀਤਾ ਹੈ ਅਤੇ ਕੋਈ ਵੀ ਨਾ ਇਹ ਅਨੁਮਾਨ ਲਗਾ ਸਕਦਾ ਹੈ ਅਤੇ ਨਾ ਹੀ ਕਹਿ ਸਕਦਾ ਹੈ ਕਿ ਇਸ ਕਦਮ ਨਾਲ ਕਾਲਾ ਧਨ ਖ਼ਤਮ ਹੋ ਜਾਏਗਾ। ਹਰ ਰਾਤ ਟੀ.ਵੀ. ਸ਼ੋਅ ਵਿੱਚ ਸ਼ਾਮਲ ਰਹਿਣ ਵਾਲੇ ਕੁਝ ਬਹਿਸਵਾਜ਼ ਇਹ ਕਹਿੰਦੇ ਨਹੀਂ ਥੱਕ ਰਹੇ ਕਿ ਬੇਸ਼ੱਕ ਆਮ ਆਦਮੀ ਨੂੰ ਆਪਣਾ ਪੈਸਾ ਕਢਾਉਣ ਵਿੱਚ ਕੁਝ ਮੁਸ਼ਕਲਾਂ ਪੇਸ਼ ਆ ਰਹੀਆਂ ਹੋਣ, ਪਰ ਉਨ੍ਹਾਂ ਨੂੰ ਲਗਦਾ ਹੈ ਕਿ ਸਰਕਾਰ ਨੇ 'ਸਾਹਸੀ' ਅਤੇ 'ਬਹਾਦਰੀ ਭਰਿਆ' ਫ਼ੈਸਲਾ ਲਿਆ ਹੈ। ਇਹ ਵਿਦੇਸ਼ੀ ਮੀਡੀਆ ਦੀਆਂ ਟਿੱਪਣੀਆਂ ਤੋਂ ਇਕਦਮ ਉਲਟ ਹੈ। ਮੇਰੇ ਇੱਕ ਮਿੱਤਰ ਨੇ ਭਾਰਤ ਵਿੱਚ ਨੋਟਬੰਦੀ ਨੂੰ ਲੈ ਕੇ ਨਿਊਯਾਰਕ ਟਾਈਮਜ਼, ਬੀਬੀਸੀ, ਦਿ ਗਾਰਡੀਅਨ, ਹਫਿੰਗਟਨ ਪੋਸਟ ਤੇ ਵਾਸ਼ਿੰਗਟਨ ਪੋਸਟ ਵਰਗੇ ਪ੍ਰਮੁੱਖ ਸਮਾਚਾਰ ਸੰਗਠਨਾਂ ਦੀਆਂ ਕੁਝ ਸੁਰਖ਼ੀਆਂ ਮੈਨੂੰ ਭੇਜੀਆਂ ਹਨ। ਇਹ ਦੋਸਤ ਜ਼ੋਰ ਦੇ ਕੇ ਕਹਿੰਦਾ ਹੈ: "ਸਾਡਾ ਮੀਡੀਆ ਸੱਚ 'ਤੇ ਪਰਦਾ ਪਾਉਣ ਦਾ ਕੰਮ ਬਾਖ਼ੂਬੀ ਕਰਦਾ ਹੈ।"

ਆਮ ਆਦਮੀ ਨੂੰ ਹੋ ਰਹੀਆਂ ਪ੍ਰੇਸ਼ਾਨੀਆਂ ਸਾਡੇ ਕਦਮ ਨਹੀਂ ਰੋਕ ਸਕਦੀਆਂ। ਹਾਂ, ਗੁਆਂਢੀ ਆਪਣੀ ਕਹਾਣੀ ਸੁਣਾ ਰਹੇ ਹਨ: ਕਿ ਇੱਕ ਗ਼ਰੀਬ ਜੋ ਅਜੇ ਤਕ ਕਾਲੇ ਧਨ ਦੇ ਅਨੈਤਿਕ ਦਾਇਰੇ ਤੋਂ ਬਾਹਰ ਸੀ, ਨੂੰ ਅਣਐਲਾਨੀ ਆਮਦਨ ਜਮ੍ਹਾਂ ਕਰਾਉਣ ਵਾਲੇ ਛੋਟੇ ਅਤੇ ਮੱਧ ਵਰਗੀ ਵਪਾਰੀ ਦੇ ਇਸ਼ਾਰੇ 'ਤੇ ਬੇਈਮਾਨੀ ਸਿਖਾਈ ਜਾ ਰਹੀ ਹੈ। ਕਾਲੇ ਧਨ ਨੂੰ ਸਫ਼ੈਦ ਕਰਨ ਲਈ ਕੀਤੀ ਜਾ ਰਹੀ ਮਦਦ ਵਿੱਚ ਲੱਖਾਂ ਗ਼ਰੀਬਾਂ ਦੀ ਸ਼ਮੂਲੀਅਤ ਸਾਡੇ ਸਮਾਜ ਵਿਚੋਂ ਨੈਤਿਕ ਕਦਰਾਂ-ਕੀਮਤਾਂ ਦਾ ਸਮੂਹਕ ਨੁਕਸਾਨ ਹੈ। ਜਿਵੇਂ ਕਿ ਡਿਕ ਚੇਨੀ ਨੇ ਇੱਕ ਵਾਰ ਟਿੱਪਣੀ ਕੀਤੀ ਸੀ ਕਿ ਅਜਿਹਾ ਵਾਪਰਦਾ ਹੈ।

ਕਰਨਾਟਕ ਵਿੱਚ ਇੱਕ ਖਣਨ ਕਾਰੋਬਾਰੀ ਪਰਿਵਾਰ ਦਾ ਸ਼ਾਨੋ-ਸ਼ੌਕਤ ਨਾਲ ਹੋਇਆ ਵਿਆਹ ਵੱਡੀਆਂ ਸੁਰਖ਼ੀਆਂ ਵਿੱਚ ਰਿਹਾ। ਪੈਸੇ ਅਤੇ ਗਲੈਮਰ ਦਾ ਇਹ ਪ੍ਰਦਰਸ਼ਨ ਨੋਟਬੰਦੀ ਦੇ ਚਲਦੇ ਆਮ ਆਦਮੀ ਨੂੰ ਆਪਣੀਆਂ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਪੇਸ਼ ਆ ਰਹੀਆਂ ਮੁਸ਼ਕਲਾਂ ਤੋਂ ਬਿਲਕੁਲ ਉਲਟ ਸੀ। ਜੀ. ਜਨਾਰਧਨ ਰੈਡੀ ਵੱਡੀ ਪਾਰਟੀ ਦਾ ਪ੍ਰਬੰਧ ਕਰ ਰਹੇ ਸਨ। ਉਨ੍ਹਾਂ ਨੂੰ ਤਾਂ ਪੈਸੇ ਦੀ ਕਿਸੇ ਪੱਧਰ 'ਤੇ ਕਮੀ ਦਾ ਸਾਹਮਣਾ ਨਹੀਂ ਕਰਨਾ ਪਿਆ, ਪਰ ਜਨਾਰਧਨ ਰੈਡੀ ਤਾਂ ਕਰਨਾਟਕ ਵਿੱਚ ਭਾਜਪਾ ਲਈ ਮਹੱਤਵਪੂਰਨ ਅਤੇ ਬਹੁਤ ਸਾਧਨ ਜੁਟਾਉਣ ਵਾਲੇ ਆਦਮੀ ਹਨ। ਰੈਡੀ ਭਰਾਵਾਂ ਕੋਲ ਬੇਈਮਾਨੀ ਤੋਂ ਕਮਾਇਆ ਅਜਿਹਾ ਪੈਸਾ ਹੈ ਜੋ ਕਿ ਕੁਝ ਕਾਰੋਬਾਰੀ ਆਪਣੇ ਰਾਜਨੀਤਕ ਸੰਪਰਕਾਂ ਦੀ ਬਦੌਲਤ ਕਮਾਉਂਦੇ ਹਨ। ਉਨ੍ਹਾਂ ਨੂੰ ਕਾਨੂੰਨੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਰਾਜਨੀਤਕ ਪਹੁੰਚ ਦੇ ਚਲਦੇ ਉਨ੍ਹਾਂ ਦਾ ਕੁਝ ਨਹੀਂ ਵਿਗੜਿਆ।

ਅਤੀਤ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਫਰਵਰੀ 2004 ਦਾ ਸਹਾਰਾ ਪ੍ਰਮੁੱਖ ਦੇ ਦੋ ਬੇਟਿਆਂ ਦਾ ਵਿਆਹ ਵੀ ਯਾਦ ਹੋਵੇਗਾ। ਉਦੋਂ ਦੋ ਦਿਨ ਲਈ ਲਖਨਊ ਭਾਰਤੀ ਰਾਜਨੀਤੀ ਦੇ ਵੱਡੇ ਨੇਤਾਵਾਂ ਲਈ ਪਸੰਦੀਦਾ ਸਥਾਨ ਸੀ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ, ਸਾਬਕਾ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ ਤੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਸਾਰੇ ਵੱਡੇ ਲੋਕ ਉਸ ਵਿਆਹ ਵਿੱਚ ਪਹੁੰਚੇ ਸਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੀ ਸਾਬਕਾ ਨੇਤਾ (ਸੋਨੀਆ ਗਾਂਧੀ) ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (ਮਨਮੋਹਨ ਸਿੰਘ) ਬੇਸ਼ੱਕ ਇਸ ਵਿਆਹ ਵਿੱਚ ਸ਼ਰੀਕ ਨਹੀਂ ਹੋਏ ਸਨ, ਪਰ ਕਾਂਗਰਸ ਦੀ ਤਰਫ਼ ਤੋਂ ਐੱਸ.ਐੱਮ. ਕ੍ਰਿਸ਼ਨਾ ਅਤੇ ਦਿਗਵਿਜੇ ਸਿੰਘ ਵਰਗੇ ਵੱਡੇ ਨੇਤਾ ਵਿਆਹ ਵਿੱਚ ਸ਼ਾਮਲ ਹੋਏ ਸਨ। ਅਤੇ ਹਾਂ, ਲਖਨਊ ਵਿੱਚ ਵਿਰੋਧੀ ਧਿਰ ਦੀ ਪ੍ਰਮੁੱਖ ਨੇਤਾ ਮਾਇਆਵਤੀ ਵੀ ਵਿਆਹ ਤੋਂ ਇਸ ਕਾਰਨ ਹੀ ਦੂਰ ਰਹੀ ਕਿਉਂਕਿ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਅਤੇ ਉਨ੍ਹਾਂ ਦੇ ਰਾਜਨੀਤਕ ਪਰਿਵਾਰ ਨੇ ਇਸ ਵਿਆਹ ਦੀ ਸਹਿ ਮੇਜ਼ਬਾਨੀ ਕੀਤੀ ਸੀ। ਰਾਜਨੇਤਾ ਹੀ ਨਹੀਂ ਅਮਿਤਾਭ ਬੱਚਨ ਸਮੇਤ ਬੌਲੀਵੁੱਡ ਦੀਆਂ ਕਈ ਨਾਮੀ ਹਸਤੀਆਂ ਵੀ ਵਿਆਹ ਵਿੱਚ ਸ਼ਾਮਲ ਹੋਈਆਂ ਸਨ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਬੇਸ਼ੱਕ ਸਹਾਰਾ ਪ੍ਰਮੁੱਖ ਉਸ ਦੇ ਬਾਅਦ ਤੋਂ ਗੰਭੀਰ ਆਰਥਿਕ ਅਪਰਾਧ ਦੇ ਮਾਮਲੇ ਵਿੱਚ ਫਸੇ ਹੋਏ ਹਨ, ਪਰ ਇੱਕ ਸਮਾਂ ਉਹ ਵੀ ਸੀ ਜਦੋਂ ਉਨ੍ਹਾਂ ਨੂੰ "ਉੱਦਮੀ", "ਦੌਲਤ ਦਾ ਸਿਰਜਕ" ਕਹਿ ਕੇ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾਂਦੇ ਸਨ। ਰਾਜਨੇਤਾ, ਫ਼ਿਲਮ ਸਟਾਰ ਅਤੇ ਖੇਡ ਪ੍ਰਸ਼ਾਸਕ ਸਮੇਤ ਹਰ ਕੋਈ ਉਨ੍ਹਾਂ ਨਾਲ ਦੋਸਤੀ ਕਰਨਾ ਚਾਹੁੰਦਾ ਸੀ, ਉਨ੍ਹਾਂ ਦਾ ਸਾਥ, ਪੈਸਾ ਅਤੇ ਉਨ੍ਹਾਂ ਦਾ ਸਮਰਥਨ ਚਾਹੁੰਦਾ ਸੀ, ਪਰ ਅੰਤ ਜਦੋਂ ਉਨ੍ਹਾਂ 'ਤੇ ਕਾਨੂੰਨੀ ਸ਼ਿਕੰਜਾ ਕਸਿਆ ਤਾਂ ਪੂੰਜੀਵਾਦ ਦੀਆਂ ਬੁਰਾਈਆਂ ਸਾਹਮਣੇ ਆ ਗਈਆਂ।

ਇਹ ਦੋ ਵਿਆਹ ਰਾਜਨੇਤਾਵਾਂ ਅਤੇ ਕਥਿਤ ਕਾਰੋਬਾਰੀਆਂ ਦੇ ਨਿਰੰਤਰ ਜਾਰੀ ਰਹਿਣ ਵਾਲੇ ਗਠਜੋੜ ਦੇ ਬਾਰੇ ਵਿੱਚ ਦੱਸਦੇ ਹਨ। ਇਸ ਗਠਜੋੜ ਦੀ ਬਦੌਲਤ ਕਾਲਾ ਧਨ ਪੈਦਾ ਹੁੰਦਾ ਹੈ ਅਤੇ ਇਸ ਗਠਜੋੜ 'ਤੇ ਕੋਈ ਹੱਥ ਨਹੀਂ ਪਾਉਂਦਾ, ਇਹ ਜਿਵੇਂ ਦਾ ਤਿਵੇਂ ਬਣਿਆ ਰਹਿੰਦਾ ਹੈ। ਪਿਛਲੇ ਕੁਝ ਹਫ਼ਤਿਆਂ ਦੌਰਾਨ ਕੁਝ ਅਜਿਹੇ ਲੋਕਾਂ ਦੇ ਸਹਾਰਾ ਨਾਲ ਸੰਪਰਕਾਂ ਦਾ ਪਤਾ ਲੱਗਿਆ ਹੈ ਜਿਨ੍ਹਾਂ ਨੂੰ ਅੱਜ ਅਰਥ-ਵਿਵਸਥਾ ਨੂੰ ਸਾਫ਼-ਸੁਥਰਾ ਕਰਨ ਵਾਲਿਆਂ ਦੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

ਭਾਰਤ ਵਿਸ਼ਾਖਾਪਟਨਮ ਵਿੱਚ ਇੰਗਲੈਂਡ ਨਾਲ ਦੂਜਾ ਕ੍ਰਿਕਟ ਟੈਸਟ ਮੈਚ ਖੇਡ ਰਿਹਾ ਹੈ। ਕੋਈ ਵੀ ਮੈਚ ਦੇ ਨਤੀਜੇ ਦੀ ਭਵਿੱਖਵਾਣੀ ਨਹੀਂ ਕਰ ਸਕਦਾ। ਕ੍ਰਿਕਟ ਨੂੰ ਅਨਿਸ਼ਚਿਤਾਵਾਂ ਦਾ ਖੇਡ ਕਿਹਾ ਜਾਂਦਾ ਹੈ। ਅਸੀਂ ਰਾਜਕੋਟ ਵਿੱਚ ਪਹਿਲਾ ਟੈਸਟ ਵੀ ਜਿਵੇਂ ਤਿਵੇਂ ਬਚਾ ਸਕੇ ਕਿਉਂਕਿ ਇੰਗਲੈਂਡ ਦੇ ਸਪਿੰਨਰਾਂ ਦਾ ਖੇਡਣਾ ਸਾਡੇ ਬੱਲੇਬਾਜ਼ਾਂ ਲਈ ਆਸਾਨ ਨਹੀਂ ਸੀ, ਪਰ ਇੱਥੇ ਮਜ਼ੇ ਦੀ ਗੱਲ ਇਹ ਹੈ ਕਿ ਵਿਸ਼ਾਖਾਪਟਨਮ ਵਿੱਚ ਮੈਚ ਸ਼ੁਰੂ ਹੋਣ ਤੋਂ ਬਿਲਕੁਲ ਪਹਿਲਾਂ ਮੈਦਾਨ 'ਤੇ ਪਿੱਚ ਦੇ ਕਰੀਬ ਇੱਕ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਅਧਿਕਾਰਤ ਆਸ਼ੀਰਵਾਦ ਪ੍ਰਾਪਤ ਸੀ। ਸ਼ਾਇਦ ਇਸ ਕਾਰਨ ਦੇਵਤਾਵਾਂ ਨੂੰ ਆਪਣੇ ਪੱਖ ਵਿੱਚ ਕਰਨਾ ਰਿਹਾ ਹੋਵੇ। ਹੋਰ ਸਾਡੇ ਖਿਡਾਰੀਆਂ ਦੀ ਤਰ੍ਹਾਂ ਕ੍ਰਿਕਟਰਾਂ ਨੂੰ ਵੀ ਕਿਉਂਕਿ ਪੇਸ਼ੇਵਰ ਸਮਾਨਤਾ ਵਾਲੇ ਸ਼ਾਂਤ ਸੁਭਾਅ ਵਾਲੇ ਲੋਕਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਪਰ ਇਨ੍ਹਾਂ ਵਿਚੋਂ ਕੁਝ ਬੇਹੱਦ ਅੰਧਵਿਸ਼ਵਾਸੀ ਹੁੰਦੇ ਹਨ ਅਤੇ ਇਨ੍ਹਾਂ

ਬਾਕੀ ਸਫ਼ਾ 31 'ਤੇ



# "ਕਾਲੇ ਧਨ ਨੂੰ ਚਿੱਟਾ ਕਿਵੇਂ ਕਰਨਾ" ਪੁੱਛਣ ਵਾਲਿਆਂ 'ਚ ਗੁਜਰਾਤ ਮੋਹਰੀ ਤੇ ਪੰਜਾਬ 8ਵੇਂ ਨੰਬਰ 'ਤੇ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ** : 8 ਨਵੰਬਰ 2016 ਨੂੰ 500 ਅਤੇ 1000 ਰੁਪਏ ਦੇ ਭਾਰਤੀ ਕਰੰਸੀ ਨੋਟ ਬੰਦ ਹੋਣ ਦੇ ਐਲਾਨ ਤੋਂ ਬਾਅਦ ਬੈਂਕਾਂ ਅਤੇ ਏ.ਟੀ.ਐਮ. ਦੇ ਬਾਹਰ ਲੋਕਾਂ ਦੀ ਭੀੜ ਲੱਗ ਗਈ। ਅਗਲੇ ਹੀ ਦਿਨ ਤੋਂ ਪੁਰਾਣੇ ਨੋਟਾਂ ਨੂੰ ਬੈਂਕਾਂ ਵਿਚ ਜਮ੍ਹਾ ਕਰਵਾਉਣ ਵਾਲਿਆਂ ਦੀਆਂ ਲੰਬੀਆਂ ਲਾਈਨਾਂ ਨਜ਼ਰ ਆਉਣ ਲੱਗ ਗਈਆਂ। ਇਸ ਭੀੜ ਤੋਂ ਇਲਾਵਾ ਵੀ ਇਕ ਭੀੜ ਰਹੀ, ਜਿਨ੍ਹਾਂ ਤੇ 500 ਤੇ 1000 ਰੁਪਏ ਦੇ ਨੋਟ ਬਦਲਣ ਦਾ ਦਬਾਅ ਸੀ। ਇਹ ਉਹ ਲੋਕ ਸਨ ਜਿਹੜੇ ਇੰਟਰਨੈੱਟ ਦੀ ਮਦਦ ਨਾਲ 'ਕਾਲੇ ਧਨ' ਨੂੰ ਚਿੱਟਾ ਕਰਨ ਦੇ ਰਾਹ ਲੱਭ ਰਹੇ ਸਨ।

8 ਨਵੰਬਰ ਤੋਂ ਬਾਅਦ ਗੂਗਲ ਦੇ ਟ੍ਰੇਂਡਸ 'ਤੇ ਜੇ ਗੌਰ ਕਰੀਏ ਤਾਂ ਇਸ ਵਿਚ 'ਕਾਲੇ ਧਨ' ਨੂੰ ਚਿੱਟੇ ਵਿਚ ਬਦਲਣ ਦੇ ਤਰੀਕਿਆਂ ਨੂੰ ਸਭ ਤੋਂ ਵੱਧ ਲੱਭਿਆ ਗਿਆ। ਇਨ੍ਹਾਂ ਤਰੀਕਿਆਂ ਨੂੰ ਜਿਨ੍ਹਾਂ ਸੂਬਿਆਂ ਵਿਚ ਸਭ ਤੋਂ ਜ਼ਿਆਦਾ ਲੱਭਿਆ ਗਿਆ, ਉਨ੍ਹਾਂ ਵਿਚ ਗੁਜਰਾਤ ਪਹਿਲੇ ਨੰਬਰ 'ਤੇ ਰਿਹਾ।

ਗੁਜਰਾਤ ਦੇ ਜਿਨ੍ਹਾਂ ਸ਼ਹਿਰਾਂ ਵਿਚ ਗੂਗਲ 'ਤੇ ਇਹ ਤਰੀਕੇ ਸਭ ਤੋਂ ਵੱਧ ਸਰਚ ਕੀਤੇ ਗਏ, ਉਨ੍ਹਾਂ ਵਿਚ ਮਹਿਸਾਣਾ, ਰਾਜਕੋਟ ਅਤੇ ਜਾਮਨਗਰ ਸ਼ਾਮਲ ਹਨ। ਇਸ ਸੂਚੀ ਵਿਚ ਬਾਕੀ ਦੇ ਸੂਬੇ ਇਸ ਤਰ੍ਹਾਂ ਹਨ: 2. ਛੱਤੀਸਗੜ੍ਹ 3. ਹਰਿਆਣਾ 4. ਝਾਰਖੰਡ 5. ਉਤਰਾਖੰਡ 6. ਮਹਾਰਾਸ਼ਟਰ 7. ਗੋਵਾ, 8. ਪੰਜਾਬ 9. ਰਾਜਸਥਾਨ 10. ਦਿੱਲੀ।

'ਕਾਲੇ ਧਨ' ਨੂੰ ਚਿੱਟੇ ਵਿਚ ਬਦਲਣ ਲਈ ਲੋਕਾਂ ਵਲੋਂ ਕੁਝ ਨਵੇਂ ਕਿਸਮ ਦੇ ਕੀਵਰਡਸ ਵੀ ਦੇਖਣ ਨੂੰ ਮਿਲੇ। ਗੂਗਲ ਟ੍ਰੇਂਡ ਵਿਚ ਇਸ ਤੋਂ ਸਬੰਧਤ ਜਿਹੜੇ ਸਵਾਲ ਵੱਧ ਪੁੱਛੇ ਗਏ ਉਨ੍ਹਾਂ ਵਿਚ ਕਾਲੇ ਧਨ ਨੂੰ ਚਿੱਟਾ ਕਰਨ ਨਾਲ ਸਬੰਧਤ ਸਵਾਲ ਸਭ ਤੋਂ ਵੱਧ ਸਨ। ਹਾਲਾਂਕਿ ਜਿਵੇਂ ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ ਇਸ ਟ੍ਰੇਂਡ ਵਿਚ ਕਮੀ ਵੇਖਣ ਨੂੰ ਮਿਲ ਰਹੀ ਰਹੀ ਹੈ।

# ਦੁਨੀਆ ਭਰ ਵਿਚ ਸ਼ਾਇਦ ਹੀ ਕਦੇ ਕਾਰਗਰ ਰਹੀ ਨੋਟਬੰਦੀ

## ਨੋਟਬੰਦੀ ਦਾ ਫ਼ੈਸਲਾ ਭਾਰਤ ਵਿਚ ਹੀ ਨਹੀਂ, ਦੁਨੀਆ ਦੇ ਕਈ ਹੋਰ ਮੁਲਕਾਂ ਵਿਚ ਪਹਿਲਾਂ ਵੀ ਹੋ ਚੁੱਕਾ ਹੈ



***ਸੋਵੀਅਤ ਯੂਨੀਅਨ :***

ਜਨਵਰੀ 1991 ਵਿਚ ਮਿਖਾਈਲ ਗੋਰਬਾਚੇਵ ਦੀ ਅਗਵਾਈ ਵਿਚ ਰੂਸ ਨੇ ਕਾਲੇ ਧਨ 'ਤੇ ਕਾਬੂ ਪਾਉਣ ਲਈ 50 ਅਤੇ 100 ਰੂਬਲ ਵਾਪਸ ਲਏ ਸਨ। ਮੋਦੀ ਨੇ ਵੀ ਇਸੇ ਟੀਚੇ ਨਾਲ ਇਹ ਕਦਮ ਚੁੱਕਿਆ ਹੈ। ਉਦੋਂ ਰੂਸ ਦੀ ਪ੍ਰਚੱਲਤ ਕਰੰਸੀ ਵਿਚ 50 ਤੇ 100 ਰੂਬਲ ਦੀ ਮੌਜੂਦਗੀ ਇਕ ਤਿਹਾਈ ਸੀ। ਹਾਲਾਂਕਿ ਗੋਰਬਾਚੇਵ ਦੇ ਇਸ ਕਦਮ ਨਾਲ ਮਹਿੰਗਾਈ ਰੋਕਣ ਵਿਚ ਕੋਈ ਮਦਦ ਨਹੀਂ ਮਿਲੀ ਸੀ। ਰੂਸ ਨੇ ਇਹ ਕਦਮ ਲੋਕਾਂ ਦਾ ਭਰੋਸਾ ਜਿੱਤਣ ਲਈ ਚੁੱਕਿਆ ਸੀ। ਉਦੋਂ ਉਥੋਂ ਦੀ ਆਰਥਿਕ ਸਥਿਤੀ ਬੇਹੱਦ ਖ਼ਰਾਬ ਸੀ। ਗੋਰਬਾਚੇਵ ਨੂੰ ਉਦੋਂ ਤਖ਼ਤਾਪਲਟ ਦਾ ਵੀ ਸਾਹਮਣਾ ਕਰਨਾ ਪਿਆ ਸੀ। ਇਸ ਮਗਰੋਂ ਹੀ ਸੋਵੀਅਤ ਸੰਘ ਦਾ ਪਤਨ ਹੋਇਆ ਸੀ। ਇਸ ਤੋਂ ਸਬਕ ਸਿਖਦਿਆਂ ਰੂਸ ਨੇ 1998 ਵਿਚ ਇਸ ਕਦਮ ਨੂੰ ਵਾਪਸ ਲੈ ਲਿਆ ਸੀ।

***ਉਤਰ ਕੋਰੀਆ :***

2010 ਵਿਚ ਉਤਰ ਕੋਰੀਆ ਦੇ ਉਸ ਵੇਲੇ ਦੇ ਨੇਤਾ ਕਿਮ ਜੋਂਗ-ਇਲ ਨੇ ਪੁਰਾਣੀ ਕਰੰਸੀ ਦੀ ਕੀਮਤ ਵਿਚੋਂ ਦੋ ਸਿਫ਼ਰ ਹਟਾ ਦਿੱਤੇ ਸਨ ਭਾਵ ਸੌ ਦਾ ਨੋਟ ਇਕ ਦਾ ਰਹਿ ਗਿਆ ਸੀ। ਉਨ੍ਹਾਂ ਨੇ ਅਜਿਹਾ ਅਰਥਵਿਵਸਥਾ ਨੂੰ ਕੰਟਰੋਲ ਕਰਨ ਅਤੇ ਕਾਲਾਬਾਜ਼ਾਰੀ 'ਤੇ ਲਗਾਮ ਕੱਸਣ ਲਈ ਕੀਤਾ ਸੀ। ਉਸ ਵਕਤ ਉਥੇ ਖੇਤੀ ਸੰਕਟ ਦੇ ਦੌਰ ਤੋਂ ਲੰਘ ਰਹੀ ਸੀ ਤੇ ਕੋਰੀਆ ਖੁਰਾਕ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਇਸ ਕਦਮ ਨਾਲ ਉਤਰ ਕੋਰੀਆ ਦੀ ਅਰਥਵਿਵਸਥਾ ਹੋਰ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਹੋਈ ਸੀ। ਰਿਪੋਰਟ ਮੁਤਾਬਕ ਇਸੇ ਨੂੰ ਲੈ ਕੇ ਸੱਤਾਧਾਰੀ ਪਾਰਟੀ ਦੇ ਵਿਤ ਮੁਖੀ ਨੂੰ ਫਾਂਸੀ ਦੇ ਦਿੱਤੀ ਗਈ ਸੀ।

***ਜ਼ਾਇਰ :***

ਤਾਨਾਸ਼ਾਹ ਮੋਬਤੂ ਸੇਸੇ ਸੇਕੋ ਨੂੰ 1090 ਦੇ ਦਹਾਕੇ ਵਿਚ ਭਾਰੀ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਮੋਬਤੂ ਵੀ ਬੈਂਕ ਨੋਟ ਵਿਚ ਸੁਧਾਰ ਦੇ ਨਾਂ 'ਤੇ ਕਈ ਚੀਜ਼ਾਂ ਨੂੰ ਅਮਲ ਵਿਚ ਲਿਆਏ ਸਨ। 1993 ਵਿਚ ਸਿਸਟਮ ਨਾਲ ਅਪ੍ਰਚਾਲਤ ਮੁੱਦਰਾ ਨੂੰ ਵਾਪਸ ਲੈਣ ਦੀ ਯੋਜਨਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਮਹਿੰਗਾਈ ਵਧ ਗਈ ਤੇ ਡਾਲਰ ਦੇ ਮੁਕਾਬਲੇ ਉਥੋਂ ਦੀ ਕਰੰਸੀ ਵਿਚ ਭਾਰੀ ਗਿਰਾਵਟ ਆਈ ਸੀ। 1997 ਵਿਚ ਇਕ ਸਿਵਲ ਵਾਰ ਮਗਰੋਂ ਮੋਬਤੂ ਸੱਤਾ ਤੋਂ ਬੇਦਖ਼ਲ ਹੋ ਗਏ ਸਨ।

***ਮਿਆਂਮਾਰ :***

1987 ਵਿਚ ਮਿਆਂਮਾਰ ਦੀ ਫ਼ੌਜੀ ਸਰਕਾਰ ਨੇ ਦੇਸ਼ ਵਿਚ ਪ੍ਰਚੱਲਤ 80 ਫ਼ੀਸਦੀ ਕਰੰਸੀ ਨੂੰ ਅਯੋਗ ਐਲਾਨ ਦਿੱਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਬਲੈਕ ਮਾਰਕਿਟ ਨੂੰ ਕਾਬੂ ਵਿਚ ਕਰਨ ਲਈ ਕਈ ਕਦਮ ਚੁੱਕੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਵਿਦਿਆਰਥੀ ਸੜਕਾਂ 'ਤੇ ਉਤਰ ਆਏ ਅਤੇ ਭਾਰੀ ਵਿਰੋਧ ਪ੍ਰਦਰਸ਼ਨ ਹੋਇਆ। ਮਿਆਂਮਾਰ ਨੂੰ ਇਸ ਕਦਮ ਨਾਲ ਆਰਥਿਕ ਮੋਰਚੇ 'ਤੇ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ।

***ਘਾਨਾ :***

1982 ਵਿਚ ਘਾਨਾ ਨੇ ਟੈਕਸ ਚੋਰੀ ਰੋਕਣ ਲਈ 50 ਸੇਡੀ ਦੇ ਨੋਟ ਰੱਦ ਕਰ ਦਿੱਤੇ ਸਨ। ਘਾਨਾ ਨੇ ਪੈਸੇ ਦੀ ਤਰਲਤਾ ਨੂੰ ਘੱਟ ਕਰਨ ਅਤੇ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਦੇ ਲਿਹਾਜ਼ ਨਾਲ ਵੀ ਅਜਿਹਾ ਹੀ ਕੀਤਾ ਸੀ। ਘਾਨਾ ਦੇ ਇਸ ਕਦਮ ਨਾਲ ਉਥੋਂ ਦੇ ਬੈਂਕਿੰਗ ਸਿਸਟਮ ਨੂੰ ਬਹੁਤ ਨੁਕਸਾਨ ਪਹੁੰਚਿਆ ਸੀ। ਲੋਕਾਂ ਨੇ ਵਿਦੇਸ਼ੀ ਕਰੰਸੀ ਦਾ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਨਾਲ ਹੀ ਉਥੋਂ ਦੇ ਲੋਕਾਂ ਦਾ ਬਚਤ ਖਾਤੇ ਵਿਚ ਕਰੰਸੀ ਤੋਂ ਭਰੋਸਾ ਘੱਟ ਗਿਆ ਸੀ। ਇਸ ਨਾਲ ਕਾਲੇ ਧਨ ਦਾ ਦਾਇਰਾ ਘੱਟ ਹੋਣ ਦੀ ਬਜਾਏ ਹੋਰ ਵਧਿਆ ਸੀ। ਪੇਂਡੂ ਲੋਕ ਮੀਲਾਂ ਦੂਰ ਚੱਲ ਕੇ ਨੋਟ ਬਦਲਵਾਉਣ ਬੈਂਕ ਪਹੁੰਚਦੇ ਸਨ ਪਰ ਤੈਅ ਤਰੀਕ ਦੀ ਸੀਮਾ ਖ਼ਤਮ ਹੋਣ ਮਗਰੋਂ ਇਹ ਸਾਰੇ ਨੋਟ ਬਰਬਾਦ ਹੋ ਗਏ ਸਨ।

***ਨਾਈਜੀਰੀਆ :***

1984 ਵਿਚ ਨਾਈਜੀਰੀਆ ਵਿਚ ਮੁਹੰਮਦ ਬੁਹਾਰੀ ਦੀ ਅਗਵਾਈ ਵਾਲੀ ਫ਼ੌਜੀ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਕਦਮ ਚੁੱਕਦਿਆਂ ਨਵੇਂ ਬੈਂਕ ਨੋਟ ਵੱਖ ਰੰਗ ਵਿਚ ਜਾਰੀ ਕੀਤੇ ਸਨ। ਅਜਿਹਾ ਸੀਮਤ ਸਮੇਂ ਵਿਚ ਪੁਰਾਣੇ ਨੋਟਾਂ ਨੂੰ ਖ਼ਤਮ ਕਰਨ ਲਈ ਕੀਤਾ ਗਿਆ ਸੀ। ਨਾਈਜੀਰੀਆ ਦਾ ਇਹ ਕਦਮ ਬੁਰੀ ਤਰ੍ਹਾਂ ਨਾਲ ਫਲਾਪ ਸਿੱਧ ਹੋਇਆ ਸੀ ਤੇ ਮਹਿੰਗਾਈ ਦੇ ਨਾਲ ਅਰਥ ਵਿਵਸਥਾ ਦੀ ਸਿਹਤ ਵਿਚ ਕੋਈ ਸੁਧਾਰ ਨਹੀਂ ਹੋਇਆ ਸੀ। ਇਸ ਮਗਰੋਂ ਬੁਹਾਰੀ ਨੂੰ ਤਖ਼ਤਾਪਲਟ ਕਾਰਨ ਸੱਤਾ ਤੋਂ ਬੇਦਖ਼ਲ ਹੋਣਾ ਪਿਆ ਸੀ।

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*

FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

### SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

ੴ ਸਤਿਗੁਰ ਪ੍ਰਸਾਦਿ॥

**ਆਪ ਸਭ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ!**

**ਦੱਖਣੀ ਕੈਲੀਫੋਰਨੀਆ ਵਿੱਚ ਸਿੱਖਾਂ ਦਾ ਆਪਣਾ ਸਭ ਤੋਂ ਪਹਿਲਾ ਮਹਾਨ ਸਮਾਗਮ**

**ਹੌਲੀਵੁੱਡ ਸਿੱਖ ਟੈਂਪਲ ਵੱਲੋਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ**

# ਸ੍ਰੀ ਗੁਰੂ ਨਾਨਕ ਦੇਵ ਜੀ ਦਾ



## 547ਵਾਂ ਪ੍ਰਕਾਸ਼ ਉਤਸਵ, 04 ਦਸੰਬਰ, 2016

**ਸਵੇਰੇ 7:00 ਵਜੇ ਤੋਂ ਲੈ ਕੇ ਸ਼ਾਮ 4:00 ਵਜੇ ਤੱਕ**

**ਲਾਸ ਏਂਜਲਸ ਕਨਵੈਂਸ਼ਨ ਸੈਂਟਰ ਵਿਖੇ ਮਨਾਇਆ ਜਾ ਰਿਹਾ ਹੈ**



ਆਪ ਆਪਣੇ ਪਰਿਵਾਰਾਂ ਸਮੇਤ ਆਉ, ਦੋਸਤਾਂ ਮਿੱਤਰਾਂ ਨੂੰ ਵੀ ਨਾਲ ਲਿਆਉ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

**ਭਾਈ ਤੇਜਿੰਦਰ ਸਿੰਘ ਖੰਨੇ ਵਾਲੇ,
ਭਾਈ ਬਲਵਿੰਦਰ ਸਿੰਘ ਰਾੜੇਵਾਲੇ
ਸਮੇਤ ਸਿੱਖ ਕੌਮ ਦੇ ਪ੍ਰਸਿੱਧ ਰਾਗੀ ਜਥੇ
ਤੇ ਕਥਾਵਾਚਕ ਪਹੁੰਚ ਰਹੇ ਹਨ**

Diya TV

CHARDIKLA TIME TV

**ਹਜ਼ੂਰੀ ਰਾਗੀ ਜਥਾ ਭਾਈ ਜਤਿੰਦਰ ਸਿੰਘ ਜੀ ਅਤੇ ਜਥਾ, 5 ਰਾਗੀ ਜਥੇ ਇਕੱਠੇ ਰਸ ਭਿੰਨਾ ਕੀਰਤਨ ਕਰਨਗੇ।
ਦੱਖਣੀ ਕੈਲੀਫੋਰਨੀਆ ਦੇ ਸਾਰੇ ਗੁਰਦੁਆਰਾ ਸਾਹਿਬ ਅਤੇ ਪੰਜਾਬੀ ਸਕੂਲ ਹਿੱਸਾ ਲੈ ਰਹੇ ਹਨ।**

ਗੁਰੂਘਰ ਵਾਲਨੱਟ, ਗੁਰੂਘਰ ਬਿਉਨਾ ਪਾਰਕ, ਗੁਰੂਘਰ ਬਿਉਨਾ ਪਾਰਕ (ਸਟੈਂਟਨ ਰੋਡ), ਗੁਰੂਘਰ ਸਰਬ ਸਾਂਝਾ ਦਰਬਾਰ, ਗੁਰੂਘਰ ਵੈਲੀ ਸਿੱਖ ਟੈਂਪਲ, ਗੁਰੂਘਰ ਲੈਂਕਰਸ਼ਿਮ, ਗੁਰੂਘਰ ਰਿਵਰਸਾਈਡ, ਗੁਰੂਘਰ ਹਿਸਪੇਰੀਆ, ਗੁਰੂਘਰ ਅਲਹੈਂਬਰਾ, ਗੁਰੂਘਰ ਨਾਨਕ ਸਦਨ, ਗੁਰੂਘਰ ਗੁਰੂ ਰਾਮਦਾਸ ਆਸ਼ਰਮ, ਗੁਰੂਘਰ ਸੈਂਟਾਐਨਾ, ਗੁਰੂਘਰ ਮਾਤਾ ਸਾਹਿਬ ਕੌਰ ਜੀ, ਗੁਰੂਘਰ ਐਪਲ ਵੈਲੀ, ਗੁਰੂਘਰ ਨਾਰਕੋ, ਗੁਰੂਘਰ ਪਾਮ ਸਪ੍ਰਿੰਗ, ਗੁਰੂਘਰ ਤਮੇਕੁਲਾ, ਗੁਰੂਘਰ ਵੈਂਟੂਰਾ, ਆਈ.ਆਈ.ਜੀ.ਐਸ., ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ, ਗੁਰੂਘਰ ਏ.ਵੀ.ਐਸ. ਲੈਂਕੈਸਟਰ, ਗੁਰੂਘਰ ਵੈਸਟ ਕੋਵੀਨਾ, ਭਾਈ ਮਰਦਾਨਾ ਅਕੈਡਮੀ ਅਤੇ ਹੋਰ ਗੁਰਦੁਆਰਿਆਂ ਦੇ ਜਥੇ ਅਤੇ ਪੰਜਾਬੀ ਸਕੂਲਾਂ ਦੇ ਬੱਚੇ ਵੀ ਕੀਰਤਨ ਕਰਨਗੇ।

***Donatons & Info:***
S; Baldev S; Johal-661-965-5937,
S; Santokh S; Ghotra-310-569-9506,
S; Ronak Singh-661-295-5846,
S;Manjit S; Khalil-323-369-8962
S; Harnek S; Thiara-818-687-2873
*Langar*: S; !marjeet Singh -310-291-4835

HOLLYWOOD SIKH TEMPLE
SIKH STUDY CIRCLE INC.

***Donatons & Punjabi Bazaar:***
S; Gurdev Singh– 323-304-4871
S; Bhupinder S; Dhillon-323-514-6347,
S; Baljinder S; Multani-213-249-8099
***Media Coordinator***:
S; Manjinder P; Singh-818-268-3213
Gurdwara Sahib: 323-665-7707

***Donaton Commitee & Sevadaars*** : Dr; !marjit S; Marwah, S; J;L; Saini, S; Ram Singh, S; Iqbal S; Dhillon, S; Harjinder S; Malhi, Paul Lubana, S; Darshan Singh, S; Iqbal S; Samra & Bros, Wraich Bros; Dr; Parkash K; Sehdeva, S; Pargat S; Kehl, S; Gurbachan Singh Dr; Jaswant S; Dhillon, Paul Ghotra, S; Tajinder S; Khalil & Bros;, S; Gurmit S; Multani, H; S; Randhawa, S; Harbhajan S; Multani, S;Manjit Singh (Pappi), S; Gurcharan Singh (Bali), S; Sohan S; Rasia & Family, S; !vtar Singh, Dr; !jit S; !rora, S; Satnam S ; Thiara, S; Sukhdev S; Multani, S; Manjit S; Pandher, S; Nirmal Sehmbi, S; Harmimder S; Chohan, Dr; Mukhtar S; Kundi, S; Swarnjit S; Sahni, S; Gurdas S; Kehl, S; Waryam S; Grover, S; Sarbjit S; Sodhi, Dr; !jit S; Randhawa, S; Gurdial S; Randhawa, S; Kirtan S; Khals a, S; !mrik S; Rasia, S; Malkit S; Sogy, S; Surjit S; Bawa & Bros;, S; Surinder S; Gill, Ms; Hari Kirn K; Khalsa, S; Harbhajan S; Khalsa, S; Santokh S; Khinda & Bros;, S; Gurdev S; Nauli, S; Harbhajan S; Samra, S; Parmjit Singh, S; Jaswinder S; Dhaliwal

ਭਾਈ ਘਨੱਈਆ ਜੀ ਸੇਵਾ ਦਲ ਵੱਲੋਂ ਸਵੇਰ ਦੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।
ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਤਾਜ਼ਾ ਜਲੇਬੀਆਂ ਦੀ ਸੇਵਾ ਬਾਬਾ ਸਵੀਟਸ ਵੱਲੋਂ ਕੀਤੀ ਜਾ ਰਹੀ ਹੈ।
ਵੀਡੀਓ ਤੇ ਫੋਟੋ ਦੀ ਸੇਵਾ ਸੱਗੂ ਵੀਡੀਓ ਅਤੇ ਟੀਵੀ ਤੇ ਲਾਈਵ ਦਿਖਾਉਣ ਦੀ ਸੇਵਾ ਜੋਗਿੰਦਰ ਸਿੰਘ ਨਿਭਾ ਰਹੇ ਹਨ।
3 ਦਸੰਬਰ 2016 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।
3 ਦਸੰਬਰ 2016 ਨੂੰ ਹਾਲ ਦੀ ਸਜ਼ਾਵਟ ਦੀ ਸੇਵਾ ਗੁਰੂ ਰਾਮਦਾਸ ਆਸ਼ਰਮ ਵੱਲੋਂ ਕੀਤੀ ਜਾ ਰਹੀ ਹੈ। ਸਾਰੇ ਹੁੰਮ ਹਮਾਂ ਕੇ ਪਹੁੰਚੋ ਜੀ।
ਲੰਗਰ ਦੀ ਸੇਵਾ ਅਤੇ ਹੋਰ ਜਾਣਕਾਰੀ ਲਈ ਸ੍ਰ. ਅਮਰਜੀਤ ਸਿੰਘ ਜੀ ਨੂੰ 310-291-4835 ਤੇ ਸੰਪ੍ਰਕ ਕਰ ਸਕਦੇ ਹੋ।



FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa




Spice Jar
INDIAN CUISINE
-Specializing in Tandoor (Clay Oven)
-Vegetarian and Non-Vegetarian Curry
We Specialize in Catering All Occasions 50-1200 GUESTS
Lunch Buffet
7 Days
11am-3pm
$9.99
Buffet 11am - 3pm
Ala Carte 5pm - 10pm
Call or Email for Catering:
spicejargrill@gmail.com
LUNCH BUFFET ALL YOU CAN EAT $1 OFF*
(VALID UP TO 4 PEOPLE. TOTAL DISCOUNT $4) WITH THIS COUPON ONLY. LIMIT ONE COUPON PER CUSTOMER.
20% OFF* ENTIRE DINNER CHECK
(MENU ONLY. NOT VALID WITH BUFFET) WITH THIS COUPON ONLY. LIMIT ONE COUPON PER CUSTOMER.
17052 Slover Ave. Fontana, CA 92337
909-350-7010
@spice_jar
spicejarfontana
www.spicejar.net



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd.
**FREMONT**
CA-94538

3810 Eau Claire Ave, Ceres,
**MODESTO/CERES**
CA-95307

220 Bush St/Montgomery St, #445
**SAN FRANCISCO**
(OPPOSITE INDIA VISA CENTER)



**Serving Around the World Community Since 1994**

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**

SERVICE TRUST

SKYWAY TRAVEL

DOMESTIC and INTERNATIONAL

Special fares to
**Amritsar & Delhi**

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345






# Global Visa Service
## Visa & Passport Services

JAY SUMMAN: 415.850.9278; jaysumman@gmail.com
39271 Mission Blvd, # 210, Fremont, CA 94539

**Indian Visa, Renunciation, OCI Card for Dual Citizenship,**
**Indian & US Passport Renewals, Notary Public Service**

# ਇੰਦੌਰ ’ਚ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਮਿਲਿਆ ਬਣਦਾ ਸਤਿਕਾਰ

ਇੰਦੌਰ/ਬਿਊਰੋ ਨਿਊਜ਼ :

ਮੱਧ ਪ੍ਰਦੇਸ਼ ਦੇ ਇਸ ਸ਼ਹਿਰ ਵਿੱਚ ਬਾਰਡਰ ਸਿਕਿਉਰਿਟੀ ਫੋਰਸ ਦੇ ‘ਸੈਂਟਰਲ ਸਕੂਲ ਆਫ ਵੈਪਨਜ਼ ਐਂਡ ਟੈਕਟਿਕਸ’ ਵਿੱਚ 294 ਹੋਰ ਨਿਸ਼ਾਨੀਆਂ ਨਾਲ ਤਕਰੀਬਨ ਅੱਧੀ ਸਦੀ ਤੱਕ ਗੁੰਮਨਾਮੀ ਦੀ ਹਾਲਤ ਵਿੱਚ ਪਏ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਆਖਰਕਾਰ ਆਪਣਾ ਬਣਦਾ ਸਤਿਕਾਰ ਮਿਲ ਗਿਆ ਹੈ।

ਸਿਖਿਆਰਥੀਆਂ ਨੂੰ ਹਥਿਆਰਾਂ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਵਾਲੇ ਸਹਾਇਕ ਕਮਾਂਡੈਂਟ ਵਿਜੇਂਦਰ ਸਿੰਘ ਹੁਣ ਤੱਕ ਅਮਰੀਕਾ ਦੀ ਬਣੀ .32 ਕੌਲਟ ਰਿਮ ਰਹਿਤ ਤੇ ਧੂੰਆਂ ਰਹਿਤ ਪਿਸਤੌਲ ਬਾਰੇ ਗੱਲ ਕਰਦਿਆਂ ਇਸ ਨੂੰ 1531 ਤੋਂ ਸ਼ੁਰੂ ਹੋਏ ਹਥਿਆਰਾਂ ਦੇ ਵਿਕਾਸ ਦਾ ਇਕ ਛੋਟਾ ਜਿਹਾ ਅਧਿਆਇ ਦੱਸਦੇ ਸਨ ਪਰ ਇਕ



ਭਾਰਤੀ ਇਤਿਹਾਸਕਾਰ ਦੀ ਲਾਹੌਰ ਵਿੱਚ ਕੀਤੀ ਖੋਜ ਦੇ ਆਧਾਰ ’ਤੇ ਚਾਰ ਭਾਗਾਂ ਵਿੱਚ ‘ਟ੍ਰਿਬਿਊਨ ਸਮੂਹ’ ਵਿਚ ਛਾਪੀ ਲੜੀ ਨੇ ਸਭ ਕੁੱਝ ਬਦਲ ਦਿੱਤਾ। ਇਸ ਮਗਰੋਂ ਸ਼ਹੀਦ ਭਗਤ ਸਿੰਘ ਦੀ ਪਿਸਤੌਲ ਦੀ ਮੌਜੂਦਗੀ ਵਾਲੀਆਂ ਸੰਭਾਵੀ ਥਾਵਾਂ ਬਾਰੇ ਰਿਪੋਰਟਾਂ ਪ੍ਰਕਾਸ਼ਤ ਹੋਈਆਂ। ਇਹ ਪਿਸਤੌਲ ਲਾਹੌਰ ਵਿੱਚ 17 ਦਸੰਬਰ 1928 ਨੂੰ ਬਰਤਾਨਵੀ ਪੁਲੀਸ ਅਧਿਕਾਰੀ ਜੇ.ਪੀ. ਸਾਂਡਰਸ ਨੂੰ ਮਾਰਨ ਲਈ ਵਰਤੀ ਗਈ। ਲਾਹੌਰ ਸਾਜ਼ਿਸ਼ ਕੇਸ ਵਿੱਚ ਇਹ ਪਿਸਤੌਲ ਅਹਿਮ ਸਬੂਤ ਸੀ।

ਸਹਾਇਕ ਕਮਾਂਡੈਂਟ ਵਿਜੇਂਦਰ ਹੁਣ ਇਸ ਪਿਸਤੌਲ ਬਾਰੇ ਗੱਲ ਕਰਨ ਲਈ ਕਾਫ਼ੀ ਸਮਾਂ ਲਾਉਂਦਾ ਹੈ ਕਿਉਂਕਿ ਇਹ ਇਤਿਹਾਸ ਦੇ ਇਕ ਅਨਮੋਲ ਅਧਿਆਇ ਨਾਲ ਸਬੰਧਤ ਹੈ। ਬੀਐਸਐਫ ਦੇ ਇਸ ਅਦਾਰੇ ਦੇ ਡਾਇਰੈਕਟਰ ਆਈਜੀ ਪੰਕਜ ਨੇ ਕਿਹਾ ਕਿ ਜਦੋਂ ਵੀ ਉਹ ਮਹਾਨ ਸ਼ਹੀਦ ਦੀ ਪਿਸਤੌਲ ਨੂੰ ਆਪਣੇ ਹੱਥ ਵਿਚ ਲੈਂਦੇ ਹਨ ਤਾਂ ਉਹ ਭਾਵੁਕ ਹੋ ਜਾਂਦੇ ਹਨ। ਉਨ੍ਹਾਂ ਕਿਹਾ “ਮੈਂ ਆਪਣੇ ਲੰਮੇ ਕਰੀਅਰ ਦੌਰਾਨ ਕਈ ਹਥਿਆਰ ਚੁੱਕੇ ਹਨ ਪਰ ਕੋਈ ਵੀ ਇਸ ਵਰਗਾ ਨਹੀਂ।” ਉਨ੍ਹਾਂ ਸਾਫ਼ਗੋਈ ਨਾਲ ਮੰਨਿਆ ਕਿ ਇੱਥੇ ਮੌਜੂਦ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਇਹ ਪਿਸਤੌਲ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਹੈ।

ਆਈਜੀ ਨੇ ਕਿਹਾ ਕਿ ਪਿਸਤੌਲਾਂ ਤੋਂ ਪੇਂਟ ਉਤਰਨ ਤੋਂ ਬਾਅਦ ਉਦੋਂ ਸਾਰੇ ਖ਼ੁਸ਼ੀ ਨਾਲ ਝੂਮ ਉੱਠੇ ਜਦੋਂ ਇਕ ਪਿਸਤੌਲ ਦੀ ਬੈਰਲ ਉਤੇ ਉਸ ਦਾ ਨੰਬਰ 168896 ਸਪਸ਼ਟ ਹੋ ਗਿਆ, ਜੋ ਰਿਕਾਰਡ ਨਾਲ ਮੇਲ ਖਾ ਗਿਆ। ਹੁਣ ਇਸ ਪਿਸਤੌਲ ਨੂੰ ਵੱਖਰਾ ਇਕ ਥੜ੍ਹੇ ਉਤੇ ਸ਼ੀਸ਼ੇ ਵਿੱਚ ਰੱਖਿਆ ਗਿਆ ਹੈ ਪਰ ਹਾਲੇ ਵੀ ਇਸ ਦਾ ਵੇਰਵਾ ਨਾਲ ਨਹੀਂ ਦਰਸਾਇਆ ਗਿਆ। ਆਈਜੀ ਨੇ ਕਿਹਾ ਕਿ ਉਹ ਇਸ ਪਿਸਤੌਲ ਨੂੰ ਸ਼ਹੀਦ ਭਗਤ ਸਿੰਘ ਦੀ ਤਸਵੀਰ ਨਾਲ ਦਰਸਾਉਣ ਲਈ ਵਿਸ਼ੇਸ਼ ਥਾਂ ਤਿਆਰ ਕਰ ਰਹੇ ਹਨ।

ਇਤਿਹਾਸਕਾਰ ਮਲਵਿੰਦਰਜੀਤ ਸਿੰਘ ਵੜੈਚ ਨੇ ਕਿਹਾ ਕਿ ਇਸ ਪਿਸਤੌਲ ਨੂੰ ਦੇਖਣਾ ਸੁਪਨਾ ਸੱਚ ਹੋਣ ਬਰਾਬਰ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸ਼ਹੀਦ ਦੀਆਂ ਹੋਰ ਨਿਸ਼ਾਨੀਆਂ ਹਾਲੇ ਲੱਭੀਆਂ ਜਾਣੀਆਂ ਬਾਕੀ ਹਨ।

## ਪਿਸਤੌਲ ਨੂੰ ਸੋਹਣੀ ਦਿੱਖ ਲਈ ਕਰ ਦਿੱਤਾ ਸੀ ਪੇਂਟ

ਬੀਐਸਐਫ ਰਿਕਾਰਡ ਦੀ ਘੋਖ ਲਈ ਆਈਜੀ ਨੂੰ ਇਸ ਪਿਸਤੌਲ ਦਾ ਨੰਬਰ ਤੇ ਹੋਰ ਬਿਓਰਾ ਦਿੱਤਾ ਗਿਆ। ਇਸ ਪਿੱਛੋਂ ਇਕ ਟੀਮ ਨੂੰ ਇਸ ਦਾ ਇਕ ਪੁਰਾਣੇ ਰਜਿਸਟਰ ਵਿੱਚ ਇੰਦਰਾਜ ਮਿਲ ਗਿਆ ਪਰ ਅਸਲ ਹਥਿਆਰ ਦਾ ਪਤਾ ਲਾਉਣ ਲਈ ਅੜਿੱਕਾ ਹੋਰ ਖੜ੍ਹਾ ਹੋ ਗਿਆ ਕਿਉਂਕਿ ਸੰਭਾਲ ਤੇ ਵਧੀਆ ਦਿੱਖ ਲਈ ਇਸ ਅਜਾਇਬਘਰ ਦੇ ਸਾਰੇ ਹਥਿਆਰਾਂ ਨੂੰ ਪੇਂਟ ਕਰ ਦਿੱਤਾ ਗਿਆ ਸੀ। ਇਸ ਲਈ ਸਟਾਫ ਨੂੰ ਅਸਲ ਪਿਸਤੌਲ ਦੀ ਪਛਾਣ ਲਈ ਸਾਰੀਆਂ .32 ਕੌਲਟ ਪਿਸਤੌਲਾਂ ਦਾ ਪੇਂਟ ਉਤਾਰਨਾ ਪਿਆ। ਪੇਂਟ ਨਾਲ ਪਿਸਤੌਲ ਦਾ ਨੰਬਰ ਤੇ ਵੇਰਵਾ ਲੁਕ ਗਿਆ ਸੀ।

## ਪਾਕਿਸਤਾਨ ਵਿਚ ਭਗਤ ਸਿੰਘ ਦੇ ਜੱਦੀ ਪਿੰਡ ਦੇ ਨਵੇਂ ਨਾਂ ਨੂੰ ਨਹੀਂ ਮਿਲੀ ਮਾਨਤਾ

ਪਾਕਿਸਤਾਨ ਦੇ ਜ਼ਿਲ੍ਹਾ ਫ਼ੈਸਲਾਬਾਦ ਦੇ ਪਿੰਡ ਬੰਗਾ ਦੇ ਬਦਲੇ ਨਾਂ ਭਗਤਪੁਰ ਨੂੰ ਅਜੇ ਤਕ ਸਰਕਾਰੀ ਮਾਨਤਾ ਨਹੀਂ ਦਿੱਤੀ ਗਈ ਹੈ। ਇਸੇ ਪਿੰਡ ਦੇ ਚੱਕ ਨੰਬਰ 105 ਵਿੱਚ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਸੀ ਅਤੇ ਪਿੰਡ ਦੀ ਮੁੱਖ ਸੜਕ ’ਤੇ ਭਗਤ ਸਿੰਘ ਦੀ ਫੋਟੋ ਵਾਲੇ ਬੋਰਡ ਉੱਤੇ ‘ਭਗਤ ਸਿੰਘ ਜ਼ਿੰਦਾਬਾਦ-ਪਿੰਡ ਬੰਗਾ’ ਲਿਖਿਆ ਹੋਇਆ ਹੈ। ਪਿੰਡ ਵਾਸੀ ਸਾਕਿਬ ਵਿਰਕ ਅਤੇ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਦੇ ਬਾਬਰ ਜਲੰਧਰੀ ਨੇ ਦੱਸਿਆ ਕਿ ਸਰਬਸੰਮਤੀ ਨਾਲ ਪਿੰਡ ਬੰਗਾ ਦਾ ਨਾਂ ਬਦਲ ਕੇ ਭਗਤਪੁਰ ਅਤੇ ਪਿੰਡ ਦੇ ਚੌਕ ਦਾ ਨਾਂ ਚੌਕ ਭਗਤ ਸਿੰਘ ਵਾਲਾ ਰੱਖਿਆ ਗਿਆ ਹੈ, ਪਰ ਇਨ੍ਹਾਂ ਨਾਵਾਂ ਨੂੰ ਅਜੇ ਤੱਕ ਸਰਕਾਰ ਵੱਲੋਂ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਆਸ ਜਤਾਈ ਕਿ ਪਾਕਿ ਸਰਕਾਰ ਵੱਲੋਂ ਜਲਦੀ ਹੀ ਇਨ੍ਹਾਂ ਨਾਵਾਂ ਨੂੰ ਮਾਨਤਾ ਦੇ ਦਿੱਤੀ ਜਾਵੇਗੀ। ਮੌਜੂਦਾ ਸਮੇਂ ਭਗਤ ਸਿੰਘ ਦੇ ਜ਼ਦੀ ਘਰ ਵਿੱਚ ਰਹਿ ਰਹੇ ਇਕਬਾਲ ਵਿਰਕ ਨੇ ਉਪਰੋਕਤ ਘਰ ਨੂੰ ‘ਹਵੇਲੀ ਭਗਤ ਸਿੰਘ ਸੰਧੂ’ ਦਾ ਨਾਂ ਦਿੰਦਿਆਂ ਇਸ ਦਾ ਵੱਡਾ ਹਿੱਸਾ ਅਜਾਇਬ-ਘਰ ਵਿਚ ਤਬਦੀਲ ਕਰ ਦਿੱਤਾ ਹੈ। ਸਾਕਿਬ ਵਿਰਕ ਤੇ ਬਾਬਰ ਜਲੰਧਰੀ ਨੇ ਲਾਹੌਰ ਦੀ ਸੈਂਟਰਲ ਜੇਲ੍ਹ ਦੇ ਫਾਂਸੀ ਦੇ ਤਖ਼ਤੇ ਵਾਲੇ ਸਥਾਨ ਜਿੱਥੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ’ਤੇ ਲਟਕਾਇਆ ਗਿਆ ਸੀ, ’ਤੇ ਬਣੇ ਹੁਰਮਤ-ਏ-ਰਸੂਲ ਚੌਕ ਦਾ ਨਾਂ ਵੀ ਸ਼ਹੀਦ ਭਗਤ ਸਿੰਘ ਦੇ ਨਾਂ ’ਤੇ ਰੱਖਣ ਦੀ ਮੰਗ ਕੀਤੀ ਹੈ।



ਪਿੰਡ ਭਗਤਪੁਰ ਨੂੰ ਜਾਣ ਵਾਲੀ ਸੜਕ ’ਤੇ ਲੱਗਿਆ ਸ਼ਹੀਦ ਭਗਤ ਸਿੰਘ ਦੀ ਤਸਵੀਰ ਵਾਲਾ ਬੋਰਡ।




Sunwireless
(888) 220-5503
www.sw.getdish.com

ASK ABOUT DISH
FOR YOUR HOME, APARTMENT, OR BUSINESS
dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA INSURANCE AGENCY, INC.

Khalsa Insurance Agency is among TOP 50 agencies

2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

Call Now for the Lowest Health Insurance Premiums available
Some Households qualify for FREE HEALTHCARE

408-272-2500

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਜ਼ਿੰਦਗੀ ਨੂੰ ਸੁਹਾਵਣੀ ਬਣਾਓ ‘ਦ ਕੰਪਨੀ ਯੂ ਕੀਪ’ ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ ’ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ ’ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।




COVERED CALIFORNIA

## ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES
CST NO : 2031914-40

| O/B | SFO - DEL | MON/TUE/WED/FRI/SAT |
|---|---|---|
| I/B | DEL - SFO | MON/WED/THU/FRI/SUN |

**Serving the Bay Area Since 1996**
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600

# ਰਾਜਸਥਾਨ ਦਾ ਕੋਰਾ ਜਵਾਬ-ਨਹੀਂ ਦਿਆਂਗੇ ਪੰਜਾਬ ਨੂੰ ਰਾਇਲਟੀ

**ਬਠਿੰਡਾ/ਬਿਊਰੋ ਨਿਊਜ਼ :** ਰਾਜਸਥਾਨ ਸਰਕਾਰ ਨੇ ਪੰਜਾਬ ਨੂੰ ਪਾਣੀਆਂ ਦੀ ਰਾਇਲਟੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਪੰਜਾਬ ਵਿਧਾਨ ਸਭਾ ਵੱਲੋਂ ਰਾਜਸਥਾਨ ਤੇ ਹੋਰਨਾਂ ਸੂਬਿਆਂ ਨੂੰ ਦਿੱਤੇ ਜਾ ਰਹੇ ਪਾਣੀਆਂ ਦੇ ਬਦਲੇ ਰਾਇਲਟੀ ਲੈਣ ਦਾ ਮਤਾ ਪਾਸ ਕੀਤਾ ਗਿਆ ਹੈ, ਜਿਸ ਤਹਿਤ ਕੇਂਦਰ ਤੱਕ ਵੀ ਪਹੁੰਚ ਕੀਤੀ ਜਾਣੀ ਹੈ। ਰਾਜਸਥਾਨ ਦੇ ਸਿੰਚਾਈ ਮੰਤਰੀ ਡਾ. ਰਾਮ ਪ੍ਰਤਾਪ ਨੇ ਆਖਿਆ ਕਿ ਪੰਜਾਬ ਵਿਧਾਨ ਸਭਾ ਵੱਲੋਂ ਰਾਇਲਟੀ ਦਾ ਪਾਸ ਕੀਤਾ ਮਤਾ ਇਕਤਰਫ਼ਾ ਹੈ, ਜੋ ਕਿਸੇ ਪੱਖੋਂ ਵੀ ਠੀਕ ਨਹੀਂ ਹੈ। ਉਨ੍ਹਾਂ ਆਖਿਆ ਕਿ ਰਾਜਸਥਾਨ ਕਿਉਂ ਰਾਇਲਟੀ ਦੇਵੇ, ਉਹ ਤਾਂ ਆਪਣੇ ਬਣਦੇ ਹਿੱਸੇ ਦਾ ਪਾਣੀ ਲੈ ਰਹੇ ਹਨ। ਸਿੰਚਾਈ ਮੰਤਰੀ ਨੇ ਆਖਿਆ ਕਿ ਉਹ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਮਤੇ ਦਾ ਮੁਲਾਂਕਣ ਕਰਨਗੇ। ਉਨ੍ਹਾਂ ਆਖਿਆ ਕਿ ਸਾਲ 1981 ਵਿੱਚ ਹੋਏ ਸਮਝੌਤੇ ਵਿੱਚ ਜੋ ਪਾਣੀ ਦੀ ਹਿੱਸੇਦਾਰੀ ਤੈਅ ਹੋਈ ਸੀ, ਉਸ ਮੁਤਾਬਕ ਹੀ ਰਾਜਸਥਾਨ ਆਪਣਾ ਹਿੱਸਾ ਲੈ ਰਿਹਾ ਹੈ, ਜਿਸ 'ਤੇ ਰਾਇਲਟੀ ਦੇਣ ਦੀ ਕੋਈ ਵਿਵਸਥਾ ਐਕਟ ਜਾਂ ਸਮਝੌਤੇ ਵਿੱਚ ਨਹੀਂ ਹੈ। ਵੇਰਵਿਆਂ ਅਨੁਸਾਰ ਰਾਜਸਥਾਨ ਨੂੰ ਇਸ ਵੇਲੇ ਰਾਜਸਥਾਨ ਫੀਡਰ ਅਤੇ ਬੀਕਾਨੇਰ ਕੈਨਾਲ ਰਾਹੀਂ ਪਾਣੀ ਪੰਜਾਬ ਤੋਂ ਮਿਲ ਰਿਹਾ ਹੈ। ਰਾਜਸਥਾਨ ਫੀਡਰ ਤੋਂ ਕਰੀਬ 11 ਹਜ਼ਾਰ ਕਿਊਸਿਕ ਅਤੇ ਬੀਕਾਨਾਰ ਨਹਿਰ ਤੋਂ ਕਰੀਬ 2200 ਕਿਊਸਿਕ ਪਾਣੀ ਰਾਜਸਥਾਨ ਲੈ ਰਿਹਾ ਹੈ। ਰਾਜਸਥਾਨ ਨੂੰ ਇੱਕ ਹਜ਼ਾਰ ਏਕੜ ਪਿੱਛੇ ਢਾਈ ਕਿਊਸਿਕ ਪਾਣੀ ਮਿਲ ਰਿਹਾ ਹੈ।

## ਰਾਇਲਟੀ ਮੰਗ ਕੇ ਸੌਦੇਬਾਜ਼ੀ ਕਰ ਰਹੀ ਹੈ ਬਾਦਲ ਸਰਕਾਰ : ਜਾਖੜ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਇਲਟੀ ਲੈਣ ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਕੀਤੇ ਗਏ ਫ਼ੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਾਂਗਰਸੀ ਵਿਧਾਇਕ ਅਤੇ ਵਿਰੋਧੀ ਧਿਰ ਦੇ ਸਾਬਕਾ ਆਗੂ ਸੁਨੀਲ ਜਾਖੜ ਨੇ ਇਸ ਫ਼ੈਸਲੇ ਨੂੰ ਸੌਦੇਬਾਜ਼ੀ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਪਾਣੀਆਂ ਸਬੰਧੀ ਸੌਦੇ ਦਾ ਕਾਂਗਰਸ ਵਿਰੋਧ ਕਰੇਗੀ। ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਸ੍ਰੀ ਜਾਖੜ ਨੇ ਦਰਿਆਈ ਪਾਣੀਆਂ ਦੇ ਮਾਮਲੇ ਸਬੰਧੀ ਮੀਟਿੰਗ ਵਿੱਚ ਕਾਂਗਰਸ ਦੇ ਸ਼ਾਮਲ ਨਾ ਹੋਣ ਦਾ ਸਮਰਥਨ ਕਰਦਿਆਂ ਆਖਿਆ ਕਿ ਕਾਂਗਰਸ ਪੰਜਾਬ ਦੇ ਪਾਣੀਆਂ ਦੀ ਸੌਦੇਬਾਜ਼ੀ ਦੇ ਹੱਕ ਵਿੱਚ ਨਹੀਂ ਹੈ। ਕੋਈ ਵੀ ਕਿਸਾਨ ਹਿਤੈਸ਼ੀ ਸਰਕਾਰ ਪੰਜਾਬ ਦੇ ਪਾਣੀਆਂ ਦਾ ਸੌਦਾ ਨਹੀਂ ਕਰ ਸਕਦੀ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਨੇ ਭਾਜਪਾ ਦੀ ਕੇਂਦਰ ਸਰਕਾਰ ਨਾਲ ਪੰਜਾਬ ਦੇ ਪਾਣੀਆਂ ਦਾ ਸੌਦਾ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਹਾਲੀ ਦਾ ਰਾਹ ਪੱਧਰਾ ਕੀਤਾ ਹੈ। ਇਸ ਸਬੰਧ ਵਿੱਚ ਕੇਂਦਰ ਸਰਕਾਰ ਦੀ ਮੱਦਦ ਨਾਲ ਸਿੱਖ ਗੁਰਦੁਆਰਾ ਐਕਟ ਵਿੱਚ ਸੰਸਦ ਰਾਹੀਂ ਸੋਧ ਕਰਾਈ ਗਈ ਹੈ, ਜਿਸ ਦੇ ਸੌਦੇ ਵਜੋਂ ਪੰਜਾਬ ਦਾ ਦਰਿਆਈ ਪਾਣੀ ਹੋਰਨਾਂ ਸੂਬਿਆਂ ਨੂੰ ਦਿੱਤਾ ਜਾਵੇਗਾ। ਅਕਾਲੀ-ਭਾਜਪਾ ਸਰਕਾਰ ਨੂੰ ਸੌਦੇਬਾਜ਼ਾਂ ਦੀ ਸਰਕਾਰ ਦੱਸਦਿਆਂ ਸ੍ਰੀ ਜਾਖੜ ਨੇ ਆਖਿਆ ਕਿ ਪੰਜਾਬ ਦੇ ਦਰਿਆ ਸੂਬੇ ਦੀ ਜੀਵਨ ਰੇਖਾ ਹਨ ਅਤੇ ਇਸ ਨੂੰ ਕਿਸੇ ਵੀ ਸੂਰਤ ਵਿੱਚ ਵੇਚਿਆ ਨਹੀਂ ਜਾ ਸਕਦਾ। ਕਾਂਗਰਸ ਇਸ ਸੌਦੇਬਾਜ਼ੀ ਦਾ ਡਟ ਕੇ ਵਿਰੋਧ ਕਰੇਗੀ। ਉਨ੍ਹਾਂ ਵਿਅੰਗ ਕੀਤਾ ਕਿ ਅਕਾਲੀ-ਭਾਜਪਾ ਸਰਕਾਰ ਦਸ ਸਾਲ ਤੋਂ ਸੱਤਾ ਵਿਚ ਹੈ ਅਤੇ ਇਸ ਤੋਂ ਪਹਿਲਾਂ ਹਾਕਮ ਧਿਰ ਨੇ ਪਾਣੀਆਂ ਨੂੰ ਬਚਾਉਣ ਲਈ ਕਦੇ ਕੋਈ ਉਪਰਾਲਾ ਨਹੀਂ ਕੀਤਾ ਜਦੋਂਕਿ ਦਸ ਸਾਲਾਂ ਵਿੱਚ ਇਹ ਕੰਮ ਤਰਜੀਹ ਦੇ ਆਧਾਰ 'ਤੇ ਹੋਣਾ ਚਾਹੀਦਾ ਸੀ। ਐਸਵਾਈਐਲ ਨਹਿਰ ਦੀ ਜ਼ਮੀਨ ਮੁੜ ਕਿਸਾਨਾਂ ਨੂੰ ਦੇਣ ਲਈ ਨੋਟੀਫਿਕੇਸ਼ਨ ਰੱਦ ਕੀਤੇ ਜਾਣ ਬਾਰੇ ਉਨ੍ਹਾਂ ਆਖਿਆ ਕਿ ਇਸ ਸਬੰਧੀ ਕੀਤੇ ਗਏ ਫ਼ੈਸਲੇ ਨੂੰ ਪਹਿਲਾਂ ਹੀ ਲਾਗੂ ਕਰ ਦੇਣਾ ਚਾਹੀਦਾ ਸੀ। ਜੇਕਰ ਹੁਣ ਤੱਕ ਜ਼ਮੀਨਾਂ ਕਿਸਾਨਾਂ ਨੂੰ ਦੇ ਦਿੱਤੀਆਂ ਹੁੰਦੀਆਂ ਤਾਂ ਹੁਣ ਸੁਪਰੀਮ ਕੋਰਟ ਦਾ ਫ਼ੈਸਲਾ ਲਾਗੂ ਨਹੀਂ ਹੋ ਸਕਣਾ ਸੀ ਪ੍ਰੰਤੂ ਸਰਕਾਰ ਨੇ ਇਹ ਫੈਸਲਾ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਕੀਤਾ ਹੈ ਅਤੇ ਹੁਣ ਇਸ ਨੂੰ ਲਾਗੂ ਕਰਨਾ ਮੁਸ਼ਕਲ ਹੋਵੇਗਾ। ਉਨ੍ਹਾਂ ਇਸ ਸਮੁੱਚੀ ਕਾਰਵਾਈ ਨੂੰ ਆਉਂਦੀਆਂ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਵਾਲੀ ਕਾਰਵਾਈ ਕਰਾਰ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਜੇਕਰ ਹਾਕਮ ਧਿਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸੁਹਿਰਦ ਹੈ ਤਾਂ ਹੁਣ ਤੱਕ ਇਸ ਮੰਤਵ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੋਈ ਗੱਲਬਾਤ ਕਿਉਂ ਨਹੀਂ ਕੀਤੀ ਗਈ ਜਦੋਂਕਿ ਪ੍ਰਧਾਨ ਮੰਤਰੀ ਇਸ ਮਸਲੇ ਦਾ ਹੱਲ ਕਰਨ ਦੇ ਸਮਰੱਥ ਹਨ।

# ਪਾਣੀਆਂ ਦੇ ਮਸਲੇ ਉੱਤੇ ਰਾਜਸੀ ਲਿਚਗੜਿਚੀਆਂ ਬੰਦ ਹੋਣ : ਦਲ ਖ਼ਾਲਸਾ

### *ਗੈਰ-ਰਿਪੇਰੀਅਨ ਸੂਬਿਆਂ ਨੂੰ ਜਾਂਦਾ ਪਾਣੀ ਤੁਰੰਤ ਰੋਕਿਆ ਜਾਵੇ*

**ਅੰਮ੍ਰਿਤਸਰ/ਬਿਊਰੋ ਨਿਊਜ਼:**ਪੰਜਾਬ ਦੇ ਪਾਣੀਆਂ ਦੀ 1955 ਤੋਂ ਲਗਾਤਾਰ ਹੋ ਰਹੀ ਲੁੱਟ ਲਈ ਰਵਾਇਤੀ ਕਾਂਗਰਸੀ ਅਤੇ ਅਕਾਲੀ ਆਗੂਆਂ ਨੂੰ ਜ਼ਿੰਮੇਵਾਰ ਦਸਦਿਆਂ ਦਲ ਖ਼ਾਲਸਾ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਸਿੱਖ ਫੈਡਰੇਸ਼ਨ ਯੂ.ਕੇ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖ ਯੂਥ ਆਫ ਪੰਜਾਬ ਨੇ ਇਨ੍ਹਾਂ ਦੋਨਾਂ ਪਾਰਟੀਆਂ ਨਾਲ ਜੁੜੇ ਵਿਧਾਨਕਾਰਾਂ ਨੂੰ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਅਤੇ ਸੂਬੇ ਦੀ ਆਰਥਿਕਤਾ ਨਾਲ ਜੁੜੇ ਇਸ ਸੰਵੇਦਨਸ਼ੀਲ ਮਸਲੇ 'ਤੇ ਡੰਗ-ਟਪਾਊ ਰਾਜਨੀਤੀ ਕਰਨ ਦੀ ਬਜਾਏ ਗੈਰ-ਰਿਪੇਰੀਅਨ ਸੂਬਿਆਂ ਨੂੰ ਜਾਂਦੇ ਪਾਣੀਆਂ ਨੂੰ ਰੋਕਣ ਲਈ ਦਲੇਰਆਨਾ ਕਦਮ ਚੁੱਕਣ ਲਈ ਆਖਿਆ ਹੈ।ਪੰਥਕ ਧਿਰਾਂ ਨੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੇ ਵਿਧਾਇਕਾਂ ਨੂੰ ਕਿਹਾ ਹੈ ਕਿ ਉਹ ਇਕਮੁੱਠ ਹੋ ਕੇ ਆਪਣੇ ਰਾਜਨੀਤਿਕ ਆਕਾਵਾਂ ਦੀਆਂ ਕੀਤੀਆਂ ਗਲਤੀਆਂ ਨੂੰ ਸੁਧਾਰਦੇ ਹੋਏ ਵਿਧਾਨ ਸਭਾ ਸੈਸ਼ਨ ਵਿਚ ਪੰਜਾਬ ਦੇ ਪਾਣੀਆਂ ਸਬੰਧੀ ਗੈਰ-ਰਿਪੇਰੀਅਨ ਸੂਬਿਆਂ ਨਾਲ ਧੱਕੇ ਜਾਂ ਧੋਖੇ ਨਾਲ ਹੋਈਆਂ ਤਮਾਮ ਗੈਰ-ਕਾਨੂੰਨੀ ਸੰਧੀਆਂ ਅਤੇ ਸਮਝੌਤਿਆਂ ਨੂੰ ਰੱਦ ਕਰਨ ਦਾ ਬਿੱਲ ਪਾਸ ਕਰਨ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਵਲੋਂ ਮੀਡੀਆ ਨੂੰ ਜਾਰੀ ਕੀਤੇ ਗਏ ਨੀਤੀ ਬਿਆਨ ਵਿਚ ਕਿਹਾ ਗਿਆ ਹੈ ਕਿ ਸਭ ਤੋਂ ਅਹਿਮ ਮੁੱਦਾ ਪੰਜਾਬ ਦਾ ਆਪਣੇ ਪਾਣੀਆਂ 'ਤੇ ਮਾਲਕੀ ਹੱਕ ਲੈਣ ਦਾ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮਸਲੇ ਉੱਤੇ ਰਾਜਸੀ ਲਿਚਗੜਿਚੀਆਂ ਬੰਦ ਕਰਕੇ ਗੈਰ-ਰਿਪੇਰੀਅਨ ਸੂਬਿਆਂ ਨੂੰ ਜਾਂਦਾ ਪਾਣੀ ਤੁਰੰਤ ਰੋਕੇ ਜਾਣ ਲਈ ਕਾਰਵਾਈ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸਵਾਲ ਪਾਣੀਆਂ ਦੀ ਵੰਡ ਦਾ ਨਹੀਂ, ਪਾਣੀਆਂ ਦੀ ਮਾਲਕੀ ਦਾ ਹੈ ਜਿਸ ਨੂੰ ਸਰਕਾਰਾਂ ਅਤੇ ਨਿਆਂਪਾਲਿਕਾ ਨੇ ਹਮੇਸ਼ਾ ਦਰਕਿਨਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਆਪਣੇ ਕੁਦਰਤੀ ਸਰੋਤਾਂ 'ਤੇ ਮਾਲਕੀ ਹੱਕ ਹੈ ਅਤੇ ਕੋਈ ਵੀ ਸਰਕਾਰ ਜਾਂ ਅਦਾਲਤ ਪੰਜਾਬ ਦੇ ਪਾਣੀ ਨੂੰ ਜਬਰਨ ਜਾਂ ਕਾਨੂੰਨ ਰਾਹੀਂ ਰਿਪੇਰੀਅਨ ਸਿਧਾਂਤ ਦਾ ਘਾਣ ਕਰਕੇ ਹੋਰ ਸੂਬਿਆਂ ਨੂੰ ਨਹੀਂ ਦੇ ਸਕਦੀ। ਪ੍ਰਕਾਸ਼ ਸਿੰਘ ਬਾਦਲ ਅਤੇ ਅਮਰਿੰਦਰ ਸਿੰਘ ਵਲੋਂ ਇਕ ਦੂਜੇ ਤੋਂ ਵੱਧ-ਚੜ੍ਹ ਕੇ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਜ਼ਿਕਰ ਕਰਦਿਆਂ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਹੈਰਾਨ ਹਨ ਕਿ ਸਾਰੇ ਰਾਜਨੀਤਿਕ ਆਗੂਆਂ ਦੇ ਵੱਡੇ ਦਾਅਵਿਆਂ ਦੇ ਬਾਵਜੂਦ ਪੰਜਾਬ ਦਾ 55 ਫੀਸਦ ਤੋਂ ਜ਼ਿਆਦਾ ਪਾਣੀ ਗੈਰ-ਰਿਪੇਰੀਅਨ ਸੂਬਿਆਂ ਨੂੰ ਲਗਾਤਾਰ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ 'ਤੇ ਸੋਚੀ ਸਮਝੀ ਚੁੱਪੀ ਧਾਰੀ ਬੈਠੇ 'ਆਪ' ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਦੇ ਕਪਟੀ ਵਤੀਰੇ ਬਾਰੇ ਵੀ ਕਿਸੇ ਨੂੰ ਕੋਈ ਸ਼ੱਕ ਨਹੀਂ ਰਹਿ ਗਿਆ।

ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਨੂੰ ਰੋਕਣ ਲਈ ਸਭ ਤੋਂ ਪਹਿਲਾ ਅਮਲੀ ਕਦਮ 1990 ਵਿਚ ਬੱਬਰ ਖਾਲਸਾ ਦੀ ਅਗਵਾਈ ਵਿਚ ਜੁਝਾਰੂਆਂ ਨੇ ਚੁਕਿਆ ਸੀ, ਜਿਸ ਤੋਂ ਬਾਅਦ 2004 ਵਿਚ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਮੌਕੇ ਪੰਜਾਬ ਵਿਧਾਨ ਸਭਾ ਵਿਚ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ ਪਾਸ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਲੋਂ 2004 ਦੇ ਐਕਟ ਵਿਰੁੱਧ ਫੈਸਲਾ ਦੇਣ ਤੋਂ ਬਾਅਦ ਹੁਣ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਦੇ ਪਾਣੀਆਂ ਨੂੰ ਗੈਰ-ਰਿਪੇਰੀਅਨ ਸੂਬਿਆਂ ਨੂੰ ਜਾਣ ਤੋਂ ਰੋਕਣ ਅਤੇ ਹੁਣ ਤਕ ਇਨ੍ਹਾਂ ਸੂਬਿਆਂ ਵਲੋਂ ਵਰਤੇ ਜਾ ਰਹੇ ਪੰਜਾਬ ਦੇ ਪਾਣੀਆਂ ਦੇ ਬਦਲੇ ਮੁਆਵਜ਼ਾ ਵਸੂਲਣ।

# ਏਟੀਐਮ ਦੇ ਕਰਮਚਾਰੀ ਸਵਾ ਤਿੰਨ ਕਰੋੜ ਰੁਪਏ ਲੈ ਕੇ ਫਰਾਰ

**ਲੁਧਿਆਣਾ/ਬਿਊਰੋ ਨਿਊਜ਼ :**ਪ੍ਰਾਈਵੇਟ ਕੰਪਨੀ ਦੇ ਨਾਲ ਮਿਲ ਕੇ ਏਟੀਐਮਜ਼ ਵਿਚ ਪੈਸੇ ਪਾਉਣ ਤੇ ਪੈਸੇ ਕਢਵਾਉਣ ਵਾਲੇ ਏਟੀਐਮ ਦੇ ਕਰਮਚਾਰੀਆਂ ਨੇ ਵੱਖ-ਵੱਖ ਬੈਂਕਾਂ ਦੇ ਏਟੀਐਮਜ਼ ਵਿਚੋਂ ਕਰੀਬ 3.12 ਕਰੋੜ ਰੁਪਏ ਕਢਵਾ ਲਏ ਅਤੇ ਉਸ ਨੂੰ ਮੇਨ ਬ੍ਰਾਂਚ ਵਿਚ ਜਮ੍ਹਾਂ ਕਰਾਉਣ ਦੀ ਬਜਾਏ ਉਹ ਲੈ ਕੇ ਫ਼ਰਾਰ ਹੋ ਗਏ। ਜਦੋਂ ਏਟੀਐਮ ਦੇ ਕਰਮਚਾਰੀ ਪੈਸੇ ਲੈ ਕੇ ਮੁੱਖ ਬ੍ਰਾਂਚ ਵਿਚ ਨਾ ਪੁੱਜੇ ਤਾਂ ਬੈਂਕ ਵਾਲਿਆਂ ਨੂੰ ਇਸ ਦੀ ਭਿਣਕ ਲੱਗੀ। ਜਦੋਂ ਉਨ੍ਹਾਂ ਨੇ ਮੁਲਜ਼ਮਾਂ ਦੇ ਫੋਨ 'ਤੇ ਸੰਪਰਕ ਕੀਤਾ ਤਾਂ ਕੋਈ ਸੰਪਰਕ ਨਹੀਂ ਹੋ ਸਕਿਆ। ਨਗਦੀ ਕਢਵਾਉਣ ਤੋਂ ਬਾਅਦ ਇਹ ਡਿਊਟੀ 'ਤੇ ਵੀ ਨਹੀਂ ਆਏ। ਕੰਪਨੀ ਦੇ ਅਧਿਕਾਰੀਆਂ ਨੇ ਇਸ ਦੀ ਸ਼ਿਕਾਇਤ ਪੁਲੀਸ ਕੋਲ ਕੀਤੀ। ਪੁਲੀਸ ਨੇ ਇਸ ਮਾਮਲੇ ਵਿਚ ਅਨਿਲ ਚੋਪੜਾ, ਰਾਧੇ ਸ਼ਿਆਮ, ਪ੍ਰਦੀਪ ਸਿੰਘ, ਕੁਲਦੀਪ ਸਿੰਘ, ਸ਼ਰਨਜੀਤ ਸਿੰਘ, ਅਜੈ ਕਨੋਜੀਆ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ ਬੰਟੀ ਤੇ ਕਮਲਜੀਤ ਸਿੰਘ ਖਿਲਾਫ਼ ਕੇਸ ਦਰਜ ਕੀਤਾ ਹੈ। ਸਤਿੰਦਰਜੀਤ ਸਿੰਘ ਵੱਲੋਂ ਪੁਲੀਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਸਾਇੰਟੀਫਿਕ ਮੈਨੇਜਮੈਂਟ ਸਰਵਿਸ ਕੰਪਨੀ ਵਿਚ ਕੰਮ ਕਰਦਾ ਹੈ। ਉਨ੍ਹਾਂ ਦੀ ਕੰਪਨੀ, ਹਿਤਾਚੀ ਕੰਪਨੀ ਦੇ ਨਾਲ ਮਿਲ ਕੇ ਵੱਖ-ਵੱਖ ਬੈਂਕਾਂ ਦੇ ਏਟੀਐਮ ਵਿਚ ਪੈਸੇ ਪਾਉਣ ਤੇ ਕਢਵਾਉਣ ਦਾ ਕੰਮ ਕਰਦੀ ਹੈ। 8 ਨਵੰਬਰ ਨੂੰ ਭਾਰਤ ਨਗਰ ਦੇ ਵੱਲੋਂ 500 ਤੇ 1000 ਦੇ ਨੋਟ ਦੀ ਕਰੰਸੀ ਬੰਦ ਕਰ ਦਿੱਤੀ ਗਈ, ਜਿਸ ਲਈ ਸਾਇੰਟੀਫਿਕ ਕੰਪਨੀ ਨੇ ਏਟੀਐਮਜ਼ ਵਿਚੋਂ ਪੈਸੇ ਕੱਢ ਕੇ ਬੈਂਕਾਂ ਦੀ ਮੇਨ ਬ੍ਰਾਂਚ ਵਿਚ ਜਮ੍ਹਾਂ ਕਰਾਉਣੇ ਸਨ। ਜਿਸ ਲਈ ਸਾਇੰਟੀਫਿਕ ਕੰਪਨੀ ਦੇ ਕਰਮਚਾਰੀਆਂ ਦੀਆਂ ਟੀਮਾਂ ਬਣਾਈਆਂ ਤੇ ਉਨ੍ਹਾਂ ਨੂੰ ਵੱਖ-ਵੱਖ ਏਟੀਐਮਜ਼ ਤੋਂ 500 ਤੇ 1000 ਦੇ ਨੋਟ ਕੱਢ ਕੇ ਮੁੱਖ ਬ੍ਰਾਂਚ ਵਿਚ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ। ਮੁਲਜ਼ਮਾਂ ਦੇ ਕੋਲ ਹੀ ਏਟੀਐਮ ਦਾ ਪਾਸਵਰਡ ਸੀ ਅਤੇ ਉਨ੍ਹਾਂ ਨੇ ਏਟੀਐਮ ਖੋਲ੍ਹ ਕੇ ਉਨ੍ਹਾਂ ਵਿਚੋਂ ਪੈਸੇ ਕਢਵਾ ਲਏ। ਸਾਰੇ ਮੁਲਜ਼ਮਾਂ ਨੇ ਮਿਲ ਕੇ ਵੱਖ-ਵੱਖ ਏਟੀਐਮਜ਼ ਵਿਚੋਂ ਤਿੰਨ ਕਰੋੜ 12 ਲੱਖ 55 ਹਜ਼ਾਰ ਰੁਪਏ ਦੀ ਨਗਦੀ ਕਢਵਾ ਲਈ ਤੇ ਉਸ ਨੂੰ ਮੁੱਖ ਬ੍ਰਾਂਚ ਵਿਚ ਜਮ੍ਹਾਂ ਕਰਾਉਣ ਦੀ ਬਜਾਏ ਖੁਦ ਹੀ ਹੜੱਪ ਕੇ ਫ਼ਰਾਰ ਹੋ ਗਏ। ਉਸ ਤੋਂ ਬਾਅਦ ਮੁਲਜ਼ਮ ਆਪਣੀ ਡਿਊਟੀ 'ਤੇ ਵੀ ਨਹੀਂ ਆਏ। ਜਦੋਂ ਮੁਲਜ਼ਮ ਨਹੀਂ ਆਏ ਤਾਂ ਬੈਂਕ ਅਧਿਕਾਰੀਆਂ ਨੇ ਉਨ੍ਹਾਂ ਦੇ ਫੋਨ 'ਤੇ ਸੰਪਰਕ ਕੀਤਾ, ਪਰ ਕਿਸੇ ਨਾਲ ਸੰਪਰਕ ਨਹੀਂ ਹੋਇਆ। ਜਿਸ ਤੋਂ ਬਾਅਦ ਬੈਂਕ ਅਧਿਕਾਰੀਆਂ ਨੇ ਇਸ ਦੀ ਸ਼ਿਕਾਇਤ ਪੁਲੀਸ ਕੋਲ ਕੀਤੀ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਤੋਂ ਬਾਅਦ ਦੋਸ਼ ਸਹੀ ਪਾਏ ਗਏ, ਜਿਸ ਤੋਂ ਬਾਅਦ ਉਨ੍ਹਾਂ ਖਿਲਾਫ਼ ਕੇਸ ਦਰਜ ਕਰ ਲਿਆ ਗਿਆ।

**ਮੁਲਜ਼ਮਾਂ ਵਿਚੋਂ ਚਾਰ ਕਾਬੂ :**

ਪ੍ਰਾਈਵੇਟ ਕੰਪਨੀ ਨਾਲ ਮਿਲ ਕੇ ਬੈਂਕਾਂ ਦੇ ਏਟੀਐਮਜ਼ ਵਿੱਚੋਂ ਪੰਜ ਸੌ ਤੇ ਹਜ਼ਾਰ ਰੁਪਏ ਦੇ ਪੁਰਾਣੇ ਨੋਟਾਂ ਦੀ ਕੁੱਲ 3.92 ਕਰੋੜ ਤੋਂ ਵਧ ਦੀ ਰਕਮ ਇਕੱਠੀ ਕਰਕੇ ਮੇਨ ਬਰਾਂਚ ਵਿੱਚ ਜਮ੍ਹਾਂ ਕਰਾਉਣ ਦੀ ਥਾਂ ਰਫੂਚੱਕਰ ਹੋਏ ਮੁਲਜ਼ਮਾਂ ਵਿਚੋਂ ਚਾਰ ਨੂੰ ਪੁਲੀਸ ਨੇ ਕਾਬੂ ਕਰ ਲਿਆ ਹੈ। ਪੁਲੀਸ ਨੇ ਇਨ੍ਹਾਂ ਕੋਲੋਂ 10 ਲੱਖ ਰੁਪਏ ਦੀ ਨਗਦੀ ਵੀ ਬਰਾਮਦ ਕੀਤੀ ਹੈ। ਇਨ੍ਹਾਂ ਦੇ ਚਾਰ ਹੋਰਨਾਂ ਸਾਥੀਆਂ ਦੀ ਭਾਲ ਜਾਰੀ ਹੈ। ਮੁਲਜ਼ਮਾਂ ਨੇ ਏਟੀਐਮਜ਼ ਵਿਚੋਂ ਨਗਦੀ ਕਢਵਾ ਲਈ ਤੇ ਉਸ ਨੂੰ ਮੁੱਖ ਬ੍ਰਾਂਚ ਵਿਚ ਜਮ੍ਹਾਂ ਕਰਾਉਣ ਦੀ ਬਜਾਏ ਖੁਦ ਹੀ ਹੜੱਪ ਕੇ ਫ਼ਰਾਰ ਹੋ ਗਏ ਸਨ।

# ਇੰਦੌਰ ਤੋਂ ਪਟਨਾ ਜਾ ਰਹੀ ਰੇਲ ਦੇ 14 ਡੱਬੇ ਲੀਹੋਂ ਲੱਥੇ, 142 ਮੌਤਾਂ

**ਪੁਖਰਾਈਆਂ (ਯੂਪੀ)/ਬਿਊਰੋ ਨਿਊਜ਼ :** ਕਾਨਪੁਰ ਦਿਹਾਤੀ ਇਲਾਕੇ ਵਿਚ ਵਾਪਰੇ ਭਿਆਨਕ ਰੇਲ ਹਾਦਸੇ ਵਿਚ 142 ਮੁਸਾਫ਼ਰ ਮਾਰੇ ਗਏ ਜਦੋਂ ਕਿ 200 ਤੋਂ ਵੱਧ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ ਅੱਧਿਆਂ ਦੀ ਹਾਲਤ ਹਾਲੇ ਵੀ ਗੰਭੀਰ ਬਣੀ ਹੋਈ ਹੈ। ਪਟਨਾ ਜਾ ਰਹੀ ਇੰਦੌਰ-ਪਟਨਾ ਐਕਸਪ੍ਰੈਸ ਦੇ 14 ਡੱਬੇ ਲੀਹੋਂ ਲੱਥ ਗਏ ਜਿਨ੍ਹਾਂ ਵਿਚੋਂ ਚਾਰ ਸਲੀਪਰ ਡੱਬੇ ਬੁਰੀ ਤਰ੍ਹਾਂ ਨੁਕਸਾਨੇ ਗਏ। ਇਨ੍ਹਾਂ ਚਾਰ ਡੱਬਿਆਂ ਵਿਚੋਂ ਐਸ1 ਅਤੇ ਐਸ2 ਡੱਬੇ ਇਕ-ਦੂਜੇ 'ਤੇ ਚੜ੍ਹ ਗਏ ਅਤੇ ਜ਼ਿਆਦਾਤਰ ਮੌਤਾਂ ਇਨ੍ਹਾਂ ਡੱਬਿਆਂ ਵਿਚ ਹੀ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ। ਐਸ3 ਅਤੇ ਐਸ4 ਡੱਬਿਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਇਨ੍ਹਾਂ ਡੱਬਿਆਂ ਵਿਚ ਲੋਕ ਜ਼ੋਰਦਾਰ ਝਟਕਾ ਲੱਗਣ ਅਤੇ ਹਨੇਰਾ ਹੋਣ ਕਾਰਨ ਇਕ-ਦੂਜੇ ਉਪਰ ਡਿੱਗ ਪਏ ਅਤੇ ਡੱਬਿਆਂ ਅੰਦਰ ਹੀ ਫਸ ਗਏ। ਏਸੀ 3 ਟਿਅਰ ਡੱਬੇ 'ਤੇ ਵੀ ਅਸਰ ਪਿਆ ਪਰ ਇਨ੍ਹਾਂ ਵਿਚ ਜਾਨੀ ਨੁਕਸਾਨ ਘੱਟ ਹੋਇਆ ਹੈ। ਫ਼ੌਜ, ਐਨਡੀਆਰਐਫ ਅਤੇ ਪੁਲੀਸ ਦੇ ਜਵਾਨ ਤੁਰੰਤ ਰਾਹਤ ਅਤੇ ਬਚਾਅ ਕਾਰਜਾਂ ਵਿਚ ਜੁਟ ਗਏ। ਰੇਲਵੇ ਨੇ ਹਾਦਸੇ ਦੇ ਕਾਰਨਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ।



ਆਈਜੀ (ਕਾਨਪੁਰ ਰੇਂਜ) ਜ਼ਕੀ ਅਹਿਮਦ ਮੁਤਾਬਕ 116 ਲਾਸ਼ਾਂ ਵਿਚੋਂ ਜ਼ਿਆਦਾਤਰ ਨੂੰ ਕਾਨਪੁਰ ਦਿਹਾਤੀ ਦੇ ਮਾਟੀ ਮੁਰਦਾਘਾਟ ਵਿਚ ਰੱਖਿਆ ਗਿਆ ਹੈ। ਡੱਬਿਆਂ ਵਿਚਕਾਰ ਫਸ ਗਏ ਛੇ ਮੁਸਾਫ਼ਰਾਂ ਦੀ ਮੌਤ ਦਾ ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਹੈ। ਮ੍ਰਿਤਕਾਂ ਵਿਚੋਂ 43 ਦੀ ਸ਼ਨਾਖ਼ਤ ਕੀਤੀ ਜਾ ਚੁੱਕੀ ਸੀ ਜਿਨ੍ਹਾਂ ਵਿਚੋਂ 20 ਉੱਤਰ ਪ੍ਰਦੇਸ਼, 15 ਮੱਧ ਪ੍ਰਦੇਸ਼, ਛੇ ਬਿਹਾਰ ਅਤੇ ਇਕ-ਇਕ ਮਹਾਰਾਸ਼ਟਰ ਤੇ ਗੁਜਰਾਤ ਦੇ ਹਨ। ਇਨ੍ਹਾਂ ਵਿਚੋਂ 27 ਦਾ ਪੋਸਟਮਾਰਟਮ ਕਰਨ ਮਗਰੋਂ ਲਾਸ਼ਾਂ ਵਾਰਿਸਾਂ ਹਵਾਲੇ ਕਰ ਦਿੱਤੀਆਂ ਗਈਆਂ। ਅਧਿਕਾਰੀਆਂ ਨੇ ਕਿਹਾ ਕਿ ਲਾਸ਼ਾਂ ਲਿਜਾਣ ਲਈ ਪਰਿਵਾਰਾਂ ਨੂੰ ਐਂਬੂਲੈਂਸਾਂ ਮੁਹੱਈਆ ਕਰਾਈਆਂ ਗਈਆਂ ਹਨ। ਮ੍ਰਿਤਕਾਂ ਵਿਚ ਫ਼ੌਜੀ ਪ੍ਰਭੂ ਨਰਾਇਣ ਸਿੰਘ, ਰੋਹਤਾਸ ਦਾ ਬੀਐਸਐਫ਼ ਜਵਾਨ ਅਨਿਲ ਕਿਸ਼ੋਰ ਅਤੇ ਝਾਂਸੀ ਦਾ ਪੁਲੀਸ ਸਿਪਾਹੀ ਲਖਣ ਸਿੰਘ ਸ਼ਾਮਲ ਹਨ। ਸ੍ਰੀ ਅਹਿਮਦ ਨੇ ਦੱਸਿਆ ਕਿ ਹਾਦਸੇ ਵਿਚ 76 ਮੁਸਾਫ਼ਰ ਗੰਭੀਰ ਜ਼ਖ਼ਮੀ ਹੋਏ ਹਨ ਜਦਕਿ 150 ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ ਮਗਰੋਂ ਰੇਲ ਰਾਜ ਮੰਤਰੀ ਮਨੋਜ ਸਿਨਹਾ ਮੌਕੇ 'ਤੇ ਪਹੁੰਚ ਗਏ ਜਿਨ੍ਹਾਂ ਖ਼ਦਸ਼ਾ ਜਤਾਇਆ ਕਿ ਪਟੜੀ ਟੁੱਟੀ ਹੋਣ ਕਾਰਨ ਡੱਬੇ ਲੀਹੋਂ ਲੱਥੇ। ਉਨ੍ਹਾਂ ਹਾਦਸੇ ਦੇ ਕਾਰਨਾਂ ਦੀ ਜਾਂਚ ਦੇ ਹੁਕਮ ਦਿੱਤੇ ਅਤੇ ਚਿਤਾਵਨੀ ਦਿੱਤੀ ਕਿ ਜਿਹੜਾ ਵੀ ਕੋਤਾਹੀ ਲਈ ਜ਼ਿੰਮੇਵਾਰ ਪਾਇਆ ਗਿਆ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਰੇਲਵੇ ਬੋਰਡ ਦੇ ਮੈਂਬਰ (ਇੰਜਨੀਅਰਿੰਗ) ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨਗੇ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ।

# ਅਕਾਲੀਆਂ ਦੀ ਮੋਗਾ ਰੈਲੀ ਦੇ ਦਿਨ 8 ਦਸੰਬਰ ਨੂੰ ਦਮਦਮਾ ਸਾਹਿਬ 'ਚ ਮੁੜ ਸੱਦਿਆ ਸਰਬੱਤ ਖ਼ਾਲਸਾ

**ਬਠਿੰਡਾ/ਬਿਊਰੋ ਨਿਊਜ਼ :**
ਪੰਥਕ ਧਿਰਾਂ ਅਤੇ ਮੁਤਵਾਜ਼ੀ ਜਥੇਦਾਰਾਂ ਨੇ ਦਮਦਮਾ ਸਾਹਿਬ 'ਚ 8 ਦਸੰਬਰ ਨੂੰ ਮੁੜ ਸਰਬੱਤ ਖ਼ਾਲਸਾ ਸੱਦ ਲਿਆ ਹੈ। ਇਸ ਦਿਨ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਗਾ ਵਿਚ 'ਪਾਣੀ ਬਚਾਓ, ਪੰਜਾਬ ਬਚਾਓ' ਰੈਲੀ ਕੀਤੀ ਜਾ ਰਹੀ ਹੈ ਜਿਸ ਨਾਲ ਪੰਥਕ ਧਿਰਾਂ ਨੇ ਹਾਕਮ ਗੱਠਜੋੜ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ, ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਅਤੇ ਪੰਥਕ ਧਿਰਾਂ ਨਾਲ ਲੰਮੀ ਵਿਚਾਰ ਚਰਚਾ ਮਗਰੋਂ ਇਹ ਫ਼ੈਸਲਾ ਲਿਆ ਗਿਆ ਹੈ। ਮੁਤਵਾਜ਼ੀ ਜਥੇਦਾਰਾਂ ਦੇ ਫ਼ੈਸਲੇ ਨੇ ਹਾਕਮ ਗੱਠਜੋੜ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਪੰਥਕ ਆਗੂਆਂ ਨੇ 8 ਦਸੰਬਰ ਦੀ ਚੋਣ ਇਸ ਕਰ ਕੇ ਕੀਤੀ ਹੈ ਕਿਉਂਕਿ ਪੰਜਾਬ ਪੁਲੀਸ ਹਾਕਮ ਗੱਠਜੋੜ ਦੀ ਰੈਲੀ ਵਿੱਚ ਉਲਝਿਆ ਹੋਵੇਗਾ। ਜ਼ਿਕਰਯੋਗ ਹੈ ਕਿ ਮੁਤਵਾਜ਼ੀ ਜਥੇਦਾਰਾਂ ਨੇ ਪਹਿਲਾਂ 10 ਨਵੰਬਰ ਨੂੰ ਦਮਦਮਾ ਸਾਹਿਬ ਵਿਚ ਸਰਬੱਤ ਖ਼ਾਲਸਾ ਸੱਦਿਆ ਸੀ ਜਿਸ ਨੂੰ ਪੁਲੀਸ ਨੇ ਸਫ਼ਲ ਨਹੀਂ ਹੋਣ ਦਿੱਤਾ ਸੀ।

ਮੁਤਵਾਜ਼ੀ ਜਥੇਦਾਰਾਂ ਨੇ ਆਖਿਆ ਕਿ ਬਾਦਲਾਂ ਵੱਲੋਂ ਝੂਠੀ ਇਲਜ਼ਾਮਬਾਜ਼ੀ ਕੀਤੀ ਜਾਂਦੀ ਹੈ ਕਿ ਸਰਬੱਤ ਖ਼ਾਲਸਾ ਆਈਐਸਆਈ ਦੀ ਮਦਦ ਨਾਲ ਹੁੰਦਾ ਹੈ। ਉਨ੍ਹਾਂ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਉਹ ਆਈਐਸਆਈ ਨਾਲ ਸਬੰਧਾਂ ਦੇ ਸਬੂਤ ਸਿੱਖ ਕੌਮ ਅੱਗੇ ਪੇਸ਼ ਕਰਨ, ਨਹੀਂ ਤਾਂ ਫਿਰ ਸਮੁੱਚੀ ਕੌਮ ਤੋਂ ਉਹ ਮੁਆਫ਼ੀ ਮੰਗਣ।

ਸਰਬੱਤ ਖ਼ਾਲਸਾ ਦੇ ਪ੍ਰਬੰਧਕ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਸਰਬੱਤ ਖ਼ਾਲਸਾ ਪੁਰਅਮਨ ਤਰੀਕੇ ਨਾਲ ਹੋਵੇਗਾ ਜਿਸ ਨੂੰ ਸਾਬੋਤਾਜ ਕਰਨ ਵਾਸਤੇ ਸਰਕਾਰ ਕੋਈ ਵੀ ਪੱਤਾ ਖੇਡ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਥਕ ਧਿਰਾਂ ਵੱਲੋਂ ਪੰਜਾਬ ਦੇ ਹਰ ਭਾਈਚਾਰੇ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਸਰਬੱਤ ਖ਼ਾਲਸਾ ਕਿਸੇ ਵੀ ਫਿਰਕੇ ਖ਼ਿਲਾਫ਼ ਨਹੀਂ ਹੈ। ਭਾਈ ਗੁਰਦੀਪ ਸਿੰਘ ਨੇ ਆਖਿਆ ਕਿ ਜੇਕਰ ਸਰਕਾਰ ਨੇ ਜਬਰ ਨਾਲ ਸਰਬੱਤ ਖ਼ਾਲਸਾ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਸਬਰ ਨਾਲ ਇਸ ਦਾ ਟਾਕਰਾ ਕਰਨਗੇ।



## ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਦਾ ਬਾਈਕਾਟ ਕਰਨ ਦਾ ਸੱਦਾ :

*ਮੁਤਵਾਜ਼ੀ ਜਥੇਦਾਰਾਂ ਨੇ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਉਹ 8 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਰੈਲੀ ਦਾ ਬਾਈਕਾਟ ਕਰ ਕੇ ਸਰਬੱਤ ਖ਼ਾਲਸਾ ਵਿੱਚ ਪੁੱਜਣ। ਪੰਥਕ ਆਗੂਆਂ ਨੇ ਆਖਿਆ ਕਿ ਬਾਦਲ ਪਰਿਵਾਰ ਦੇ ਸਿਆਸੀ ਬਾਈਕਾਟ ਦਾ ਉਨ੍ਹਾਂ ਪਹਿਲਾਂ ਹੀ ਸੱਦਾ ਦਿੱਤਾ ਹੋਇਆ ਹੈ। ਮੁਤਵਾਜ਼ੀ ਜਥੇਦਾਰਾਂ ਨੇ ਸਿਵਲ ਤੇ ਪੁਲੀਸ ਪ੍ਰਸ਼ਾਸਨ ਨੂੰ ਵਰਜਦਿਆਂ ਕਿਹਾ ਹੈ ਕਿ ਉਹ ਸਰਬੱਤ ਖ਼ਾਲਸਾ ਵਿੱਚ ਵਿਘਨ ਪਾਉਣ ਲਈ ਉਪ ਮੁੱਖ ਮੰਤਰੀ ਦੇ ਕਿਸੇ ਵੀ ਗ਼ੈਰਕਾਨੂੰਨੀ ਹੁਕਮ ਨੂੰ ਨਾ ਮੰਨਣ।*

## ਪੰਜ ਪਿਆਰੇ ਰਹਿ ਸਕਦੇ ਹਨ ਸਰਬੱਤ ਖ਼ਾਲਸਾ ਤੋਂ ਦੂਰ

ਅੰਮ੍ਰਿਤਸਰ : ਮੁਤਵਾਜ਼ੀ ਜਥੇਦਾਰਾਂ ਵੱਲੋਂ ਤਲਵੰਡੀ ਸਾਬੋ ਵਿੱਚ ਸਰਬੱਤ ਖਾਲਸਾ ਸੱਦਣ ਦਾ ਐਲਾਨ ਕੀਤਾ ਗਿਆ ਹੈ ਪਰ ਪੰਜ ਪਿਆਰੇ ਤੇ ਉਨ੍ਹਾਂ ਨਾਲ ਸਬੰਧਤ ਧਿਰਾਂ ਦੇ ਇਸ ਸਮਾਗਮ ਤੋਂ ਦੂਰ ਰਹਿਣ ਦੀ ਸੰਭਾਵਨਾ ਹੈ। ਪੰਜ ਪਿਆਰਿਆਂ ਤੇ ਉਨ੍ਹਾਂ ਨਾਲ ਸਬੰਧਤ ਧਿਰਾਂ ਨੇ ਆਖਿਆ ਕਿ ਸਰਬੱਤ ਖਾਲਸਾ ਸੱਦਣ ਬਾਰੇ ਉਨ੍ਹਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ ਅਤੇ ਨਾ ਇਸ ਬਾਰੇ ਕੋਈ ਜਾਣਕਾਰੀ ਹੈ। ਪੰਜ ਪਿਆਰਿਆਂ ਵਿੱਚ ਸ਼ਾਮਲ ਭਾਈ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਉਨ੍ਹਾਂ ਨੂੰ ਸਰਬੱਤ ਖਾਲਸਾ 8 ਦਸੰਬਰ ਨੂੰ ਕੀਤੇ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਪ੍ਰਬੰਧਕਾਂ ਵਲੋਂ ਇਸ ਸਬੰਧੀ ਕੋਈ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੂੰ ਖ਼ਬਰਾਂ ਰਾਹੀਂ ਪਤਾ ਲੱਗੀ ਹੈ। ਉਨ੍ਹਾਂ ਆਖਿਆ ਕਿ ਪ੍ਰਬੰਧਕਾਂ ਨੂੰ ਇਹ ਐਲਾਨ ਤੋਂ ਪਹਿਲਾਂ ਸਾਰੀਆਂ ਧਿਰਾਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਜਦੋਂ ਇਸ ਸਬੰਧੀ ਭਰੋਸੇ ਵਿੱਚ ਹੀ ਨਹੀਂ ਲਿਆ ਤਾਂ ਫਿਰ ਉਹ ਕਿਵੇਂ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਇਸ ਸਬੰਧੀ ਕੋਈ ਠੋਸ ਫ਼ੈਸਲਾ ਨਹੀਂ ਕੀਤਾ ਹੈ ਤੇ ਛੇਤੀ ਹੀ ਵਿਧੀ ਵਿਧਾਨ ਤਿਆਰ ਕਰਨ ਵਾਲੀ ਕਮੇਟੀ ਨਾਲ ਮੀਟਿੰਗ ਕਰਨਗੇ ਤੇ ਵਿਧੀ ਵਿਧਾਨ ਤਿਆਰ ਹੋਣ ਦਾ ਜਾਇਜ਼ਾ ਲੈਣਗੇ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਰਨੈਲ ਸਿੰਘ ਸਖੀਰਾ ਨੇ ਆਖਿਆ ਕਿ 8 ਦਸੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਰਬੱਤ ਖਾਲਸਾ ਸਮਾਗਮ ਹੋਵੇਗਾ। ਉਨ੍ਹਾਂ ਆਖਿਆ ਕਿ ਪਹਿਲਾਂ ਸਰਕਾਰ ਨੇ ਜਬਰੀ ਇਸ ਸਮਾਗਮ ਨੂੰ ਮੁਲਤਵੀ ਕਰਾ ਦਿੱਤਾ ਸੀ। ਇੱਕ ਮਹੀਨੇ ਬਾਅਦ ਹੀ ਮੁੜ ਸਰਬੱਤ ਖਾਲਸਾ ਸੱਦ ਕੇ ਪ੍ਰਬੰਧਕਾਂ ਨੇ ਸਰਕਾਰੀ ਜਬਰ ਨੂੰ ਵੰਗਾਰਿਆ ਹੈ।

## ਪੰਥਕ ਧਿਰਾਂ ਹਾਕਮਾਂ ਨਾਲ ਟੱਕਰ ਲੈਣਗੀਆਂ

ਪੰਥਕ ਧਿਰਾਂ ਹੁਣ ਸਰਬੱਤ ਖਾਲਸਾ ਦੇ ਮਾਮਲੇ 'ਤੇ ਹਾਕਮ ਧਿਰ ਨਾਲ ਟੱਕਰ ਲੈਣ ਦੇ ਰੌਂਅ ਵਿੱਚ ਹਨ। ਪੰਥਕ ਆਗੂਆਂ ਨੇ 8 ਦਸੰਬਰ ਦੇ ਸਰਬੱਤ ਖਾਲਸਾ ਲਈ ਪ੍ਰਸ਼ਾਸਨ ਤੋਂ ਕੋਈ ਪ੍ਰਵਾਨਗੀ ਨਾ ਲੈਣ ਦਾ ਫ਼ੈਸਲਾ ਕੀਤਾ ਹੈ। ਉਧਰ ਗਠਜੋੜ ਸਰਕਾਰ ਵੀ ਮੋਗਾ ਰੈਲੀ ਦੀ ਸਫ਼ਲਤਾ ਲਈ ਸਰਬੱਤ ਖਾਲਸਾ ਦੇ ਫ਼ੈਸਲੇ ਨੂੰ ਸੌਖੇ ਹਜ਼ਮ ਕਰਨ ਦੇ ਰੌਂਅ ਵਿੱਚ ਨਹੀਂ ਹੈ।

ਪੰਥਕ ਧਿਰਾਂ ਅਤੇ ਮੁਤਵਾਜ਼ੀ ਜਥੇਦਾਰਾਂ ਨੇ 8 ਦਸੰਬਰ ਦੇ ਸਰਬੱਤ ਖਾਲਸਾ ਦੀ ਤਿਆਰੀ ਲਈ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। ਕਰੀਬ 42 ਏਕੜ ਜਗ੍ਹਾ ਵਿੱਚ ਸਰਬੱਤ ਖਾਲਸਾ ਹੋਵੇਗਾ ਅਤੇ ਉਸ ਦਿਨ ਹੀ ਸ਼੍ਰੋਮਣੀ ਅਕਾਲੀ ਦਲ ਮੋਗਾ ਵਿੱਚ 'ਪਾਣੀ ਬਚਾਓ, ਪੰਜਾਬ ਬਚਾਓ' ਰੈਲੀ ਕਰੇਗਾ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਨੂੰ ਅਗਾਊਂ ਹੀ ਗ੍ਰਿਫ਼ਤਾਰ ਕਰ ਸਕਦੀ ਹੈ ਤੇ ਪ੍ਰਬੰਧਕਾਂ ਨੂੰ ਵੀ ਇਸ ਦਾ ਖ਼ਦਸ਼ਾ ਹੈ। ਪ੍ਰਬੰਧਕਾਂ ਨੇ ਪ੍ਰਣ ਕੀਤਾ ਹੈ ਕਿ ਉਹ ਦਮਦਮਾ ਸਾਹਿਬ ਵਿੱਚ ਹਰ ਹੀਲੇ ਸਰਬੱਤ ਖਾਲਸਾ ਕਰਨਗੇ। ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਐਤਕੀਂ ਸਰਕਾਰ ਸਰਬੱਤ ਖਾਲਸਾ ਰੋਕਣ ਲਈ ਕੁਝ ਵੀ ਕਰੇ ਪਰ ਸਰਬੱਤ ਖਾਲਸਾ ਮੁਲਤਵੀਂ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਆਖਿਆ ਕਿ ਸਰਕਾਰ ਨਾਜਾਇਜ਼ ਹੀ ਧਾਰਮਿਕ ਸਮਾਗਮ ਵਿੱਚ ਰੁਕਾਵਟ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਬੱਤ ਖਾਲਸਾ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਚੱਲ ਪਈਆਂ ਹਨ ਅਤੇ ਬਾਦਲ ਪਰਿਵਾਰ ਦੇ ਸਿਆਸੀ ਬਾਈਕਾਟ ਦੇ ਅਮਲ ਲਈ ਜ਼ਮੀਨੀ ਪੱਧਰ 'ਤੇ ਮੁਹਿੰਮ ਚੱਲੇਗੀ ਤੇ ਉਹ ਕਾਨੂੰਨੀ ਲੜਾਈ ਵੀ ਲੜਨਗੇ।

ਇਸ ਦੌਰਾਨ ਬਠਿੰਡਾ ਜ਼ੋਨ ਦੇ ਆਈਜੀ ਐਸ.ਕੇ.ਅਸਥਾਨਾ ਦਾ ਕਹਿਣਾ ਸੀ ਕਿ ਅਮਨ-ਸ਼ਾਂਤੀ ਕਿਸੇ ਵੀ ਕੀਮਤ 'ਤੇ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਸਰਬੱਤ ਖ਼ਾਲਸਾ ਲਈ ਪ੍ਰਵਾਨਗੀ ਦਾ ਫ਼ੈਸਲਾ ਡਿਪਟੀ ਕਮਿਸ਼ਨਰ ਵੱਲੋਂ ਲਿਆ ਜਾਣਾ ਹੈ।

# ਕੁਝ ਹੋਰ ਸਿੱਖ ਧਿਰਾਂ ਵੀ ਸਰਬੱਤ ਖ਼ਾਲਸਾ ਵਿਚ ਨਹੀਂ ਹੋਣਗੀਆਂ ਸ਼ਾਮਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜ ਪਿਆਰਿਆਂ ਤੋਂ ਬਾਅਦ ਉਨ੍ਹਾਂ ਨਾਲ ਜੁੜੀਆਂ ਹੋਰ ਪੰਥਕ ਧਿਰਾਂ ਨੇ ਵੀ 8 ਦਸੰਬਰ ਨੂੰ ਤਲਵੰਡੀ ਸਾਬੋ ਵਿਖੇ ਸੱਦੇ ਸਰਬੱਤ ਖ਼ਾਲਸਾ ਸਮਾਗਮ ਤੋਂ ਕਿਨਾਰਾ ਕੀਤਾ ਹੈ, ਜਿਸ ਕਾਰਨ ਇਹ ਸਮਾਗਮ ਕੁਝ ਧਿਰਾਂ ਤੱਕ ਸੀਮਤ ਹੋ ਕੇ ਰਹਿ ਜਾਣ ਦੀ ਸੰਭਾਵਨਾ ਹੈ। ਮੁਤਵਾਜ਼ੀ ਜਥੇਦਾਰਾਂ ਅਤੇ ਸਰਬੱਤ ਖ਼ਾਲਸਾ 2015 ਦੇ ਪ੍ਰਬੰਧਕਾਂ ਵੱਲੋਂ ਅਚਨਚੇਤੀ 8 ਦਸੰਬਰ ਨੂੰ ਸਰਬੱਤ ਖ਼ਾਲਸਾ ਸਮਾਗਮ ਮੁੜ ਪਹਿਲਾਂ ਵਾਲੇ ਸਥਾਨ ਤਲਵੰਡੀ ਸਾਬੋ ਵਿਖੇ ਸੱਦਿਆ ਗਿਆ ਹੈ। ਇਸ ਸਮਾਗਮ ਨੂੰ ਮੁੜ ਸੱਦਣ ਵਿੱਚ ਕੀਤੀ ਗਈ ਕਾਹਲੀ ਕਰਕੇ ਕਈ ਪੰਥਕ ਧਿਰਾਂ ਨਾਰਾਜ਼ ਹਨ ਕਿ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਇਸ ਬਾਰੇ ਕਿਸੇ ਨੂੰ ਵੀ ਭਰੋਸੇ ਵਿੱਚ ਨਹੀਂ ਲਿਆ ਗਿਆ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਵਿਧੀ ਵਿਧਾਨ ਤਿਆਰ ਹੋਇਆ ਹੈ। ਇਸੇ ਤਰ੍ਹਾਂ ਵਿਚਾਰੇ ਜਾਣ ਵਾਲੇ ਮੁੱਦੇ ਵੀ ਜਨਤਕ ਨਹੀਂ ਕੀਤੇ ਗਏ ਹਨ। ਸਭ ਤੋਂ ਪਹਿਲਾਂ ਇਸ ਸਮਾਗਮ ਤੋਂ ਪੰਜ ਪਿਆਰਿਆਂ ਨੇ ਕਿਨਾਰਾ ਕਰਨ ਦਾ ਐਲਾਨ ਕੀਤਾ, ਜਿਨ੍ਹਾਂ ਨੂੰ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ ਖ਼ੁਦ ਸਮਾਗਮ ਦੀ ਅਗਵਾਈ ਕਰਨ ਵਾਸਤੇ ਆਖਿਆ ਸੀ।

ਪੰਥਕ ਤਾਲਮੇਲ ਸਗੰਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਬਿਨਾਂ ਵਿਧੀ ਵਿਧਾਨ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਖ਼ਾਲਸਾ ਪੰਥ ਦੀ ਸ਼ਮੂਲੀਅਤ ਤੋਂ ਬਿਨਾਂ ਇਸ ਸਮਾਗਮ ਨੂੰ ਸਰਬੱਤ ਖ਼ਾਲਸਾ ਨਹੀਂ ਆਖਿਆ ਜਾ ਸਕਦਾ। ਕੁਝ ਧਿਰਾਂ ਵੱਲੋਂ ਸੱਦੇ ਸਮਾਗਮ ਨੂੰ ਸਰਬੱਤ ਖ਼ਾਲਸਾ ਦਾ ਨਾਂ ਦੇਣਾ ਜਾਇਜ਼ ਨਹੀਂ ਹੈ। ਉਨ੍ਹਾਂ ਦੱਸਿਆ ਕਿ ਪੰਥਕ ਤਾਲਮੇਲ ਸੰਗਠਨ ਵੱਲੋਂ ਸਰਬੱਤ ਖ਼ਾਲਸਾ ਦਾ ਵਿਧੀ ਵਿਧਾਨ ਤਿਆਰ ਕਰਨ ਲਈ ਯਤਨ ਸ਼ੁਰੂ ਕੀਤੇ ਹੋਏ ਹਨ ਅਤੇ ਜਲਦੀ ਹੀ ਵਿਧੀ ਵਿਧਾਨ ਤਿਆਰ ਹੋ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ 8 ਦਸੰਬਰ ਨੂੰ ਸੱਦੇ ਸਮਾਗਮ ਵਿੱਚ ਸ਼ਿਰਕਤ ਕਰਨ ਬਾਰੇ ਫਿਲਹਾਲ ਕੋਈ ਪ੍ਰੋਗਰਾਮ ਨਹੀਂ ਹੈ। ਪੰਥਕ ਤਾਲਮੇਲ ਸੰਗਠਨ ਨਾਲ ਇਸ ਵੇਲੇ ਲਗਭਗ 50 ਸਿੱਖ ਜਥੇਬੰਦੀਆਂ ਜੁੜੀਆਂ ਹੋਈਆਂ ਹਨ।

ਅਖੰਡ ਕੀਰਤਨੀ ਜਥੇ ਦੇ ਬੁਲਾਰੇ ਭਾਈ ਆਰ.ਪੀ. ਸਿੰਘ ਨੇ ਆਖਿਆ ਕਿ ਸੱਦੇ ਗਏ ਸਮਾਗਮ ਬਾਰੇ ਪ੍ਰਬੰਧਕਾਂ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਇਸ ਸਬੰਧੀ ਭਰੋਸੇ ਵਿੱਚ ਲਿਆ ਗਿਆ ਹੈ। ਉਨ੍ਹਾਂ ਖ਼ੁਲਾਸਾ ਕੀਤਾ ਕਿ ਇਸ ਸਬੰਧੀ ਤਾਂ ਭਾਈ ਹਵਾਰਾ ਨੂੰ ਵੀ ਭਰੋਸੇ ਵਿੱਚ ਨਹੀਂ ਲਿਆ ਗਿਆ ਹੈ। ਇਸ ਤੋਂ ਸਪਸ਼ਟ ਹੈ ਕਿ ਇਹ ਪ੍ਰਬੰਧਕ ਪੰਥਕ ਮੁੱਦਿਆਂ ਬਾਰੇ ਗੰਭੀਰ ਨਹੀਂ ਹਨ। ਮੌਜੂਦਾ ਸਮਾਗਮ ਆਉਂਦੀਆਂ ਵਿਧਾਨ ਸਭਾ ਚੋਣਾਂ 'ਤੇ ਕੇਂਦ੍ਰਿਤ ਲੱਗਦਾ ਹੈ। ਸਮਾਗਮ ਵਿੱਚ ਸ਼ਮੂਲੀਅਤ ਤੋਂ ਉਨ੍ਹਾਂ ਇਨਕਾਰ ਕੀਤਾ ਹੈ। ਅਖੰਡ ਕੀਰਤਨੀ ਜਥੇ ਦੇ ਅੰਤਰਰਾਸ਼ਟਰੀ ਮੰਚ ਤੋਂ ਵੀ ਇਸ ਸਮਾਗਮ ਤੋਂ ਕਿਨਾਰਾ ਕਰਨ ਦਾ ਐਲਾਨ ਕੀਤਾ ਗਿਆ ਹੈ ਅਤੇ ਉਨ੍ਹਾਂ ਇਸ ਸਬੰਧ ਵਿੱਚ ਭਾਈ ਹਵਾਰਾ ਨੂੰ ਵੀ ਸੁਨੇਹਾ ਭੇਜ ਦਿੱਤਾ ਹੈ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਪ੍ਰਬੰਧਕਾਂ ਨੇ ਕੁਝ ਦਿਨ ਪਹਿਲਾਂ ਬੁੱਢਾ ਜੋਹੜ ਰਾਜਸਥਾਨ ਵਿੱਚ ਮੀਟਿੰਗ ਸੱਦੀ ਸੀ, ਜਿਸ ਵਿਚ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਮੰਚ ਅਤੇ ਮੀਟਿੰਗ ਵਿੱਚ ਦੋਵਾਂ ਥਾਵਾਂ ਤੋਂ ਸਪਸ਼ਟ ਕੀਤਾ ਸੀ ਕਿ ਸਰਬੱਤ ਖ਼ਾਲਸਾ ਸਬੰਧੀ ਪਹਿਲਾਂ ਵਿਧੀ ਵਿਧਾਨ ਤਿਆਰ ਹੋਵੇ ਅਤੇ ਸਮਾਗਮ ਵਿੱਚ ਬਹੁਤਾਤ ਸਿੱਖ ਕੌਮ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਪਰ ਸਮਾਗਮ ਦੇ ਐਲਾਨ ਸਮੇਂ ਇਨ੍ਹਾਂ ਗੱਲਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। ਦਲ ਖ਼ਾਲਸਾ ਵੱਲੋਂ ਵੀ ਇਸ ਸਮਾਗਮ ਤੋਂ ਦੂਰ ਰਹਿਣ ਦੀ ਸੰਭਾਵਨਾ ਹੈ। ਦਲ ਖਾਲਸਾ ਨਾਲ ਇਸ ਵੇਲੇ ਪੰਚ ਪ੍ਰਧਾਨੀ ਅਤੇ ਫੈਡਰੇਸ਼ਨ ਪੀਰ ਮੁਹੰਮਦ ਸਿੱਖ ਜਥੇਬੰਦੀਆਂ ਜੁੜੀਆਂ ਹੋਈਆਂ ਹਨ।

ਅਖੰਡ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਘੁਬੀਰ ਸਿੰਘ ਰਾਜਾਸਾਂਸੀ ਨੇ ਆਖਿਆ ਕਿ ਸਰਬੱਤ ਖ਼ਾਲਸਾ ਵਿੱਚ ਸ਼ਾਮਲ ਹੋਣ ਦਾ ਕੋਈ ਪ੍ਰੋਗਰਾਮ ਨਹੀਂ ਹੈ ਕਿਉਂਕਿ ਇਹ ਸਿਧਾਂਤ ਤੋਂ ਹਟ ਕੇ ਸੱਦਿਆ ਗਿਆ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਸਮਾਗਮ ਦਾ ਮੰਤਵ ਰਾਜਸੀ ਜਾਪਦਾ ਹੈ ਜਦੋਂਕਿ ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਮੁੱਖ ਮੁੱਦੇ ਹੋਣੇ ਚਾਹੀਦੇ ਹਨ।

## ਪ੍ਰਾਈਵੇਟ ਮਾਲਕਾਂ ਨੇ ਮੋਦੀ ਦੀ ਬਠਿੰਡਾ ਰੈਲੀ ਲਈ ਬੱਸਾਂ ਦੇਣ ਤੋਂ ਕੀਤਾ ਇਨਕਾਰ

**ਬਠਿੰਡਾ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਠਿੰਡਾ ਰੈਲੀ ਲਈ ਪ੍ਰਾਈਵੇਟ ਬੱਸ ਮਾਲਕਾਂ ਨੇ ਬੱਸਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮਾਲਵਾ ਜ਼ੋਨ ਪ੍ਰਾਈਵੇਟ ਬੱਸ ਅਪਰੇਟਰ ਐਸੋਸੀਏਸ਼ਨ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਪਹਿਲਾਂ ਟਰਾਂਸਪੋਰਟਰਾਂ ਦੀਆਂ ਮੰਨੀਆਂ ਮੰਗਾਂ ਨੂੰ ਅਮਲੀ ਜਾਮਾ ਪਹਿਨਾਏ, ਉਸ ਮਗਰੋਂ ਹੀ ਬੱਸਾਂ ਦਿੱਤੇ ਜਾਣ 'ਤੇ ਵਿਚਾਰ ਕੀਤਾ ਜਾਵੇਗਾ। ਪ੍ਰਾਈਵੇਟ ਬੱਸ ਮਾਲਕਾਂ ਨੇ ਇਹ ਗੱਲ ਡਿਪਟੀ ਕਮਿਸ਼ਨਰ ਨੂੰ ਆਖ ਦਿੱਤੀ ਹੈ। ਰੈਲੀ ਲਈ 2300 ਬੱਸਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਵਿਚੋਂ ਸਵਾ ਪੰਜ ਸੌ ਬੱਸਾਂ ਇਕੱਲੇ ਬਠਿੰਡਾ ਜ਼ਿਲ੍ਹੇ ਵਿਚੋਂ ਲਈਆਂ ਜਾਣੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 25 ਨਵੰਬਰ ਨੂੰ ਬਠਿੰਡਾ ਵਿੱਚ ਏਮਜ਼ ਇੰਸਟੀਚੂਟ ਦਾ ਨੀਂਹ ਪੱਥਰ ਰੱਖਣ ਲਈ ਆ ਰਹੇ ਹਨ, ਜਿਸ ਲਈ ਤਿਆਰੀਆਂ ਜੰਗੀ ਪੱਧਰ 'ਤੇ ਸ਼ੁਰੂ ਹੋ ਗਈਆਂ ਹਨ।

ਮਾਲਵਾ ਜ਼ੋਨ ਪ੍ਰਾਈਵੇਟ ਬੱਸ ਅਪਰੇਟਰ ਐਸੋਸੀਏਸ਼ਨ ਦੇ ਕਨਵੀਨਰਗੀ ਬਲਤੇਜ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਹੈਪੀ ਦਾ ਕਹਿਣਾ ਹੈ ਕਿ ਉਪ ਮੁੱਖ ਮੰਤਰੀ ਨੇ ਕਰੀਬ ਇੱਕ ਸਾਲ ਪਹਿਲਾਂ ਟਰਾਂਸਪੋਰਟਰਾਂ ਦੀਆਂ ਪ੍ਰਮੁੱਖ ਮੰਗਾਂ ਮੰਨ ਲਈਆਂ ਸਨ ਪਰ ਇਨ੍ਹਾਂ ਨੂੰ ਹਾਲੇ ਤੱਕ ਲਾਗੂ ਨਹੀਂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਐਸੋਸੀਏਸ਼ਨ ਨੇ ਫ਼ੈਸਲਾ ਕੀਤਾ ਹੈ ਕਿ ਸਰਕਾਰ ਵਲੋਂ ਮੰਗਾਂ ਨੂੰ ਲਾਗੂ ਕੀਤਾ ਜਾਵੇ ਤਾਂ ਹੀ ਉਹ ਪ੍ਰਧਾਨ ਮੰਤਰੀ ਦੀ ਰੈਲੀ ਵਾਸਤੇ ਬੱਸਾਂ ਦੇਣਗੇ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਦੱਸ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਬਾਕੀ ਜ਼ਿਲ੍ਹਿਆਂ ਦਾ ਵੀ ਇਹੋ ਫੈਸਲਾ ਹੀ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਦੀ ਰੈਲੀ ਲਈ ਤਿਆਰੀਆਂ ਜ਼ੋਰਾਂ 'ਤੇ ਹਨ।

# ਗੋਲਕ ਦੀ ਦੁਰਵਰਤੋਂ ਕਰ ਰਹੀ ਹੈ ਸ਼੍ਰੋਮਣੀ ਕਮੇਟੀ : ਅਖੰਡ ਅਕਾਲੀ ਦਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਖੰਡ ਅਕਾਲੀ ਦਲ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪਿਛਲੇ ਦਸ ਸਾਲਾਂ ਦੌਰਾਨ ਗੋਲਕ ਦੀ ਦੁਰਵਰਤੋਂ ਹੋਈ ਹੈ ਅਤੇ ਇਸ ਦੀ ਜਾਂਚ ਕਰਵਾ ਕੇ ਰਿਪੋਰਟ ਜਨਤਕ ਕੀਤੀ ਜਾਣੀ ਚਾਹੀਦੀ ਹੈ। ਇਹ ਮੰਗ ਜਥੇਬੰਦੀ ਦੇ ਪ੍ਰਧਾਨ ਤੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਵੱਲੋਂ ਕੀਤੀ ਗਈ।

ਅਖੰਡ ਅਕਾਲੀ ਦਲ ਦੀ ਮੀਟਿੰਗ ਸਰਪ੍ਰਸਤ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸਾਬਕਾ ਜਥੇਦਾਰ ਅਤੇ ਪ੍ਰਧਾਨ ਰਵੀਇੰਦਰ ਸਿੰਘ ਦੀ ਅਗਵਾਈ ਹੇਠ ਹੋਈ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਰਘਬੀਰ ਸਿੰਘ ਰਾਜਾਸਾਂਸੀ, ਭਰਪੂਰ ਸਿੰਘ, ਬੂਟਾ ਸਿੰਘ ਤੇ ਹੋਰ ਆਗੂ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਸ੍ਰੀ ਰਾਜਾਸਾਂਸੀ ਨੇ ਦੱਸਿਆ ਕਿ ਪਾਰਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਵਿੱਚ ਪਿਛਲੇ ਦਹਾਕੇ ਦੌਰਾਨ ਗੋਲਕ ਦੀ ਹੋਈ ਦੁਰਵਰਤੋਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਇਸ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਆਖਿਆ ਕਿ ਸਾਬਕਾ ਜਥੇਦਾਰ ਅਵਤਾਰ ਸਿੰਘ ਦੇ ਸਮੇਂ ਵਿੱਚ ਗੁਰਧਾਮਾਂ ਦੀਆਂ ਗੋਲਕਾਂ ਨੂੰ ਨੁਕਸਾਨ ਪੁੱਜਾ ਹੈ। ਇਸ ਲਈ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਸਮੇਤ ਸੈਕਸ਼ਨ 85 ਹੇਠ ਆਉਂਦੇ ਗੁਰਦੁਆਰਿਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਦੀ ਆਮਦਨ ਅਤੇ ਖਰਚ ਸਬੰਧੀ ਪੜਤਾਲ ਕਰਾਈ ਜਾਵੇ। ਇਹ ਪੜਤਾਲ ਸਰਕਾਰੀ ਚਾਰਟਰਡ ਅਕਾਊਂਟੈਂਟ ਇੱਕ ਮਹੀਨੇ ਵਿੱਚ ਕਰਾਈ ਜਾਣੀ ਚਾਹੀਦੀ ਹੈ ਅਤੇ ਇਸ ਦੀ ਰਿਪੋਰਟ ਜਨਤਕ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਨਵੰਬਰ 2011 ਤੋਂ ਅਕਤੂਬਰ 2016 ਤੱਕ ਇਸ ਸਮੇਂ ਦੌਰਾਨ ਰਹੇ ਅੰਤ੍ਰਿੰਗ ਕਮੇਟੀ ਮੈਂਬਰਾਂ, ਅਹੁਦੇਦਾਰਾਂ ਤੇ ਉਚ ਅਧਿਕਾਰੀਆਂ ਦੀਆਂ ਜਾਇਦਾਦਾਂ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਜਾਂਚ ਨਾ ਕਰਾਈ ਗਈ ਤਾਂ ਜਥੇਬੰਦੀ ਆਪਣੇ ਪੱਧਰ 'ਤੇ ਇਸ ਸਬੰਧੀ ਰਿਪੋਰਟ ਜਨਤਕ ਕਰੇਗੀ।

# ਅਕਾਲੀ ਦਲ ਨੇ 69 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਨੇ 2017 ਵਿਧਾਨ ਸਭਾ ਚੋਣਾਂ ਲਈ 69 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨ ਦਿੱਤੀ ਹੈ। ਇਸ ਸੂਚੀ ਵਿੱਚ ਦੋਹਾਂ ਬਾਦਲਾਂ ਨੂੰ ਛੱਡ ਕੇ ਸਾਰੇ ਮੰਤਰੀਆਂ ਦੇ ਨਾਂ ਐਲਾਨ ਦਿੱਤੇ ਹਨ। ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰਾਂ ਬਿਕਰਮ ਸਿੰਘ ਮਜੀਠੀਆ, ਆਦੇਸ਼ਪ੍ਰਤਾਪ ਸਿੰਘ ਕੈਰੋਂ ਅਤੇ ਜਨਮੇਜਾ ਸਿੰਘ ਸੇਖੋਂ ਪਹਿਲੇ ਹਲਕਿਆਂ ਕ੍ਰਮਵਾਰ ਮਜੀਠਾ, ਪੱਟੀ ਤੇ ਮੌੜ ਮੰਡੀ ਤੋਂ ਹੀ ਚੋਣ ਲੜਨਗੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਦਾ ਨਾਂ ਪਹਿਲੀ ਸੂਚੀ ਵਿੱਚ ਨਹੀਂ ਹੈ। ਉਨ੍ਹਾਂ ਦੀ ਥਾਂ ਭਦੌੜ ਹਲਕੇ ਤੋਂ ਸੰਤ ਬਲਬੀਰ ਸਿੰਘ ਘੁੰਨਸ ਨੂੰ ਉਮੀਦਵਾਰ ਬਣਾਇਆ ਹੈ। ਹਾਲ ਹੀ ਵਿਚ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਆਉਣ ਵਾਲੇ ਦਲਿਤ ਆਗੂ ਕਬੀਰ ਦਾਸ, ਸੇਠ ਸੱਤਪਾਲ ਮੱਲ ਅਤੇ ਈਸ਼ਰ ਸਿੰਘ ਮੇਹਰਬਾਨ ਟਿਕਟਾਂ ਲੈਣ ਵਿੱਚ ਕਾਮਯਾਬ ਰਹੇ ਹਨ। ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਇੰਦਰਇਕਬਾਲ ਸਿੰਘ ਅਟਵਾਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਰੀਬੀ ਮੰਨੇ ਜਾਂਦੇ ਤੇ ਕਈ ਕੰਮਾਂ ਵਿਚ 'ਨਾਮਣਾ' ਖੱਟਣ ਵਾਲੇ 'ਸੋਈ' ਦੇ ਸਾਬਕਾ ਪ੍ਰਧਾਨ ਗੁਰਪ੍ਰੀਤ ਸਿੰਘ ਰਾਜੂ ਖੰਨਾ, ਪਰਮਬੰਸ ਸਿੰਘ ਉਰਫ਼ ਬੰਟੀ ਰੋਮਾਣਾ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਹਰਦੀਪ ਸਿੰਘ ਡਿੰਪੀ ਢਿੱਲੋਂ, ਵਰਦੇਵ ਸਿੰਘ ਨੋਨੀ ਮਾਨ ਦਾ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਸੁਨਾਮ ਹਲਕੇ ਦੀ ਬਜਾਏ ਲਹਿਰਾਗਾਗਾ ਤੋਂ ਚੋਣ ਲੜਨਗੇ। ਕਈ ਹੋਰ ਉਮੀਦਵਾਰਾਂ ਦੇ ਹਲਕੇ ਵੀ ਬਦਲੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਦਾਅਵਾ ਹੈ ਕਿ ਇਹ ਟਿਕਟਾਂ ਸਰਵੇਖਣ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ।

**ਫਿਲੌਰ ਸਮੇਤ 5 ਵਿਧਾਇਕਾਂ ਦੀ ਟਿਕਟ ਕੱਟੀ, 16 ਨਵੇਂ ਚਿਹਰੇ ਸ਼ਾਮਲ**

ਇਹ ਸੂਚੀ ਇਸ ਪ੍ਰਕਾਰ ਹੈ–

ਅਜਨਾਲਾ ਤੋਂ ਅਮਰਪਾਲ ਸਿੰਘ ਬੋਨੀ, ਰਾਜਾਸਾਂਸੀ ਤੋਂ ਵੀਰ ਸਿੰਘ ਲੋਪੋਕੇ, ਮਜੀਠਾ ਤੋਂ ਬਿਕਰਮ ਸਿੰਘ ਮਜੀਠੀਆ, ਅਟਾਰੀ ਤੋਂ ਗੁਲਜ਼ਾਰ ਸਿੰਘ ਰਣੀਕੇ, ਰਾਮਪੁਰਾ ਫੂਲ ਤੋਂ ਸਿਕੰਦਰ ਸਿੰਘ ਮਲੂਕਾ, ਬਠਿੰਡਾ (ਸ਼ਹਿਰੀ) ਤੋਂ ਸਰੂਪ ਚੰਦ ਸਿੰਗਲਾ, ਤਲਵੰਡੀ ਸਾਬੋ ਤੋਂ ਜੀਤ ਮਹਿੰਦਰ ਸਿੰਘ ਸਿੱਧੂ, ਮੌੜ ਤੋਂ ਜਨਮੇਜਾ ਸਿੰਘ ਸੇਖੋਂ, ਮਹਿਲ ਕਲਾਂ ਤੋਂ ਅਜੀਤ ਸਿੰਘ ਸ਼ਾਂਤ, ਭਦੌੜ – ਸੰਤ ਬਲਬੀਰ ਸਿੰਘ ਘੁੰਨਸ, ਬੱਲੂਆਣਾ ਤੋਂ ਪ੍ਰਕਾਸ਼ ਸਿੰਘ ਭੱਟੀ, ਜ਼ੀਰਾ ਤੋਂ ਹਰੀ ਸਿੰਘ ਜ਼ੀਰਾ, ਫਿਰੋਜ਼ਪੁਰ (ਦਿਹਾਤੀ) ਤੋਂ ਜੋਗਿੰਦਰ ਸਿੰਘ ਜਿੰਦੂ, ਗੁਰੂ ਹਰਸਹਾਏ ਤੋਂ ਵਰਦੇਵ ਸਿੰਘ ਮਾਨ, ਫ਼ਰੀਦਕੋਟ ਤੋਂ ਪਰਮਬੰਸ ਸਿੰਘ ਬੰਟੀ ਰੋਮਾਣਾ, ਕੋਟਕਪੂਰਾ ਤੋਂ ਮਨਤਾਰ ਸਿੰਘ ਬਰਾੜ, ਫਤਹਿਗੜ੍ਹ ਸਾਹਿਬ ਤੋਂ ਦੀਦਾਰ ਸਿੰਘ ਭੱਟੀ, ਅਮਲੋਹ ਤੋਂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਗੁਰਦਾਸਪੁਰ ਤੋਂ ਗੁਰਬਚਨ ਸਿੰਘ ਬੱਬੇਹਾਲੀ, ਕਾਦੀਆਂ ਤੋਂ ਸੇਵਾ ਸਿੰਘ ਸੇਖਵਾਂ, ਬਟਾਲਾ ਤੋਂ ਲਖਬੀਰ ਸਿੰਘ ਲੋਧੀਨੰਗਲ, ਫਤਹਿਗੜ੍ਹ ਚੂੜੀਆਂ ਤੋਂ ਨਿਰਮਲ ਸਿੰਘ ਕਾਹਲੋਂ, ਡੇਰਾ ਬਾਬਾ ਨਾਨਕ ਤੋਂ ਸੁੱਚਾ ਸਿੰਘ ਲੰਗਾਹ, ਉੜਮੜ ਤੋਂ ਅਰਵਿੰਦਰ ਸਿੰਘ ਰਸੂਲਪੁਰ, ਚੱਬੇਵਾਲ ਤੋਂ ਸੋਹਨ ਸਿੰਘ ਠੰਡਲ, ਗੜ੍ਹਸ਼ੰਕਰ ਤੋਂ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਫਿਲੌਰ ਤੋਂ ਬਲਦੇਵ ਸਿੰਘ ਖਹਿਰਾ, ਨਕੋਦਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ, ਸ਼ਾਹਕੋਟ ਤੋਂ ਅਜੀਤ ਸਿੰਘ ਕੋਹਾੜ, ਆਦਮਪੁਰ ਤੋਂ ਪਵਨ ਕੁਮਾਰ ਟੀਨੂੰ, ਕਰਤਾਰਪੁਰ ਤੋਂ ਸੇਠ ਸੱਤਪਾਲ ਮੱਲ, ਜਲੰਧਰ (ਛਾਉਣੀ) ਤੋਂ ਸਰਬਜੀਤ ਸਿੰਘ ਮੱਕੜ, ਕਪੂਰਥਲਾ ਤੋਂ ਪਰਮਜੀਤ ਸਿੰਘ ਪੰਮਾ ਐਡਵੋਕੇਟ, ਸੁਲਤਾਨਪੁਰ ਲੋਧੀ ਤੋਂ ਡਾ. ਉਪਿੰਦਰਜੀਤ ਕੌਰ, ਖੰਨਾ ਤੋਂ ਰਣਜੀਤ ਸਿੰਘ ਤਲਵੰਡੀ, ਸਾਹਨੇਵਾਲ ਤੋਂ ਸ਼ਰਨਜੀਤ ਸਿੰਘ ਢਿੱਲੋਂ, ਲੁਧਿਆਣਾ (ਪੂਰਬੀ) ਤੋਂ ਰਣਜੀਤ ਸਿੰਘ ਢਿੱਲੋਂ, ਲੁਧਿਆਣਾ (ਦੱਖਣੀ) ਤੋਂ ਹੀਰਾ ਸਿੰਘ ਗਾਬੜੀਆ, ਗਿੱਲ ਤੋਂ ਦਰਸ਼ਨ ਸਿੰਘ ਸ਼ਿਵਾਲਿਕ, ਦਾਖਾ ਤੋਂ ਮਨਪ੍ਰੀਤ ਸਿੰਘ ਇਆਲੀ, ਸਮਰਾਲਾ ਤੋਂ ਸੰਤਾ ਸਿੰਘ ਉਮੈਦਪੁਰੀ, ਰਾਏਕੋਟ ਤੋਂ ਇੰਦਰਇਕਬਾਲ ਸਿੰਘ ਅਟਵਾਲ, ਆਤਮ ਨਗਰ ਤੋਂ ਗੁਰਮੀਤ ਸਿੰਘ ਕੁਲਾਰ, ਪਾਇਲ ਤੋਂ ਈਸ਼ਰ ਸਿੰਘ ਮੇਹਰਬਾਨ, ਜਗਰਾਉਂ ਤੋਂ ਅਮਰਜੀਤ ਕੌਰ ਸਾਹੋਕੇ, ਸਰਦੂਲਗੜ੍ਹ ਤੋਂ ਦਿਲਰਾਜ ਸਿੰਘ ਭੂੰਦੜ, ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਮੁਕਤਸਰ ਤੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਧਰਮਕੋਟ ਤੋਂ ਜਥੇਦਾਰ ਤੋਤਾ ਸਿੰਘ, ਨਿਹਾਲ ਸਿੰਘ ਵਾਲਾ ਤੋਂ ਐਸ.ਆਰ. ਕਲੇਰ, ਪਟਿਆਲਾ (ਦਿਹਾਤੀ) ਤੋਂ ਸਤਬੀਰ ਸਿੰਘ ਖੱਟੜਾ, ਘਨੌਰ ਤੋਂ ਹਰਪ੍ਰੀਤ ਕੌਰ ਮੁਖਮੈਲਪੁਰ, ਸਨੌਰ ਤੋਂ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਮਾਣਾ ਤੋਂ ਸੁਰਜੀਤ ਸਿੰਘ ਰੱਖੜਾ, ਸ਼ੁਤਰਾਣਾ ਤੋਂ ਵਨਿੰਦਰ ਕੌਰ ਲੂੰਬਾ, ਨਾਭਾ ਤੋਂ ਕਰੀਬ ਦਾਸ, ਰੋਪੜ ਤੋਂ ਡਾ. ਦਲਜੀਤ ਸਿੰਘ ਚੀਮਾ, ਚਮਕੌਰ ਸਾਹਿਬ ਤੋਂ ਜਸਟਿਸ (ਸੇਵਾਮੁਕਤ) ਨਿਰਮਲ ਸਿੰਘ, ਡੇਰਾਬੱਸੀ ਤੋਂ ਐਨ.ਕੇ. ਸ਼ਰਮਾ, ਬੰਗਾ ਤੋਂ ਡਾ. ਸੁਖਵਿੰਦਰ ਸਿੰਘ, ਨਵਾਂ ਸ਼ਹਿਰ ਤੋਂ ਜਰਨੈਲ ਸਿੰਘ ਵਾਹਦ, ਬਲਾਚੌਰ ਤੋਂ ਚੌਧਰੀ ਨੰਦ ਲਾਲ, ਲਹਿਰਾ ਤੋਂ ਪਰਮਿੰਦਰ ਸਿੰਘ ਢੀਂਡਸਾ, ਸੰਗਰੂਰ ਤੋਂ ਪ੍ਰਕਾਸ਼ ਚੰਦ ਗਰਗ, ਅਮਰਗੜ੍ਹ ਤੋਂ ਇਕਬਾਲ ਸਿੰਘ ਝੂੰਦਾ, ਤਰਨ ਤਾਰਨ ਤੋਂ ਹਰਮੀਤ ਸਿੰਘ ਸੰਧੂ, ਖੇਮਕਰਨ ਤੋਂ ਵਿਰਸਾ ਸਿੰਘ ਵਲਟੋਹਾ, ਪੱਟੀ ਤੋਂ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਖਡੂਰ ਸਾਹਿਬ ਤੋਂ ਰਵਿੰਦਰ ਸਿੰਘ ਬ੍ਰਹਮਪੁਰਾ।



**ਲੁਧਿਆਣਾ ਜ਼ਿਲ੍ਹੇ ਵਿੱਚ ਟਿਕਟਾਂ ਦੀ ਅਦਲਾ-ਬਦਲੀ : ਲੁਧਿਆਣਾ :** ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੀ ਗਈ ਪਹਿਲੀ ਸੂਚੀ ਵਿੱਚ ਵੱਡੀ ਤਬਦੀਲੀ ਲੁਧਿਆਣਾ ਜ਼ਿਲ੍ਹੇ ਵਿੱਚ ਕੀਤੀ ਗਈ ਹੈ। ਆਤਮ ਨਗਰ ਤੋਂ ਸਨਅਤਕਾਰ ਗੁਰਮੀਤ ਸਿੰਘ ਕੁਲਾਰ, ਜਗਰਾਉਂ ਤੋਂ ਬੀਬੀ ਅਮਰਜੀਤ ਕੌਰ ਅਸਲੋਂ ਨਵੇਂ ਚਿਹਰੇ ਹਨ। ਪਾਇਲ ਹਲਕੇ ਤੋਂ ਕਾਂਗਰਸ ਵਿੱਚੋਂ ਅਕਾਲੀ ਦਲ ਵਿੱਚ ਸ਼ਾਮਲ ਹੋਏ ਈਸ਼ਰ ਸਿੰਘ ਮਿਹਰਬਾਨ ਨੂੰ ਟਿਕਟ ਨਾਲ ਨਿਵਾਜ ਦਿੱਤਾ ਹੈ। ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਪਿਛਲੀ ਵਾਰ ਇਸ ਹਲਕੇ ਤੋਂ ਜਿਤੇ ਸਨ। ਉਨ੍ਹਾਂ ਦੇ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਰਾਏਕੋਟ ਹਲਕੇ ਤੋਂ ਟਿਕਟ ਦਿੱਤੀ ਗਈ ਹੈ ਅਤੇ ਇਸ ਹਲਕੇ ਤੋਂ ਪਿਛਲੀ ਵਾਰ ਚੋਣ ਹਾਰੇ ਮਰਹੂਮ ਬਸੰਤ ਸਿੰਘ ਖਾਲਸਾ ਦੇ ਪੁੱਤਰ ਬਿਕਰਮਜੀਤ ਸਿੰਘ ਖਾਲਸਾ ਦੀ ਛੁੱਟੀ ਕਰ ਦਿੱਤੀ ਗਈ ਹੈ। ਆਤਮ ਨਗਰ ਤੋਂ ਪਿਛਲੀ ਵਾਰ ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੋਂ ਚੋਣ ਹਾਰੇ ਹੀਰਾ ਸਿੰਘ ਗਾਬੜੀਆ ਨੂੰ ਹਲਕਾ ਬਦਲਕੇ ਲੁਧਿਆਣਾ ਦੱਖਣੀ ਤੋਂ ਟਿਕਟ ਦਿਤੀ ਗਈ ਹੈ। ਜਗਰਾਉਂ ਦੇ ਮੌਜੂਦਾ ਵਿਧਾਇਕ ਆਰ.ਐਸ. ਕਲੇਰ ਨੂੰ ਹਲਕਾ ਬਦਲ ਕੇ ਨਿਹਾਲ ਸਿੰਘ ਵਾਲਾ ਭੇਜ ਦਿੱਤਾ ਗਿਆ ਹੈ। ਲੁਧਿਆਣਾ ਪੂਰਬੀ ਤੋਂ ਵਿਧਾਇਕ ਰਣਜੀਤ ਸਿੰਘ ਢਿਲੋਂ, ਦਾਖਾ ਤੋਂ ਮਨਪ੍ਰੀਤ ਸਿੰਘ ਇਯਾਲੀ, ਸਾਹਨੇਵਾਲ ਤੋਂ ਸ਼ਰਨਜੀਤ ਸਿੰਘ ਢਿਲੋਂ, ਗਿੱਲ ਹਲਕੇ ਤੋ ਦਰਸ਼ਨ ਸਿੰਘ ਸ਼ਿਵਾਲਿਕ ਦੁਬਾਰਾ ਟਿਕਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਏ ਹਨ। ਵਿਧਾਨ ਸਭਾ ਹਲਕਾ ਖੰਨਾ ਤੋਂ ਰਣਜੀਤ ਸਿੰਘ ਤਲਵੰਡੀ ਭਾਵੇਂ ਪਿਛਲੀ ਵਾਰ ਚੋਣ ਹਾਰ ਗਏ ਸਨ ਪ੍ਰੰਤੂ ਦੁਬਾਰਾ ਟਿਕਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਏ ਹਨ। ਲੁਧਿਆਣਾ ਦੇ ਜ਼ਿਲ੍ਹਾ ਜਥੇਦਾਰ ਸੰਤਾ ਸਿੰਘ ਉਮੇਦਪੁਰੀ ਨੂੰ ਸਮਰਾਲਾ ਤੋਂ ਟਿਕਟ ਦਿੱਤੀ ਗਿਆ ਹੈ। ਇਸ ਹਲਕੇ ਤੋਂ ਜਗਜੀਵਨ ਸਿੰਘ ਖੀਰਨੀਆ ਦੀ ਟਿਕਟ ਕੱਟ ਦਿੱਤੀ ਗਈ ਹੈ।

## ਪੰਥ ਰਤਨ ਜਥੇਦਾਰ ਟੌਹੜਾ ਦੀ ਧੀ ਕੁਲਦੀਪ ਕੌਰ ਹੋਵੇਗੀ ਸਨੌਰ ਤੋਂ 'ਆਪ' ਦੀ ਉਮੀਦਵਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਨੇ ਪੰਜਵੀਂ ਸੂਚੀ ਰਾਹੀਂ 12 ਹੋਰ ਉਮੀਦਵਾਰ ਐਲਾਨ ਦਿੱਤੇ ਹਨ। ਐਲਾਨੇ ਉਮੀਦਵਾਰਾਂ ਵਿੱਚ ਮਰਹੂਮ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਧੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕੁਲਦੀਪ ਕੌਰ ਟੌਹੜਾ ਨੂੰ ਹਲਕਾ ਸਨੌਰ ਤੋਂ ਟਿਕਟ ਦਿੱਤੀ ਗਈ ਹੈ। ਬਾਕੀ ਉਮੀਦਵਾਰਾਂ ਵਿੱਚ ਡਾਕਟਰ ਸੰਜੀਵ ਸ਼ਰਮਾ ਨੂੰ ਜਲੰਧਰ ਕੇਂਦਰੀ, ਕੈਪਟਨ ਬਿਕਰਮਜੀਤ ਸਿੰਘ ਪਹੁਵਿੰਡੀਆ ਨੂੰ ਖੇਮਕਰਨ, ਰਾਜ ਕੁਮਾਰ ਮਹਾਜਨ ਨੂੰ ਪਠਾਨਕੋਟ, ਬਲਵਿੰਦਰ ਸਿੰਘ ਸਹੋਤਾ ਨੂੰ ਅੰਮ੍ਰਿਤਸਰ ਪੱਛਮੀ, ਨਰਿੰਦਰ ਸਿੰਘ ਸੰਧਾ ਨੂੰ ਫਿਰੋਜ਼ਪੁਰ ਸਿਟੀ, ਮਲਕੀਅਤ ਸਿੰਘ ਥਿੰਦ ਨੂੰ ਗੁਰੂਹਰਸਹਾਏ, ਕੰਵਲਪ੍ਰੀਤ ਸਿੰਘ ਕਾਕੀ ਨੂੰ ਕਾਦੀਆਂ, ਭੁਪਿੰਦਰ ਸਿੰਘ ਬਿੱਟੂ ਨੂੰ ਖਡੂਰ ਸਾਹਿਬ, ਗਿਰੀਰਾਜ ਰਜੌਂੜਾ ਨੂੰ ਬੱਲੂਆਣਾ, ਕੈਪਟਨ ਗੁਰਬਿੰਦਰ ਸਿੰਘ ਕੰਗ ਨੂੰ ਬਾਘਾ ਪੁਰਾਣਾ ਤੇ ਹਰਭਜਨ ਸਿੰਘ ਨੂੰ ਜੰਡਿਆਲਾ ਹਲਕਿਆਂ ਤੋਂ ਟਿਕਟ ਦਿੱਤੀ ਹੈ। ਇਨ੍ਹਾਂ ਵਿਚੋਂ ਸ੍ਰੀ ਪਹੁਵਿੰਡੀਆ ਪਾਰਟੀ ਦੇ ਸਾਬਕਾ ਫ਼ੌਜੀਆਂ ਦੇ ਵਿੰਗ ਦੇ ਸਾਬਕਾ ਕਨਵੀਨਰ ਸਨ ਅਤੇ ਸ੍ਰੀ ਕੰਗ ਕਿਸਾਨ ਤੇ ਮਜ਼ਦੂਰ ਸੈੱਲ ਦੇ ਪ੍ਰਧਾਨ ਹਨ। ਪਾਰਟੀ ਵੱਲੋਂ 'ਆਪ' ਨੇ 12 ਹੋਰ ਉਮੀਦਵਾਰ ਐਲਾਨੇ ਨੌਜਵਾਨਾਂ ਨੂੰ ਟਿਕਟਾਂ ਦੇਣ ਦੇ ਦਾਅਵਿਆਂ ਦੇ ਉਲਟ ਇਸ ਸੂਚੀ ਵਿੱਚ ਦੋ ਨੂੰ ਛੱਡ ਕੇ ਬਾਕੀ ਸਾਰੇ 40 ਸਾਲ ਦੀ ਉਮਰ ਤੋਂ ਵੱਧ ਦੇ ਉਮੀਦਵਾਰ ਹਨ।ਇਨ੍ਹਾਂ ਵਿਚੋਂ 3 ਉਮੀਦਵਾਰ 50 ਸਾਲਾਂ ਅਤੇ 3 ਉਮੀਦਵਾਰ 60 ਸਾਲ ਤੋਂ ਵੱਧ ਉਮਰ ਦੇ ਹਨ। ਇਸ ਸੂਚੀ ਵਿੱਚ ਸਿਰਫ਼ ਇੱਕ ਮਹਿਲਾ ਉਮੀਦਵਾਰ ਹੈ। ਹੁਣ 'ਆਪ' ਵੱਲੋਂ ਸਿਰਫ਼ 26 ਉਮੀਦਵਾਰਾਂ ਦਾ ਐਲਾਨ ਕਰਨਾ ਬਾਕੀ ਰਹਿ ਗਿਆ ਹੈ।

## ਸੁੱਚਾ ਸਿੰਘ ਲੰਗਾਹ ਦੀ ਟਿਕਟ ਦਿੱਤੀ ਜਾ ਸਕਦੀ ਹੈ ਕਿਸੇ ਹੋਰ ਨੂੰ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੀ ਗਈ ਆਪਣੀ 69 ਉਮੀਦਵਾਰਾਂ ਦੀ ਪਹਿਲੀ ਸੂਚੀ ਵਿਚ ਗੁਰਦਾਸਪੁਰ ਦੇ ਹਲਕਾ ਡੇਰਾ ਬਾਬਾ ਨਾਨਕ ਤੋਂ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਦਿੱਤੀ ਗਈ ਟਿਕਟ ਬਦਲੀ ਜਾਵੇਗੀ। ਇਸ ਗੱਲ ਦਾ ਸੰਕੇਤ ਉੱਚ ਅਕਾਲੀ ਸੂਤਰਾਂ ਵੱਲੋਂ ਦਿੱਤਾ ਗਿਆ। ਸ. ਸੁੱਚਾ ਸਿੰਘ ਲੰਗਾਹ ਹਾਲਾਂਕਿ ਇਹ ਦਾਅਵਾ ਕਰ ਰਹੇ ਹਨ ਕਿ ਉਹ ਸਜ਼ਾ ਮੁਲਤਵੀ ਹੋਣ ਕਾਰਨ ਚੋਣ ਲੜਨ ਦੇ ਹੱਕਦਾਰ ਹਨ ਪ੍ਰੰਤੂ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਸ. ਲੰਗਾਹ ਜਿਨ੍ਹਾਂ ਨੂੰ ਫਰਵਰੀ 2015 ਦੌਰਾਨ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਦੇ ਦੋਸ਼ ਵਿਚ 3 ਸਾਲ ਦੀ ਸਜ਼ਾ ਤੇ ਇਕ ਕਰੋੜ ਰੁਪਏ ਜੁਰਮਾਨਾ ਕੀਤਾ ਗਿਆ ਸੀ, ਨੂੰ ਕੇਵਲ ਜੇਲ੍ਹ ਭੇਜਣ ਦਾ ਫੈਸਲਾ ਮੁਲਤਵੀ ਕੀਤਾ ਗਿਆ ਸੀ, ਜਦਕਿ ਅਦਾਲਤ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਸਜ਼ਾ 'ਤੇ ਰੋਕ ਨਹੀਂ ਲਗਾਈ ਗਈ। ਪਿਪਲ ਰਿਪਰੀਜੈਂਟੇਸ਼ਨ ਐਕਟ ਦੀ ਧਾਰਾ 8 ਅਨੁਸਾਰ 2 ਸਾਲ ਤੋਂ ਵੱਧ ਦੀ ਸਜ਼ਾ ਪਾਉਣ ਵਾਲਾ ਕੋਈ ਵੀ ਵਿਅਕਤੀ ਚੋਣ ਨਹੀਂ ਲੜ ਸਕਦਾ, ਜਦਕਿ ਸ. ਲੰਗਾਹ ਵਿਰੁੱਧ ਉਨ੍ਹਾਂ ਦੇ ਪਬਲਿਕ ਵਰਕਸ ਮੰਤਰੀ ਹੁੰਦਿਆਂ 1997-2000 ਦੌਰਾਨ ਬਣਾਈ ਗਈ ਜਾਇਦਾਦ ਸਬੰਧੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਵਿਜੀਲੈਂਸ ਬਿਊਰੋ ਰਾਹੀਂ ਬਣਾਏ ਗਏ ਕੇਸ ਵਿਚ ਉਨ੍ਹਾਂ ਨੂੰ ਕਥਿਤ ਤੌਰ 'ਤੇ ਦੋਸ਼ੀ ਪਾਉਂਦਿਆਂ ਉਕਤ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਦੀ ਸਜ਼ਾ ਵਿਰੁੱਧ ਦਾਇਰ ਪਟੀਸ਼ਨ ਭਾਵੇਂ ਸੁਣਵਾਈ ਲਈ ਦਾਖਲ ਕਰ ਲਈ ਗਈ ਸੀ। ਅਕਾਲੀ ਹਲਕਿਆਂ ਦਾ ਦੱਸਣਾ ਹੈ ਕਿ ਕਾਨੂੰਨੀ ਪੱਖ ਵਾਂਚਣ ਤੋਂ ਬਾਅਦ ਪਾਰਟੀ ਵੱਲੋਂ ਹੁਣ ਆਉਂਦੇ ਸਮੇਂ ਦੌਰਾਨ ਇਹ ਟਿਕਟ ਸ. ਲੰਗਾਹ ਦੇ ਬੇਟੇ ਜਾਂ ਉਨ੍ਹਾਂ ਦੀ ਸਿਫਾਰਿਸ਼ 'ਤੇ ਕਿਸੇ ਹੋਰ ਵਿਅਕਤੀ ਨੂੰ ਦਿੱਤੀ ਜਾ ਸਕਦੀ ਹੈ। ਪਾਰਟੀ ਸੂਤਰਾਂ ਨੇ ਦੱਸਿਆ ਕਿ ਬੀਬੀ ਜਗੀਰ ਕੌਰ ਦੀ ਟਿਕਟ ਵੀ ਇਸੇ ਕਾਰਨ ਨਹੀਂ ਐਲਾਨੀ ਜਾ ਸਕੀ ਕਿਉਂਕਿ ਉਨ੍ਹਾਂ ਨੂੰ ਸੁਣਾਈ ਗਈ 5 ਸਾਲ ਦੀ ਸਜ਼ਾ ਨੂੰ ਸਟੇਅ ਕਰਾਉਣ ਸਬੰਧੀ ਅਦਾਲਤ ਵਿਚ ਸੁਣਵਾਈ ਦੀ ਅਗਲੀ ਤਰੀਕ 23 ਨਵੰਬਰ ਹੈ ਤੇ ਜੇ ਉਨ੍ਹਾਂ ਵਿਰੁੱਧ ਐਲਾਨੀ ਸਜ਼ਾ ਸਟੇਟ ਨਹੀਂ ਹੁੰਦੀ ਤਾਂ ਪਾਰਟੀ ਵੱਲੋਂ ਇਸ ਹਲਕੇ ਵਿਚ ਵੀ ਟਿਕਟ ਬੀਬੀ ਜਗੀਰ ਕੌਰ ਦੀ ਸਿਫਾਰਿਸ਼ 'ਤੇ ਕਿਸੇ ਹੋਰ ਉਮੀਦਵਾਰ ਨੂੰ ਦਿੱਤੀ ਜਾ ਸਕਦੀ ਹੈ।



## ਕੇਜਰੀਵਾਲ ਨੇ ਟਿਕਟਾਂ ਦੇ ਨਾਂ 'ਤੇ ਪੰਜਾਬ ਵਿਚੋਂ 200 ਕਰੋੜ ਰੁਪਏ ਇਕੱਠੇ ਕੀਤੇ : ਛੋਟੇਪੁਰ

**ਗਿੱਦੜਬਾਹਾ/ਬਿਊਰੋ ਨਿਊਜ਼ :** 'ਆਪਣਾ ਪੰਜਾਬ' ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਮਾਤਾ ਤੇਜ ਕੌਰ ਦੇ ਦੇਹਾਂਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪੁੱਜੇ। ਇਸ ਮਗਰੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਪੰਜਾਬ ਫੇਰੀ 'ਤੇ ਸ੍ਰੀ ਛੋਟੇਪੁਰ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਟਿਕਟਾਂ ਦੇ ਨਾਮ 'ਤੇ ਪੰਜਾਬ ਵਿੱਚੋਂ 200 ਕਰੋੜ ਰੁਪਏ ਇਕੱਠੇ ਕੀਤੇ ਹਨ। ਉਨ੍ਹਾਂ ਕਿਹਾ ਕਿ ਐਸਵਾਈਐਲ ਲਈ ਜਿੰਨੀ ਜ਼ਿੰਮੇਵਾਰ ਕਾਂਗਰਸ ਹੈ, ਉਸ ਤੋਂ ਵੱਧ ਅਕਾਲੀ ਦਲ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਨੂੰ ਆਪਣੇ ਹਿੱਤ ਪਿਆਰੇ ਹਨ। ਸ੍ਰੀ ਛੋਟੇਪੁਰ ਨੇ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਹਰ ਵਾਰ ਪੰਜਾਬ ਨਾਲ ਧੱਕਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਸਮੇਂ ਪਾਣੀਆਂ ਦੇ ਮੁੱਦੇ 'ਤੇ ਸਹੀ ਫ਼ੈਸਲਾ ਲਿਆ ਸੀ ਅਤੇ ਉਸ ਤੋਂ ਬਾਅਦ ਕਾਂਗਰਸ ਨੇ ਵਿਰੋਧੀ ਧਿਰ ਵਜੋਂ ਆਪਣੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਹੀਂ ਨਿਭਾਈ। ਇਸ ਕਰਕੇ ਪੰਜਾਬ ਨੂੰ ਇਹ ਦਿਨ ਦੇਖਣੇ ਪੈ ਰਹੇ ਹਨ।

# ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਨੇ ਫੜਿਆ ਕਾਂਗਰਸ ਦਾ ਹੱਥ



ਸਰਵਣ ਸਿੰਘ ਫਿਲੌਰ ਦਾ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ 'ਤੇ ਚੰਡੀਗੜ੍ਹ ਵਿਚ ਸਵਾਗਤ ਕਰਦੇ ਹੋਏ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਆਪਣੇ 16 ਸਾਥੀਆਂ ਸਮੇਤ ਕਾਂਗਰਸ ਵਿੱਚ ਸ਼ਾਮਲ ਹੋ ਗਏ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਉਣ ਨਾਲ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਹੁਲਾਰਾ ਮਿਲੇਗਾ। ਇਸ ਮੌਕੇ ਸ੍ਰੀ ਫਿਲੌਰ ਨੇ ਕਿਹਾ ਕਿ ਹਕੀਕਤ ਵਿੱਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਹੀ ਪੰਜਾਬ ਸਰਕਾਰ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਕੇਸ ਵਿਚ ਭੋਲਾ ਦੇ ਨਾਲ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਫਸਾਇਆ ਗਿਆ ਪਰ ਇਸ ਕੇਸ ਦੇ ਸਾਰੇ ਮੁਲਜ਼ਮਾਂ ਨੇ ਸ੍ਰੀ ਮਜੀਠੀਆ ਨੂੰ ਮੁੱਖ ਦੋਸ਼ੀ ਦੱਸਿਆ ਹੈ ਪਰ ਰਾਜ ਸਰਕਾਰ ਉਸ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਕੇਸ ਦੀ ਚਾਰਜਸ਼ੀਟ ਵਿੱਚ ਨਾ ਉਸ ਦਾ ਅਤੇ ਨਾ ਹੀ ਉਸ ਦੇ ਬੇਟੇ ਦਾ ਨਾਂ ਹੈ। ਇਸ ਤੋਂ ਸਪਸ਼ਟ ਹੈ ਇਸ ਕੇਸ ਵਿਚ ਉਨ੍ਹਾਂ ਨੂੰ ਫਸਾਇਆ ਗਿਆ ਸੀ। ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਉਸ ਤੇ ਉਸ ਦੇ ਬੇਟੇ ਨੂੰ ਕਿਸੇ ਹੋਰ ਕੇਸ ਵਿੱਚ ਫਸਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ 40 ਸਾਲ ਅਕਾਲੀ ਦਲ ਦੀ ਸੇਵਾ ਕੀਤੀ ਪਰ ਬਿਕਰਮ ਮਜੀਠੀਆ ਨੂੰ ਇਹ ਪਸੰਦ ਨਹੀਂ ਕਿ ਕੋਈ ਦਲਿਤ ਆਗੂ ਪਾਰਟੀ ਦੀਆਂ ਮੂਹਰਲੀਆਂ ਸਫਾਂ ਵਿੱਚ ਆਵੇ। ਇਸ ਲਈ ਉਨ੍ਹਾਂ ਖ਼ਿਲਾਫ਼ ਸਾਜ਼ਿਸ਼ ਰਚੀ ਗਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿਧਾਂਤ ਵਿਸਾਰ ਕੇ ਹੁਣ ਸੁਖਬੀਰ ਤੇ ਮਜੀਠੀਆ ਦਲ ਬਣ ਚੁੱਕਾ ਹੈ। ਸ੍ਰੀ ਫਿਲੌਰ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਸਰਗਨਾ ਰਾਜਾ ਕੰਧੋਲਾ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਦੱਸਣਯੋਗ ਹੈ ਕਿ ਸਾਬਕਾ ਮੰਤਰੀ ਫਿਲੌਰ ਅਤੇ ਉਨ੍ਹਾਂ ਦੇ ਬੇਟੇ ਦਾ ਨਾਂ ਨਸ਼ੀਲੇ ਪਦਾਰਥਾਂ ਦੇ ਧੰਦੇ ਨਾਲ ਜੁੜਨ ਬਾਅਦ ਉਨ੍ਹਾਂ ਨੇ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਸੀ। ਫਿਲੌਰ ਦੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਨਾਲ ਦੋਆਬੇ ਵਿਚ ਪਾਰਟੀ ਨੂੰ ਮਜ਼ਬੂਤੀ ਮਿਲੇਗੀ ਪਰ ਕਾਂਗਰਸ ਪਾਰਟੀ ਵਿੱਚ ਟਿਕਟ ਦੇ ਹੋਰ ਦਾਅਵੇਦਾਰਾਂ ਦਾ ਨਿਰਾਸ਼ ਹੋਣਾ ਸੁਭਾਵਕ ਹੈ। ਇਸ ਤੋਂ ਪਹਿਲਾਂ ਪਾਰਟੀ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਅਕਾਲੀ ਦਲ ਛੱਡ ਕੇ ਆਉਣ ਵਾਲੇ ਆਗੂਆਂ ਨੂੰ ਟਿਕਟਾਂ ਦੇਣ ਦਾ ਵਿਰੋਧ ਕਰ ਚੁੱਕੇ ਹਨ। ਆਪ ਆਦਮੀ ਪਾਰਟੀ ਦੇ ਟਰੇਡ, ਇੰਡਸਟਰੀ ਤੇ ਟਰਾਂਸਪੋਰਟ ਸੈੱਲ ਦੇ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ ਰਿਆਤ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਬਾਅਦ ਕਿਹਾ ਕਿ ਉਨ੍ਹਾਂ ਦਾ ਪਿਛਲੇ ਛੇ ਮਹੀਨਿਆਂ ਦਾ ਤਜਰਬਾ ਦਰਸਾਉਂਦਾ ਹੈ ਕਿ 'ਆਪ' ਪੰਜਾਬ ਅਤੇ ਪੰਜਾਬੀਅਤ ਦੇ ਖ਼ਿਲਾਫ਼ ਹੈ।

# ਅਕਾਲੀ ਦਲ 'ਚ ਉਠੀਆਂ ਬਗ਼ਾਵਤੀ ਸੁਰਾਂ

## ਸਰਵਣ ਫਿਲੌਰ ਤੇ ਅਵਿਨਾਸ਼ ਚੰਦਰ ਨੇ ਦਿੱਤੇ ਅਸਤੀਫ਼ੇ

### ਭਾਗੀਕੇ ਬੋਲੀ-ਹਰ ਹਾਲ 'ਚ ਚੋਣਾਂ ਲੜਾਂਗੀ

**ਜਲੰਧਰ/ਬਿਊਰੋ ਨਿਊਜ਼ :** ਸੂਬੇ ਦੇ ਸਿਆਸੀ ਪਿੜ ਨੂੰ ਮਘਾਉਂਦਿਆਂ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੀ ਪੁਸ਼ਟੀ ਖ਼ੁਦ ਸਰਬਣ ਸਿੰਘ ਫਿਲੌਰ ਅਤੇ ਉਨ੍ਹਾਂ ਦੇ ਪੁੱਤਰ ਦਮਨਬੀਰ ਸਿੰਘ ਨੇ ਕੀਤੀ ਹੈ। ਉਧਰ ਨਿਹਾਲ ਸਿੰਘ ਵਾਲਾ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ ਦੀ ਥਾਂ ਐਸ.ਆਰ. ਕਲੇਰ ਨੂੰ ਉਮੀਦਵਾਰ ਬਣਾਏ ਜਾਣ ਦੇ ਐਲਾਨ ਮਗਰੋਂ ਭਾਗੀਕੇ ਨੇ ਕਿਹਾ ਹੈ ਕਿ ਉਹ ਹਰ ਹਾਲ ਵਿਚ ਚੋਣ ਲੜੇਗੀ। ਇਸੇ ਤਰ੍ਹਾਂ ਕਰਤਾਰਪੁਰ ਹਲਕੇ ਤੋਂ ਬਣਾਏ ਗਏ ਉਮੀਦਵਾਰ ਸੇਠ ਸਤਪਾਲ ਮੱਲ ਤੋਂ ਬਾਅਦ ਹੁਣ ਜਲੰਧਰ ਛਾਉਣੀ ਹਲਕੇ ਦੇ ਉਮੀਦਵਾਰ ਸਰਬਜੀਤ ਸਿੰਘ ਮੱਕੜ ਖ਼ਿਲਾਫ਼ ਵੀ ਬਗਾਵਤੀ ਸੁਰਾਂ ਤੇਜ਼ ਹੋ ਗਈਆਂ ਹਨ। ਮੱਕੜ ਨੂੰ ਟਿਕਟ ਦੇਣ ਦੇ ਵਿਰੋਧ ਵਿਚ ਜ਼ਿਲ੍ਹਾ ਅਕਾਲੀ ਜੱਥੇ ਦੇ ਪ੍ਰਧਾਨ ਤੇ ਜ਼ਿਲਵਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਚਰਨ ਸਿੰਘ ਚੰਨੀ ਵਲੋਂ ਰੋਸ ਵਜੋਂ ਪਾਰਟੀ ਤੋਂ ਅਸਤੀਫ਼ਾ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ ਤੇ ਉਨ੍ਹਾਂ ਦਾ ਪਰਿਵਾਰ ਵੀ ਕਿਸੇ ਵੇਲੇ ਵੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਲਈ 69 ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਤੋਂ ਬਾਅਦ ਪਾਰਟੀ ਨੂੰ ਫਿਲੌਰ ਵਲੋਂ ਅਸਤੀਫ਼ਾ ਦੇਣ ਨਾਲ ਵੱਡਾ ਧੱਕਾ ਲੱਗਿਆ ਹੈ। ਸ੍ਰੀ ਫਿਲੌਰ ਦੇ ਸਮਰਥਕਾਂ ਨੇ ਕਿਹਾ ਕਿ ਸ੍ਰੀ ਫਿਲੌਰ ਹਲਕਾ ਕਰਤਾਰਪੁਰ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਸਕਦੇ ਹਨ। ਉਧਰ ਸਾਬਕਾ ਮੰਤਰੀ ਨੇ ਇਸ ਗੱਲ ਤੋਂ ਇਨਕਾਰ ਤਾਂ ਨਹੀਂ ਕੀਤਾ ਪਰ ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਇਸ ਬਾਰੇ ਫ਼ੈਸਲਾ ਕਰ ਕੇ ਦੱਸਣਗੇ। ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਉਹ ਕਾਂਗਰਸ ਦਾ ਲੜ ਵੀ ਫੜ ਸਕਦੇ ਹਨ। ਜ਼ਿਕਰਯੋਗ ਹੈ ਕਿ ਸਰਵਣ ਸਿੰਘ ਫਿਲੌਰ ਨੇ ਪੰਜ ਵਾਰ ਹਲਕਾ ਫਿਲੌਰ ਤੋਂ ਨੁਮਾਇੰਦਗੀ ਕੀਤੀ ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੁਖਬੀਰ ਬਾਦਲ ਨੇ ਉਨ੍ਹਾਂ ਦਾ ਹਲਕਾ ਬਦਲ ਕੇ ਕਰਤਾਰਪੁਰ ਕਰ ਦਿੱਤਾ ਸੀ। ਇਥੋਂ ਵੀ ਸਰਵਣ ਸਿੰਘ ਫਿਲੌਰ ਨੇ ਕਾਂਗਰਸ ਦੇ ਸੀਨੀਅਰ ਆਗੂ ਚੌਧਰੀ ਜਗਜੀਤ ਸਿੰਘ ਨੂੰ ਹਰਾ ਦਿੱਤਾ ਸੀ। ਸ੍ਰੀ ਫਿਲੌਰ ਨੂੰ ਮੌਜੂਦਾ ਅਕਾਲੀ-ਭਾਜਪਾ ਗਠਜੋੜ ਸਰਕਾਰ ਵਿੱਚ ਜੇਲ੍ਹ ਮੰਤਰੀ ਬਣਾਇਆ ਗਿਆ ਸੀ, ਪਰ ਉਨ੍ਹਾਂ ਦੇ ਪੁੱਤਰ ਦਮਨਬੀਰ ਸਿੰਘ 'ਤੇ ਸਿੰਥੈਟਿਕ ਡਰੱਗ ਮਾਮਲੇ ਸਬੰਧੀ ਲੱਗੇ ਦੋਸ਼ਾਂ ਕਾਰਨ ਉਹ ਵਿਵਾਦਾਂ ਵਿੱਚ ਘਿਰ ਗਏ ਸਨ।

### ਅਵਿਨਾਸ਼ ਚੰਦਰ ਨੇ ਅਕਾਲੀ ਦਲ ਨੂੰ ਫਤਹਿ ਬੁਲਾਈ

ਟਿਕਟ ਕੱਟੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਫਿਲੌਰ ਤੋਂ ਵਿਧਾਇਕ ਅਵਿਨਾਸ਼ ਚੰਦਰ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਫਤਹਿ ਬੁਲਾ ਦਿੱਤੀ ਹੈ। ਉਨ੍ਹਾਂ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੂੰ ਭੇਜ ਦਿੱਤਾ ਹੈ। ਸਰਬਣ ਸਿੰਘ ਫਿਲੌਰ ਤੋਂ ਬਾਅਦ ਅਵਿਨਾਸ਼ ਚੰਦਰ ਦੂਜੇ ਅਜਿਹੇ ਵਿਧਾਇਕ ਹਨ, ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਦੱਸਣਯੋਗ ਹੈ ਕਿ ਅਵਿਨਾਸ਼ ਚੰਦਰ ਤੇ ਸਰਬਣ ਸਿੰਘ ਫਿਲੌਰ ਛੇ ਹਜ਼ਾਰ ਕਰੋੜ ਦੇ ਸਿੰਥੈਟਿਕ ਡਰੱਗ ਦੇ ਮਾਮਲੇ ਵਿੱਚ ਈਡੀ ਦੇ ਨਿਸ਼ਾਨੇ 'ਤੇ ਹਨ ਤੇ ਉਨ੍ਹਾਂ ਨੂੰ ਈਡੀ ਵੱਲੋਂ ਤਲਬ ਵੀ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਵਿਨਾਸ਼ ਚੰਦਰ ਨੇ 2002 ਵਿੱਚ ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਕਰਤਾਰਪੁਰ ਤੋਂ ਚੋਣ ਲੜੀ ਸੀ ਪਰ ਉਹ ਚੋਣ ਹਾਰ ਗਏ ਸਨ। ਇਸ ਤੋਂ ਬਾਅਦ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ ਤੇ ਉਨ੍ਹਾਂ ਨੇ 2007 ਵਿੱਚ ਕਰਤਾਰਪੁਰ ਤੋਂ ਚੋਣ ਲੜੀ ਸੀ ਤੇ ਜੇਤੂ ਰਹੇ ਸਨ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਉਨ੍ਹਾਂ ਦਾ ਹਲਕਾ ਕਰਤਾਰਪੁਰ ਤੋਂ ਬਦਲ ਕੇ ਫਿਲੌਰ ਕਰ ਦਿੱਤਾ ਸੀ, ਜਿਥੋਂ ਉਹ ਮਹਿਜ਼ 31 ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਉਥੇ ਉਨ੍ਹਾਂ ਨੂੰ ਬਸਪਾ ਦੇ ਉਮੀਦਵਾਰ ਬਲਦੇਵ ਖਹਿਰਾ ਨੇ ਸਖ਼ਤ ਟੱਕਰ ਦਿੱਤੀ ਸੀ। ਦਿਲਚਸਪ ਗੱਲ ਇਹ ਹੈ ਕਿ ਬਲਦੇਵ ਖਹਿਰਾ ਬਸਪਾ ਛੱਡ ਕੇ ਅਕਾਲੀ ਦਲ ਵਿੱਚ ਆ ਗਏ ਹਨ ਤੇ ਉਨ੍ਹਾਂ ਨੂੰ ਫਿਲੌਰ ਤੋਂ ਉਮੀਦਵਾਰ ਵੀ ਐਲਾਨ ਦਿੱਤਾ ਗਿਆ ਹੈ। ਪਿਛਲੇ ਦੋ ਮਹੀਨਿਆਂ ਤੋਂ ਅਵਿਨਾਸ਼ ਚੰਦਰ ਨੂੰ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਸਿਆਸਤ ਵਿਚ ਹਾਸ਼ੀਏ 'ਤੇ ਧੱਕ ਦਿੱਤਾ ਸੀ। ਹਲਕਾ ਫਿਲੌਰ ਵਿਚ ਕੀਤੇ ਗਏ ਸੰਗਤ ਦਰਸ਼ਨਾਂ ਦੌਰਾਨ ਵਿਧਾਇਕ ਹੋਣ ਦੇ ਬਾਵਜੂਦ ਅਵਿਨਾਸ਼ ਚੰਦਰ ਨੂੰ ਸੁਖਬੀਰ ਬਾਦਲ ਨੇ ਨੇੜੇ ਨਹੀਂ ਸੀ ਲੱਗਣ ਦਿੱਤਾ ਜਾਂਦਾ। ਉਨ੍ਹਾਂ ਦੀ ਥਾਂ ਬਲਦੇਵ ਖਹਿਰਾ ਨੂੰ ਹੀ ਨਾਲ ਬਿਠਾ ਕੇ ਲੋਕਾਂ ਤੇ ਪ੍ਰਸ਼ਾਸਨ ਦੇ ਰੂ-ਬ-ਰੂ ਕਰਵਾਇਆ ਸੀ। ਅਵਿਨਾਸ਼ ਚੰਦਰ ਦੇ ਬਸਪਾ ਵੱਲੋਂ ਚੋਣ ਲੜਨ ਦੇ ਚਰਚੇ ਚੱਲ ਰਹੇ ਹਨ।



### ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨੇ ਦਿੱਤਾ ਅਸਤੀਫ਼ਾ

**ਮੋਗਾ/ਬਿਊਰੋ ਨਿਊਜ਼ :** ਬਾਘਾਪੁਰਾਣਾ ਤੋਂ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਆਪਣੇ ਹਮਾਇਤੀਆਂ ਸਮੇਤ ਪਾਰਟੀ ਵਿੱਚੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਨਾਲ ਅਸਤੀਫ਼ਾ ਦੇਣ ਵਾਲਿਆਂ ਵਿਚ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਇੰਦਰਜੀਤ ਜੌਲੀ ਗਰਗ, ਜ਼ਿਲ੍ਹਾ ਬਾਰ ਐਸੋਸੀਏਸ਼ਨ ਪ੍ਰਧਾਨ ਤੇ ਅਕਾਲੀ ਕੌਂਸਲਰ ਨਸੀਬ ਬਾਵਾ, ਮੋਗਾ ਕੇਂਦਰੀ ਸਹਿਕਾਰੀ ਬੈਂਕ ਦੇ ਡਾਇਰੈਕਟਰ ਸੁਖਦੇਵ ਸਿੰਘ ਘੋਸਾ ਤੇ ਉਨ੍ਹਾਂ ਦੇ ਹੋਰ ਸਮਰਥਕ ਸ਼ਾਮਲ ਹਨ। ਇਥੇ ਸੱਦੀ ਪ੍ਰੈਸ ਕਾਨਫਰੰਸ ਵਿੱਚ ਅਕਾਲੀ ਵਿਧਾਇਕ ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਉਨ੍ਹਾਂ ਦੀ ਰਿਹਾਇਸ਼ 'ਤੇ ਤੜਕਸਾਰ ਸਥਾਨਕ ਪੁਲੀਸ ਨੇ ਛਾਪਾ ਮਾਰਿਆ ਤੇ ਗੈਂਗਸਟਰਾਂ ਨਾਲ ਸਬੰਧਾਂ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ। ਪੁਲੀਸ ਨੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਨ ਲਈ ਵੀ ਕਿਹਾ ਤੇ ਸਾਫ਼ ਕਰ ਦਿੱਤਾ ਕਿ ਜੇ ਅਕਾਲੀ ਦਲ ਛੱਡਿਆ ਤਾਂ ਉਨ੍ਹਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਵਿਧਾਇਕ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਟਿਕਟ ਕੱਟਣ ਦੇ ਰੋਸ ਵਜੋਂ ਨਹੀਂ, ਬਲਕਿ ਘਰੇ ਪੁਲੀਸ ਭੇਜ ਕੇ ਬੇਇੱਜ਼ਤ ਕਰਨ ਦੇ ਰੋਸ ਵਜੋਂ ਛੱਡੀ ਹੈ। ਵਿਧਾਇਕ ਨੇ ਕਿਹਾ ਕਿ ਉਹ ਭਵਿੱਖੀ ਰਣਨੀਤੀ ਬਾਰੇ ਜਲਦੀ ਹੀ ਫ਼ੈਸਲਾ ਲੈਣਗੇ। ਉਧਰ ਹਲਕਾ ਨਿਹਾਲ ਸਿੰਘ ਵਾਲਾ ਰਾਖਵਾਂ ਤੋਂ ਵਿਧਾਇਕਾ ਰਾਜਵਿੰਦਰ ਕੌਰ ਭਾਗੀਕੇ, ਜਿਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ ਹੈ, ਨੇ ਵੀ ਅਕਾਲੀ ਦਲ ਨੂੰ ਅਲਟੀਮੇਟਮ ਦਿੱਤਾ ਹੋਇਆ ਹੈ। ਇਸੇ ਦੌਰਾਨ ਥਾਣਾ ਨਿਹਾਲ ਸਿੰਘ ਵਾਲਾ ਦੇ ਇੰਸਪੈਕਟਰ ਦਲਬੀਰ ਸਿੰਘ ਨੇ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਥਾਣਾ ਬੂਲ ਮੁਖੀ ਮੋਹਣ ਲਾਲ ਉਨ੍ਹਾਂ ਨੂੰ ਨਾਲ ਲੈ ਕੇ ਵਿਧਾਇਕ ਦੇ ਘਰ ਮਿਲਣ ਗਏ ਸਨ।

# ਮੁਲਾਜ਼ਮਾਂ, ਕਿਸਾਨਾਂ ਤੇ ਕਾਂਗਰਸੀਆਂ ਨੇ ਦਿਖਾਈਆਂ ਸੁਖਬੀਰ ਬਾਦਲ ਨੂੰ ਕਾਲੀਆਂ ਝੰਡੀਆਂ

**ਸੰਗਰੂਰ/ਬਿਊਰੋ ਨਿਊਜ਼ :** ਇੱਥੇ ਬੱਸ ਸਟੈਂਡ ਦਾ ਉਦਘਾਟਨ ਕਰਨ ਪੁੱਜੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਂਗਨਵਾੜੀ ਵਰਕਰਾਂ, ਕਾਂਗਰਸੀ ਵਰਕਰਾਂ, ਮੈਡੀਕਲ ਪ੍ਰੈਕਟੀਸ਼ਨਰਾਂ ਤੇ ਕਿਸਾਨਾਂ-ਮਜ਼ਦੂਰਾਂ ਵੱਲੋਂ ਕਾਲੀਆਂ ਝੰਡੀਆਂ ਨਾਲ ਸ੍ਰੀ ਬਾਦਲ ਖ਼ਿਲਾਫ਼ ਮੁਜ਼ਾਹਰੇ ਕੀਤੇ ਗਏ। ਇਸ ਮੌਕੇ ਆਂਗਨਵਾੜੀ ਵਰਕਰਾਂ ਅਤੇ ਕਾਂਗਰਸੀ ਵਰਕਰਾਂ ਤੇ ਪੁਲੀਸ ਵਿਚਕਾਰ ਤਿੱਖੀਆਂ ਝੜਪਾਂ ਹੋਈਆਂ। ਆਂਗਨਵਾੜੀ ਵਰਕਰਾਂ ਪੁਲੀਸ ਰੋਕਾਂ ਦੇ ਬਾਵਜੂਦ ਬੱਸ ਸਟੈਂਡ ਦੇ ਗੇਟ ਤੱਕ ਪੁੱਜ ਗਈਆਂ। ਇਸ ਦੌਰਾਨ ਹੋਈਆਂ ਝੜਪਾਂ ਕਾਰਨ ਆਂਗਨਵਾੜੀ ਵਰਕਰਾਂ ਅਤੇ ਮਹਿਲਾ ਪੁਲੀਸ ਮੁਲਾਜ਼ਮ ਸੜਕ 'ਤੇ ਡਿੱਗ ਪਈਆਂ।

ਜਾਣਕਾਰੀ ਅਨੁਸਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਆਮਦ ਮੌਕੇ ਆਂਗਨਵਾੜੀ ਵਰਕਰਾਂ ਮੰਗ ਪੱਤਰ ਸੌਂਪਣਾ ਚਾਹੁੰਦੀਆਂ ਸਨ ਪਰ ਪੁਲੀਸ ਵੱਲੋਂ ਇਜ਼ਾਜਤ ਨਾ ਮਿਲਣ ਕਾਰਨ ਉਹ ਭੜਕ ਗਈਆਂ। ਪੁਲੀਸ ਵੱਲੋਂ ਗਲੀ ਗਲੀ ਲਾਏ ਨਾਕਿਆਂ ਨੂੰ ਤੋੜਦਿਆਂ ਕਰੀਬ ਤਿੰਨ ਦਰਜਨ ਆਂਗਨਵਾੜੀ ਵਰਕਰਾਂ ਕਾਲੀਆਂ



ਉਪ ਮੁੱਖ ਮੰਤਰੀ ਦੇ ਵਿਰੋਧ ਮੌਕੇ ਝੜਪ ਦੌਰਾਨ ਸੜਕ 'ਤੇ ਡਿੱਗੀਆਂ ਆਂਗਨਵਾੜੀ ਵਰਕਰਾਂ ਅਤੇ ਮਹਿਲਾ ਪੁਲੀਸ ਮੁਲਾਜ਼ਮ।

ਝੰਡੀਆਂ ਲੈ ਕੇ ਸ੍ਰੀ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਕਰਦੀਆਂ ਬੱਸ ਸਟੈਂਡ ਨਜ਼ਦੀਕ ਪੁੱਜ ਗਈਆਂ। ਪ੍ਰਦਰਸ਼ਨਕਾਰੀ ਵਰਕਰਾਂ ਨੂੰ ਰੋਕਣ ਲਈ ਪੁਲੀਸ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਈ। ਇਸ ਮੌਕੇ ਵਰਕਰਾਂ ਅਤੇ ਪੁਲੀਸ ਵਿਚਕਾਰ ਖਿੱਚ-ਧੂਹ ਹੋਈ, ਜਿਸ ਦੌਰਾਨ ਦੋ ਮਹਿਲਾ ਪੁਲੀਸ ਮੁਲਾਜ਼ਮ ਸੜਕ 'ਤੇ ਡਿੱਗ ਪਈਆਂ। ਕਈ ਆਂਗਨਵਾੜੀ ਵਰਕਰਾਂ ਵੀ ਡਿੱਗ ਪਈਆਂ। ਉਨ੍ਹਾਂ ਦੀਆਂ ਚੁੰਨੀਆਂ ਲੱਥ ਗਈਆਂ ਤੇ ਵਾਲ ਖੁੱਲ੍ਹ ਗਏ। ਆਂਗਨਵਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਗੁਰਮੇਲ ਕੌਰ ਵੀ ਝੜਪ ਦੌਰਾਨ ਹੇਠਾਂ ਡਿੱਗ ਪਈ। ਪੁਲੀਸ ਇਨ੍ਹਾਂ ਵਰਕਰਾਂ ਨੂੰ ਧੂਹ ਕੇ ਲੈ ਗਈ, ਜਿਸ ਤੋਂ ਬਾਅਦ ਜਬਰੀ ਬੱਸ ਵਿੱਚ ਚੜ੍ਹਾ ਦਿੱਤਾ ਗਿਆ। ਇਸ ਤੋਂ ਬਾਅਦ ਵਰਕਰਾਂ ਦਾ ਇੱਕ ਹੋਰ ਕਾਫ਼ਲਾ ਇੱਕ ਗਲੀ ਵਿਚੋਂ ਨਾਅਰੇ ਮਾਰਦਾ ਆਇਆ, ਜਿਨ੍ਹਾਂ ਨੂੰ ਕਾਬੂ ਕਰਨ ਲਈ ਪੁਲੀਸ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ। ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਗੁਰਮੇਲ ਕੌਰ ਬਿੰਜੋਕੀ ਨੇ ਕਿਹਾ ਕਿ ਆਂਗਨਵਾੜੀ ਵਰਕਰਾਂ ਨੂੰ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ। ਉਹ ਸ੍ਰੀ ਬਾਦਲ ਨੂੰ ਮਿਲਣ ਆਈਆਂ ਸਨ ਪਰ ਪੁਲੀਸ ਨੇ ਵਰਕਰਾਂ ਨਾਲ ਗਲਤ ਵਿਹਾਰ ਕੀਤਾ ਹੈ।

ਇਸ ਮਗਰੋਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਰਾਜਾ ਬੀਰ ਕਲਾਂ ਦੀ ਅਗਵਾਈ ਹੇਠ ਕਾਂਗਰਸੀ ਵਰਕਰ ਸ੍ਰੀ ਬਾਦਲ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਲਾਲ ਬੱਤੀ ਚੌਕ ਨੇੜੇ ਪੁੱਜ ਗਏ। ਪੁਲੀਸ ਨੇ ਕਾਂਗਰਸੀਆਂ ਨੂੰ ਬੱਸ ਸਟੈਂਡ ਨੇੜੇ ਪੁੱਜਣ ਤੋਂ ਪਹਿਲਾਂ ਹੀ ਰੋਕ ਲਿਆ। ਇਸ ਮੌਕੇ ਕਾਂਗਰਸੀ ਵਰਕਰਾਂ ਦੀ ਵੀ ਪੁਲੀਸ ਨਾਲ ਖਿੱਚ-ਧੂਹ ਹੋਈ। ਰੋਹ ਵਿੱਚ ਆਏ ਕਾਂਗਰਸੀ ਸੜਕ 'ਤੇ ਲੰਮੇ ਪੈ ਗਏ, ਜਿਨ੍ਹਾਂ ਨੂੰ ਪੁਲੀਸ ਨੇ ਜਬਰੀ ਹਿਰਾਸਤ ਵਿੱਚ ਲੈ ਲਿਆ। ਇਸ ਮੌਕੇ ਸ੍ਰੀ ਰਾਜਾ ਨੇ ਕਿਹਾ ਕਿ ਉਹ ਪਾਣੀਆਂ ਦੇ ਮੁੱਦੇ 'ਤੇ ਸ੍ਰੀ ਬਾਦਲ ਦਾ ਵਿਰੋਧ ਕਰਨ ਪੁੱਜੇ ਹਨ। ਇਸੇ ਦੌਰਾਨ ਅਨਵਰ ਭਸੌੜ ਦੀ ਅਗਵਾਈ ਹੇਠ ਮੈਡੀਕਲ ਪ੍ਰੈਕਟੀਸ਼ਨਰ ਵੀ ਨਾਅਰੇਬਾਜ਼ੀ ਕਰਦੇ ਹੋਏ ਬੱਸ ਸਟੈਂਡ ਵੱਲ ਵੱਧ ਰਹੇ ਸਨ ਕਿ ਪੁਲੀਸ ਨੇ ਰੋਕ ਲਿਆ। ਸ਼ਹਿਰ ਵਿੱਚ ਪੰਜਾਬ ਯੂਥ ਕਾਂਗਰਸ ਦੀ ਜਨਰਲ ਸਕੱਤਰ ਪੂਨਮ ਕਾਂਗੜਾ ਅਤੇ ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਸ਼ਰਮਾ ਦੀ ਅਗਵਾਈ ਹੇਠ ਵੀ ਵੱਖ-ਵੱਖ ਥਾਈਂ ਮੁਜ਼ਾਹਰੇ ਹੋਏ, ਜਿਨ੍ਹਾਂ ਨੂੰ ਪੁਲੀਸ ਨੇ ਰਾਹ ਵਿੱਚ ਹੀ ਰੋਕ ਲਿਆ। ਹਿਰਾਸਤ ਵਿੱਚ ਲਈਆਂ ਕਰੀਬ 35 ਆਂਗਨਵਾੜੀ ਵਰਕਰਾਂ ਨੂੰ ਥਾਣਾ ਲੌਂਗੋਵਾਲ ਵਿੱਚ ਲਿਜਾ ਕੇ ਬੰਦ ਕਰ ਦਿੱਤਾ ਗਿਆ, ਜਦੋਂਕਿ 47 ਕਾਂਗਰਸੀ ਵਰਕਰਾਂ ਨੂੰ ਥਾਣਾ ਧੂਰੀ ਲਿਜਾਇਆ ਗਿਆ। ਸ਼ਾਮ ਨੂੰ ਹਿਰਾਸਤ ਵਿੱਚ ਲਏ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਛੱਡ ਦਿੱਤਾ ਗਿਆ। ਜ਼ਿਲ੍ਹਾ ਪੁਲੀਸ ਮੁਖੀ ਪ੍ਰਿਤਪਾਲ ਸਿੰਘ ਥਿੰਦ ਨੇ ਦੱਸਿਆ ਕਿ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਸੀ, ਜਿਨ੍ਹਾਂ ਨੂੰ ਛੱਡ ਦਿੱਤਾ ਹੈ।

# ਸੋਸ਼ਲ ਨੈੱਟਵਰਕਿੰਗ : ਟਰੰਪ ਦੀ ਚੋਣ ਤਾਂ ਮਹਿਜ਼ ਉਦਾਹਰਣ

**ਅਮਰੀਕੀ ਚੋਣਾਂ ਦੇ ਨਤੀਜਿਆਂ ਨੇ ਦੁਨੀਆ ਨੂੰ ਸੋਸ਼ਲ ਨੈੱਟਵਰਕਿੰਗ 'ਤੇ ਮੁੜ ਵਿਚਾਰ ਕਰਨ 'ਤੇ ਮਜਬੂਰ ਕਰ ਦਿੱਤਾ ਹੈ। ਸਾਰੇ ਵਿਸ਼ਲੇਸ਼ਣਾਂ ਨੂੰ ਝੂਠਾ ਦੱਸਣ ਵਾਲੇ ਨਤੀਜਿਆਂ ਪਿਛੇ ਵਾਕਿਆ ਹੀ ਸੋਸ਼ਲ ਮੀਡੀਆ ਦੀ ਭੂਮਿਕਾ ਰਹੀ, ਇਸ 'ਤੇ ਕਿਸੇ ਨੂੰ ਵਿਸ਼ਵਾਸ ਨਹੀਂ ਹੋ ਰਿਹਾ। ਇਕ ਵੱਡਾ ਕਾਰਨ ਝੂਠੀਆਂ ਖ਼ਬਰਾਂ ਦਾ ਸਾਹਮਣੇ ਆਉਣਾ ਹੈ, ਜੋ ਸੋਸ਼ਲ ਮੀਡੀਆ 'ਤੇ ਆਮ ਗੱਲ ਹੈ। ਮੁੱਖ ਕੰਪਨੀਆਂ ਨੇ ਉਨ੍ਹਾਂ ਨਾਲ ਸਿੱਝਣ ਦੀ ਰਣਨੀਤੀ ਬਣਾ ਲਈ ਹੈ ਪਰ ਉਸ ਦਾ ਜ਼ੋਰਦਾਰ ਅਸਰ ਦੁਨੀਆ ਭਰ ਵਿਚ ਦਿਖਾਈ ਦੇ ਰਿਹਾ ਹੈ। ਉਸ ਕਾਰਨ ਵੱਡੇ ਫ਼ੈਸਲੇ ਬਦਲ ਰਹੇ ਹਨ। ਇਹ ਸਥਿਤੀ ਖ਼ਤਰਨਾਕ ਹੈ। ਜਾਣੋ ਕਿਉਂ ?**

**ਫਰਹਾਦ ਮੰਜੂ**

ਅਮਰੀਕੀ ਰਾਸ਼ਟਰਪਤੀ ਦੀ ਚੋਣ ਨਤੀਜਿਆਂ ਨੂੰ ਲੈ ਕੇ ਸਿਲੀਕਾਨ ਵੈਲੀ ਦੀਆਂ ਟੈਕਨਾਲੋਜੀ ਕੰਪਨੀਆਂ ਨਿਸ਼ਾਨੇ 'ਤੇ ਹਨ। ਦੋਸ਼ ਹੈ ਕਿ ਉਨ੍ਹਾਂ ਕਾਰਨ ਚੋਣ ਨਤੀਜਿਆਂ 'ਤੇ ਅਸਰ ਪਿਆ। ਸਿਲੀਕਾਨ ਵੈਲੀ ਵਿਚ ਹੀ ਕਈ ਲੋਕਾਂ ਦਾ ਮੰਨਣਾ ਹੈ ਕਿ ਆਨ ਲਾਈਨ ਵਰਲਡ ਵਿਚ ਵੱਡੇ ਪੱਧਰ 'ਤੇ 'ਫੇਕ ਖ਼ਬਰਾਂ' ਦਾ ਪ੍ਰਸਾਰਣ ਹੋਇਆ ਤੇ ਉਸੇ ਕਾਰਨ ਚੋਣਾਂ ਦੇ ਇਹ ਨਤੀਜੇ ਆਏ। ਸਿੱਟੇ ਵਜੋਂ ਗੂਗਲ ਅਤੇ ਫੇਸਬੁੱਕ ਨੇ ਆਨ ਲਾਈਨ ਇਸ਼ਤਿਹਾਰੀ ਨੀਤੀਆਂ ਵਿਚ ਬਦਲਾਅ ਕੀਤਾ ਹੈ। ਉਸ ਤਹਿਤ ਅਜਿਹੀਆਂ ਸਾਈਟਾਂ ਨੂੰ ਹਟਾ ਦਿੱਤਾ ਜਾਵੇਗਾ, ਜੋ ਜਾਅਲੀ ਖ਼ਬਰਾਂ ਨਾਲ ਝੂਠ ਦਾ ਪ੍ਰਚਾਰ ਕਰਕੇ ਕਮਾਈ ਕਰਦੀਆਂ ਹਨ। ਇਹ ਬਹੁਤ ਸਾਰਥਕ ਕਦਮ ਹੈ, ਭਾਵੇਂ ਹੀ ਦੇਰ ਨਾਲ ਉਠਾਇਆ ਗਿਆ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇੰਟਰਨੈੱਟ ਕਾਰਨ ਸਚਾਈ ਨੂੰ ਲੈ ਕੇ ਸਾਡੀ ਸਮੂਹਕ ਸਮਝ ਕਮਜ਼ੋਰ ਪੈ ਗਈ ਹੈ। ਨਿਸਚਤ ਹੀ ਇਸ ਤਰ੍ਹਾਂ ਦਾ ਰੁਝਾਨ ਰੋਕਣ ਲਈ ਸਾਨੂੰ ਸਾਰਿਆਂ ਨੂੰ ਯਤਨ ਕਰਨਾ ਚਾਹੀਦਾ ਹੈ।

ਫੇਕ ਨਿਊਜ਼ ਖ਼ਿਲਾਫ਼ ਜਾਂਚ ਜੇਕਰ ਬੰਦ ਕਰ ਦਿੱਤੀ ਗਈ, ਤਾਂ ਇਹ ਬਹੁਤ ਵੱਡੀ ਗ਼ਲਤੀ ਹੋਵੇਗੀ। ਸੱਚ ਤਾਂ ਇਹ ਹੈ ਕਿ ਫੇਕ ਨਿਊਜ਼ ਦੇ ਖ਼ਤਰੇ ਉਨੇ ਘੱਟ ਨਹੀਂ ਹਨ, ਜੋ ਦਿਖਾਈ ਦੇ ਰਹੇ ਹਨ। ਇਹ ਤਾਂ ਅੰਸ਼ ਮਾਤਰ ਹੈ। ਫੇਕ ਨਿਊਜ਼ ਦਾ ਬੁਰਾ ਅਸਰ ਪੂਰੀ ਦੁਨੀਆ 'ਤੇ ਦਿਖਾਈ ਦੇਣ ਲੱਗਾ ਹੈ। ਲੱਖਾਂ-ਕਰੋੜਾਂ-ਅਰਬਾਂ ਲੋਕ ਫੇਸਬੁੱਕ, ਵਾਟਸਐਪ, ਟਵਿੱਟਰ, ਵੀਚੈਟ, ਇੰਸਟਾਗਰਾਮ ਅਤੇ ਵੀਬੋ ਵਰਗੀਆਂ ਸੇਵਾਵਾਂ ਨਾਲ ਚਿਪਕੇ ਹੋਏ ਹਨ। ਇਸ ਦੌਰ ਵਿਚ ਸੋਸ਼ਲ ਮੀਡੀਆ ਤੇਜ਼ੀ ਨਾਲ ਵਧਦਾ ਹੋਇਆ ਸਭ ਤੋਂ ਸ਼ਕਤੀਸ਼ਾਲੀ ਸਭਿਆਚਾਰਕ ਤੇ ਸਿਆਸੀ ਤਾਕਤ ਬਣ ਕੇ ਉਭਰਿਆ ਹੈ। ਦੁਨੀਆ ਭਰ ਵਿਚ ਡੋਨਾਲਡ ਟਰੰਪ ਦੀ ਚੋਣ ਦਾ ਉਦਾਹਰਣ ਸ਼ਾਇਦ ਹੁਣ ਤਕ ਦਾ ਸਭ ਤੋਂ ਸਖ਼ਤ ਉਦਾਹਰਣ ਹੈ। ਸੋਸ਼ਲ ਨੈੱਟਵਰਕਿੰਗ ਕਾਰਨ ਸਮਾਜ ਦੇ ਮੌਲਿਕ ਬਦਲਾਅ ਵਿਚ ਮਦਦ ਮਿਲ ਰਹੀ ਹੈ। ਉਸ ਕਾਰਨ ਸਿਆਸਤ ਨਾਲ ਜੁੜੇ ਫੰਡ-ਰੇਜ਼ਿੰਗ ਅਤੇ ਇਸ਼ਤਿਹਾਰ ਵਰਗੇ ਰਵਾਇਤੀ ਕੰਮ ਵਿਗੜਨ ਲੱਗੇ ਹਨ ਕਿਉਂਕਿ ਲੋਕਾਂ 'ਤੇ ਉਸ ਦਾ ਸਿੱਧਾ ਅਸਰ ਹੁੰਦਾ ਹੈ। ਮਹੱਤਵਪੂਰਨ ਇਹ ਹੈ ਕਿ ਇਹ ਸੇਵਾ ਲੋਕਾਂ ਨੂੰ ਇਕ-ਦੂਸਰੇ ਨਾਲੋਂ ਬਹੁਤ ਵੱਧ ਆਸਾਨੀ ਨਾਲ ਗੱਲ ਕਰਨ ਦੀ ਛੋਟ ਪ੍ਰਦਾਨ ਕਰਦੀ ਹੈ। ਇਸ ਕਾਰਨ ਹਾਸ਼ੀਏ 'ਤੇ ਪਏ ਸਮੂਹ ਜਾਂ ਵਿਅਕਤੀ ਵੀ ਹੈਰਾਨੀਜਨਕ ਢੰਗ ਨਾਲ ਪ੍ਰਭਾਵਸ਼ਾਲੀ ਨਜ਼ਰ ਆਉਂਦੇ ਹਨ। ਇਹ ਇਕ ਤਰ੍ਹਾਂ ਦਾ ਸਮਾਜਕ ਬਦਲਾਅ ਵਿਆਪਕ ਖੇਤਰ ਵਿਚ ਫੈਲ ਚੁੱਕਾ ਹੈ। ਅਮਰੀਕਾ ਤੋਂ ਲੈ ਕੇ ਬਰਤਾਨੀਆ, ਬਰਤਾਨੀਆ ਤੋਂ ਆਈ.ਐਸ. ਅਤੇ ਆਈ.ਐਸ. ਤੋਂ ਰੂਸ ਤੇ ਪੂਰਬੀ ਯੂਰਪ ਦੇ ਹੈਕਰਾਂ ਤੱਕ। ਇਨ੍ਹਾਂ ਸਾਰੀਆਂ ਥਾਵਾਂ 'ਤੇ ਆਪਣੇ ਆਪਣੇ ਤਰੀਕੇ ਨਾਲ ਇਸ ਦੀ ਵਰਤੋਂ ਹੋ ਰਹੀ ਹੈ, ਜਿਸ ਦੇ ਸਿੱਟੇ ਬਿਲਕੁਲ ਸਾਹਮਣੇ ਹਨ।

ਵਿਸ਼ਵੀ ਖ਼ਤਰਿਆਂ 'ਤੇ ਖੋਜ ਕਰਨ ਵਾਲੀ ਫਰਮ 'ਯੂਰੇਸ਼ੀਆ ਗਰੁੱਪ' ਦੇ ਮੁਖੀ ਇਆਨ ਬਰੇਮਰ ਕਹਿੰਦੇ ਹਨ-ਇਨ੍ਹੀਂ ਦਿਨੀਂ ਇੰਟਰਨੈੱਟ 'ਤੇ ਕਰੋੜਾਂ-ਅਰਬਾਂ ਲੋਕ ਸਰਗਰਮ ਹਨ, ਪਰ ਉਨ੍ਹਾਂ ਵਿਚੋਂ ਜ਼ਿਆਦਾਤਰ ਯਥਾਸਥਿਤੀਆਂ ਤੋਂ ਖ਼ੁਸ਼ ਨਹੀਂ ਹਨ। ਉਹ ਸੋਚਦੇ ਹਨ ਕਿ ਉਨ੍ਹਾਂ ਦੀ ਸਰਕਾਰ ਸੱਤਾਵਾਦੀ ਹੋ ਗਈ ਹੈ।

ਡੋਨਾਲਡ ਟਰੰਪ ਦੀ ਜਿੱਤ ਪਿਛੇ ਕਈ ਕਾਰਨ ਹਨ-ਉਦਯੋਗਾਂ ਦੀ ਮੌਜੂਦਾ ਹਾਲਤ ਅਤੇ ਅਰਥ ਵਿਵਸਥਾ ਨੂੰ ਲੈ ਕੇ ਮੱਧ ਵਰਗ ਦੀ ਚਿੰਤਾ, ਦੇਸ਼ ਨੂੰ ਲੈ ਕੇ ਲੋਕਾਂ ਦੀ ਭਾਵਨਾ ਵਿਚ ਬਦਲਾਅ, ਨਸਲਵਾਦ ਦੇ ਨਾਅਰੇ, ਅਪਰਵਾਸੀਆਂ ਖ਼ਿਲਾਫ਼ ਨਫ਼ਰਤ ਦਾ ਵਾਤਾਵਰਣ ਅਤੇ ਲਿੰਗਕ ਭੇਦਭਾਵ ਪੂਰੀਆਂ ਚੋਣਾਂ ਦੇ ਵਾਤਾਵਰਣ ਵਿਚ ਛਾਇਆ ਰਿਹਾ। ਟਰੰਪ ਨੇ ਖ਼ੁਦ '60 ਮਿੰਟ' ਦੀ ਇੰਟਰਵਿਊ ਵਿਚ ਸਵੀਕਾਰਿਆ ਕਿ ਇਸ ਦੌੜ ਵਿਚ ਸੋਸ਼ਲ ਮੀਡੀਆ ਭੂਮਿਕਾ ਨਿਰਧਾਰਤ ਕਰ ਰਿਹਾ ਹੈ। ਆਖ਼ਰਕਾਰ ਟਰੰਪ ਨੇ ਦੁਨੀਆ ਭਰ ਦੇ ਸਿਆਸੀ ਪੰਡਤਾਂ ਨੂੰ ਝੂਠਾ ਸਿੱਧ ਕਰ ਦਿੱਤਾ। ਇਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਆਨ ਲਾਈਨ ਟੀਮ ਨੂੰ ਛੱਡ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਿਆਸੀ ਵਿਵਸਥਾ ਤੋਂ ਅਲੱਗ ਥਲੱਗ ਕਰ ਦਿੱਤਾ ਗਿਆ ਸੀ। ਨਵੀਂ ਟੈਕਨਾਲੋਜੀ ਵਿਚ ਲੋਕ ਏਨੇ ਸਮਰਥ ਹਨ ਕਿ ਉਨ੍ਹਾਂ ਨੂੰ ਸ਼ਿਕਾਇਤਾਂ ਕਰਨ ਦਾ ਅਧਿਕਾਰ ਹੈ। ਬਰੇਮਰ ਹੁਣ ਕਹਿੰਦੇ ਹਨ-ਜੇਕਰ ਸੋਸ਼ਲ ਮੀਡੀਆ ਅਜਿਹਾ ਨਹੀਂ ਹੁੰਦਾ, ਤਾਂ ਟਰੰਪ ਜਿੱਤ ਨਹੀਂ ਸਨ ਸਕਦੇ। ਫੇਸਬੁੱਕ ਦੀ ਸਭ ਤੋਂ ਡਰਾਉਣੀ ਗੱਲ ਇਹ ਹੈ ਕਿ ਲੋਕ ਉਮੀਦ ਮੁਤਬਕ ਦੁਨੀਆ ਦੇਖਣਾ ਪਸੰਦ ਕਰਦੇ ਹਨ। ਇਹ ਸਮਾਂ ਹੈ ਉਨ੍ਹਾਂ ਸੋਸ਼ਲ ਨੈੱਟਵਰਕਾਂ ਦੀ ਪਛਾਣ ਕਰਨ ਦਾ, ਜੋ ਦੁਨੀਆ ਅੱਡ ਕਰਨ ਵਾਲੀ ਤਾਕਤ ਬਣ ਕੇ ਉਭਰ ਰਹੇ ਹਨ। ਇਸ ਵਿਚ ਹੈਰਾਨੀ ਨਹੀਂ ਕਿ ਅਸੀਂ ਕਲਪਨਾਵਾਂ ਨਾਲ ਭਰੀ ਦੁਨੀਆ ਵਿਚ ਜਿਉ ਰਹੇ ਹਾਂ ਤੇ ਉਸ ਕਲਪਨਾ ਨੂੰ ਸੋਸ਼ਲ ਮੀਡੀਆ ਰਾਹੀਂ ਫ਼ੈਲਾਇਆ ਜਾ ਰਿਹਾ ਹੈ। ਸੋਸ਼ਲ ਨੈੱਟਵਰਕਿੰਗ 'ਤੇ ਅਧਿਐਨ ਕਰਨ ਵਾਲੇ ਨਿਊਯਾਰਕ ਯੂਨੀਵਰਸਿਟੀ ਦੇ ਪ੍ਰੋਫੈਸਰ ਕਲੇ ਸ਼ਿਰਕੀ ਕਹਿੰਦੇ ਹਨ-ਸੋਸ਼ਲ ਨੈੱਟਵਰਕ ਲੋਕਾਂ ਵਿਚਾਲੇ ਹਰ ਤਰ੍ਹਾਂ ਦੇ ਸੰਵਾਦ ਸਾਹਮਣੇ ਰੱਖਦਾ ਹੈ। ਇਸ ਤਰ੍ਹਾਂ ਉਹ ਵੱਧ ਸਮਰੱਥਾਵਾਨ ਬਣਦੇ ਹਨ। 'ਜਦ ਟੈਕਨਾਲੋਜੀ ਉਕਾਊ ਹੋ ਜਾਂਦੀ ਹੈ, ਉਦੋਂ ਸਮਾਜਿਕ ਪ੍ਰਭਾਵ ਰੋਚਕ ਹੋ ਜਾਂਦੇ ਹਨ।' ਆਉਣ ਵਾਲੇ ਦੌਰ ਵਿਚ ਸੰਭਵ ਹੈ ਕਿ ਸਾਨੂੰ ਹੋਰ ਵਧੇਰੇ ਨਾਪਸੰਦ ਉਮੀਦਵਾਰ ਅਤੇ ਨੀਤੀ ਨਿਰਧਾਰਕ ਦੇਖਣ ਨੂੰ ਮਿਲਣ, ਜੋ ਪਹਿਲਾਂ ਕਦੇ ਨਹੀਂ ਹੋਏ। ਦੇਖਣਾ ਹੋਵੇਗਾ ਕਿ ਹੋਣ ਵਾਲੀਆਂ ਅਣਕਿਆਸੀਆਂ ਘਟਨਾਵਾਂ ਤੇ ਉਨ੍ਹਾਂ ਦੇ ਨਤੀਜੇ ਕਿਵੇਂ ਦੇ ਹੋਣਗੇ। ਜ਼ਾਹਰਾ ਤੌਰ 'ਤੇ ਅਸੀਂ ਅਜਿਹੇ ਉਮੀਦਵਾਰ ਹੋਰ ਮਿਲਣ ਵਾਲੇ ਹਨ ਤੇ ਉਨ੍ਹਾਂ ਦੇ ਰੋਚਕ ਸਮਾਜਿਕ ਪ੍ਰਭਾਵ ਵੀ। ਡੋਨਾਲਡ ਟਰੰਪ ਤਾਂ ਆਈਸਬਰਗ ਦਾ ਇਕ ਸਿਰਾ ਮਾਤਰ ਹੈ, ਅੱਗੇ ਦੇ ਰੋਚਕ ਸਮੇਂ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ।

## ਵੱਡੇ ਫ਼ੈਸਲਿਆਂ ਵਿਚ ਸੋਸ਼ਲ ਮੀਡੀਆ ਦੀ ਤੈਅਸ਼ੁਦਾ ਭੂਮਿਕਾ

- ਪਿਛਲੇ ਦਹਾਕੇ ਵਿਚ ਅਸੀਂ ਅਰਬ ਮੁਲਕਾਂ ਵਿਚ ਸੋਸ਼ਲ ਮੀਡੀਆ ਤੋਂ ਪੈਦਾ ਅੰਦੋਲਨ ਦੇਖ ਚੁੱਕੇ ਹਾਂ। ਅਮਰੀਕਾ ਵਿਚ ਵੀ ਉਸੇ ਜ਼ਰੀਏ ਆਕੀਉਪਾਈਡ ਵੱਾਲ ਸਟਰੀਟ ਮੂਵਮੈਂਟ ਅਤੇ ਸਿਆਹਫਾਮਾਂ ਖ਼ਿਲਾਫ਼ ਅਤੇ ਸਮਰਥਨ ਵਿਚ ਪ੍ਰਦਰਸ਼ਨ ਹੋ ਚੁੱਕੇ ਹਨ।
- ਸੋਸ਼ਲ ਨੈੱਟਵਰਕਿੰਗ ਚੁਣ ਰਣਨੀਤੀ ਵਿਚ ਵੀ ਆਪਣੀ ਡੂੰਘੀ ਪੈਠ ਜਮਾ ਚੁੱਕਾ ਹੈ। ਸਾਲ 2003 ਵਿਚ ਹਾਵਰਡ ਡੀਨ ਦੀ ਅਸਫਲ ਉਮੀਦਵਾਰੀ ਅਤੇ ਫਿਰ 2008 ਵਿਚ ਅਮਰੀਕਾ ਦੇ ਪਹਿਲੇ ਅਫ਼ਰੀਕੀ-ਅਮਰੀਕੀ ਰਾਸ਼ਟਰਪਤੀ ਦੀ ਜਿੱਤ।
- ਇਸੇ ਸਾਲ ਬਰਤਾਨੀਆ ਵਿਚ ਫੇਸਬੁੱਕ 'ਤੇ ਚੱਲੀ ਤੈਅਸ਼ੁਦਾ ਮੁਹਿੰਮ ਨੇ ਵੱਡੀ ਭੂਮਿਕਾ ਅਦਾ ਕੀਤੀ। ਕਿਸੇ ਨੇ ਨਹੀਂ ਸੋਚਿਆ ਸੀ ਕਿ ਬਰਤਾਨੀਆ ਕਦੇ ਯੂਰਪੀ ਸੰਘ ਨਾਲੋਂ ਵੱਖ ਹੋਵੇਗਾ।
- ਫਿਲਪਾਈਨਜ਼ ਵਿਚ ਰੋਡ੍ਰਿਗੋ ਦੁਤੇਰਤੇ ਤੇਜ਼ ਤਰਾਰ ਮੇਅਰ ਮੰਨੇ ਜਾਂਦੇ ਸਨ, ਉਹ ਵਿਰੋਧੀਆਂ ਦੇ ਨਿਸ਼ਾਨੇ 'ਤੇ ਹੁੰਦੇ ਹਨ। ਆਨ ਲਾਈਨ ਸਮਰਥਕਾਂ ਦੀ ਭੀੜ ਇਕੱਠੀ ਕਰਨ ਵਿਚ ਉਹ ਕਾਮਯਾਬ ਰਹੇ ਤੇ ਇਸੇ ਤੋਂ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਪਹੁੰਚਣ ਵਿਚ ਮਦਦ ਮਿਲੀ।
- ਅਮਰੀਕਾ ਵਿਚ ਕੁਝ ਹੀ ਮਹੀਨੇ ਪਹਿਲਾਂ ਪਾਰਟੀ ਨੇਤਾਵਾਂ ਨੇ ਡੋਨਾਲਡ ਟਰੰਪ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਅੱਜ ਟਰੰਪ ਉਸੇ ਪਾਰਟੀ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੇ ਸਮਰਥਕਾਂ ਨੇ ਆਨ ਲਾਈਨ ਮੁਹਿੰਮ 'ਤੇ ਭਰੋਸਾ ਪ੍ਰਗਟਾਇਆ ਤੇ ਅਮਰੀਕੀ ਸਿਆਸਤ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਦਿੱਤੀ।

**ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ**



# ਟਰੰਪ ਦਾ ਜਿੱਤਣਾ ਬਹੁਤ ਕੁਝ ਬ੍ਰੇਗਜ਼ਿਟ ਜਿਹਾ

**ਟਰੰਪ ਹਿਟਲਰ ਵਾਂਗ ਹਨ। ਇਸੇ ਵਰਣਵਾਦ ਨੇ ਹਿਟਲਰ ਨੂੰ ਸੱਤਾ ਦਿੱਤੀ ਸੀ। ਹਿਟਲਰ ਦੀ ਤਰ੍ਹਾਂ ਟਰੰਪ ਵੀ ਹਜ਼ਾਰਾਂ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਚਾਹੁੰਦੇ ਹਨ। ਹਿਟਲਰ ਜਰਮਨੀ ਦੀਆਂ ਸਮੱਸਿਆਵਾਂ ਲਈ ਯਹੂਦੀਆਂ ਨੂੰ ਜ਼ਿੰਮੇਵਾਰ ਦੱਸਦੇ ਸਨ। ਇਵੇਂ ਹੀ ਟਰੰਪ ਅਮਰੀਕਾ ਦੀ ਸਮੱਸਿਆਵਾਂ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਦੱਸਦੇ ਹਨ। ਹਿਟਲਰ ਯਹੂਦੀ-ਵਿਰੋਧੀ ਸਨ, ਤਾਂ ਟਰੰਪ ਮੁਸਲਿਮ ਵਿਰੋਧੀ ਹਨ। ਹਿਟਲਰ ਜਰਮਨੀ ਨੂੰ ਨਸਲਵਾਦੀ ਆਕਾਰ ਦੇਣਾ ਚਾਹੁੰਦੇ ਸਨ, ਟਰੰਪ ਵੀ ਇਕ ਅਜਿਹਾ ਅਮਰੀਕਾ ਬਣਾਉਣਾ ਚਾਹੁੰਦੇ ਹਨ, ਜਿਸ 'ਚ ਸਿਰਫ ਗੋਰੇ ਰਹਿਣ।**

**ਤਸਲੀਮਾ ਨਸਰੀਨ**

ਅਮਰੀਕਾ ਚੋਣਾਂ 'ਚ ਮੈਂ ਬਰਨੀ ਸੈਂਡਰਸ ਦਾ ਸਮਰੱਥਨ ਕੀਤਾ ਸੀ। ਪਰ ਬਰਨੀ ਦੇ ਚੋਣ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਮੈਂ ਚਾਹੁੰਦੀ ਸੀ ਕਿ ਹਿਲੇਰੀ ਕਲਿੰਟਨ ਜਿੱਤਣ। ਇਸ ਦਾ ਕਾਰਨ ਇਹ ਨਹੀਂ ਹੈ ਕਿ ਮੈਂ ਹਿਲੇਰੀ ਦੀ ਸਮਰਥੱਕ ਸੀ। ਅਸਲ 'ਚ ਡੋਨਾਲਡ ਟਰੰਪ ਨੂੰ ਕਿਸੇ ਵੀ ਕੀਮਤ 'ਤੇ ਜਿੱਤਦਿਆਂ ਨਹੀਂ ਵੇਖਣਾ ਚਾਹੁੰਦੀ ਸੀ। ਪਰ ਮੇਰੇ ਜਿਹੇ ਕਈ ਲੋਕਾਂ ਨੂੰ ਹੈਰਾਨ ਕਰਦਿਆਂ ਟਰੰਪ ਜਿੱਤ ਗਏ। ਟਰੰਪ ਦਾ ਜਿੱਤਣਾ ਬਹੁਤ ਕੁੱਝ ਬ੍ਰੇਗਜ਼ਿਟ ਜਿਹਾ ਹੈ। ਵੋਟਰ ਸਮਝ ਨਹੀਂ ਸਕੇ ਕਿ ਉਨ੍ਹਾਂ ਨੇ ਕਿਸ ਨੂੰ ਵੋਟ ਦਿੱਤਾ ਹੈ ਅਤੇ ਜਦੋਂ ਤਕ ਨਤੀਜਾ ਆਇਆ ਉਦੋਂ ਤਕ ਬਹੁਤ ਕੁੱਝ ਬਦਲ ਚੁੱਕਾ ਸੀ।

ਟਰੰਪ ਦੀ ਜਿੱਤ ਤੋਂ ਬਾਅਦ ਕਈ ਅਮਰੀਕੀ ਸ਼ਹਿਰਾਂ 'ਚ ਵਿਰੋਧ ਦੇ ਜਲੂਸ ਕੱਢੇ ਅਤੇ ਲੋਕਾਂ ਨੇ ਕਿਹਾ ਕਿ ਟਰੰਪ ਉਨ੍ਹਾਂ ਦੇ ਰਾਸ਼ਟਰਪਤੀ ਨਹੀਂ ਹਨ। ਬੇਸ਼ੱਕ ਚੋਣ ਨਤੀਜਿਆਂ 'ਚ ਡੈਮੋਕ੍ਰੇਟਿਕ ਪਾਰਟੀ ਦੀਆਂ ਕੁਝ ਕਮਜ਼ੋਰੀਆਂ ਵੀ ਸਾਹਮਣੇ ਆਈਆਂ ਹਨ, ਨਹੀਂ ਤਾਂ ਜਿਨ੍ਹਾਂ ਇਲਾਕਿਆਂ 'ਚ ਉਹ ਮਜ਼ਬੂਤ ਸਨ, ਉਥੋਂ ਕਿਵੇਂ ਹਾਰ ਮਿਲੀ। ਹਿਲੇਰੀ ਦੀ ਜਿੱਤ ਅਮਰੀਕਾ ਲਈ ਬੇਸ਼ੱਕ ਇਤਿਹਾਸਕ ਘਟਨਾ ਵਜੋਂ ਸਾਹਮਣੇ ਆਉਂਦੀ, ਪਰ ਚੋਣ 'ਚ ਖ਼ੁਦ ਹਿਲੇਰੀ ਦੀਆਂ ਕਮੀਆਂ ਵੀ ਸਾਹਮਣੇ ਆਈਆਂ। ਇਸ ਤੋਂ ਇਲਾਵਾ ਵੀ ਕੁੱਝ ਘਟਨਾਵਾਂ ਨੇ ਟਰੰਪ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ। ਜਿਵੇਂ, ਬਰਨੀ ਦੇ ਕਈ ਸਮਰਥਕਾਂ ਨੇ ਇਹ ਸੋਚ ਕੇ ਵੋਟ ਨਹੀਂ ਦਿੱਤੇ ਕਿ ਹਿਲੇਰੀ ਤਾਂ ਜਿੱਤ ਹੀ ਰਹੀ ਹੈ। ਇਸੇ ਤਰ੍ਹਾਂ ਡੈਮੋਕ੍ਰੇਟਿਕ ਪਾਰਟੀ ਦੇ ਉਨ੍ਹਾਂ ਸਮਰਥਕਾਂ ਨੇ, ਜਿਨ੍ਹਾਂ ਨੂੰ ਹਿਲੇਰੀ ਪਸੰਦ ਨਹੀਂ ਸੀ, ਇਹ ਸੋਚ ਕੇ ਗ੍ਰੀਨ ਪਾਰਟੀ ਨੂੰ ਵੋਟਾਂ ਦਿੱਤੀਆਂ ਕਿ ਉਨ੍ਹਾਂ ਦੀ ਪਾਰਟੀ ਤਾਂ ਸੱਤਾ 'ਚ ਆ ਹੀ ਰਹੀ ਹੈ। ਇਹ ਸਾਰੇ ਲੋਕ ਹੁਣ ਹੈਰਾਨ-ਪ੍ਰੇਸ਼ਾਨ ਹਨ।

ਬਾਕੀ ਸਫ਼ਾ 30 'ਤੇ

## ਬਚਪਨ 'ਚ ਆਏ ਸੀ ਅਮਰੀਕਾ, ਹੁਣ 'ਜਲਾਵਤਨੀ' ਦਾ ਡਰ

**ਜੂਲੀਆ ਪ੍ਰੇਸਟਨ ਅਤੇ ਜੈਨੀਫਰ ਮੇਡੀਨਾ**

ਅਮਰੀਕਾ ਵਿਚ ਡੋਨਾਲਡ ਟਰੰਪ ਦੇ ਜਿੱਤਣ ਮਗਰੋਂ ਉਨ੍ਹਾਂ ਨੌਜਵਾਨਾਂ ਵਿਚ ਜ਼ਿਆਦਾ ਡਰ ਹੈ, ਜੋ ਕਾਫ਼ੀ ਸਮਾਂ ਪਹਿਲਾਂ ਅਮਰੀਕਾ ਆ ਗਏ ਸਨ। ਉਨ੍ਹਾਂ ਨੂੰ ਹਾਲੇ ਪਤਾ ਨਹੀਂ ਹੈ ਕਿ ਅੱਗੇ ਕੀ ਹੋਵੇਗਾ, ਪਰ ਕੱਢੇ ਜਾਣ ਦਾ ਡਰ ਜ਼ਰੂਰ ਹੈ।

ਵੈਨਜ਼ੁਏਲਾ ਦੇ ਕਾਰਲੋਸ ਰੋਆ (29) ਬਚਪਨ ਵਿਚ ਅਮਰੀਕਾ ਲਿਆਂਦੇ ਗਏ ਸਨ। ਉਹ ਪਹਿਲੇ ਅਜਿਹੇ ਗੈਰ ਕਾਨੂੰਨੀ ਨੌਜਵਾਨ ਪਰਵਾਸੀ ਸਨ, ਜਿਨ੍ਹਾਂ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਦੇ 2012 ਵਿਚ ਸ਼ੁਰੂ ਵਿਸ਼ੇਸ਼ ਪ੍ਰੋਗਰਾਮ 'ਡੇਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼' (ਡੀ.ਏ.ਸੀ.ਏ.) ਦੇ ਤਹਿਤ ਅਮਰੀਕਾ ਵਿਚ ਰਹਿਣ ਦੀ ਆਗਿਆ ਮਿਲੀ ਸੀ। ਇਹ ਪ੍ਰੋਗਰਾਮ ਬਹੁਤ ਮਸ਼ਹੂਰ ਹੈ। ਉਦੋਂ ਤੋਂ ਕਾਰਲੋਸ ਕਾਲਜ ਵਿਚ ਪੜ੍ਹਦੇ ਰਹੇ ਅਤੇ ਹੁਣ ਸ਼ਿਕਾਗੋ ਵਿਚ ਆਰਕੀਟੈਕਟ ਦੀ ਸਿਖਲਾਈ ਲੈ ਰਹੇ ਹਨ। ਕਾਰਲੋਸ ਵਰਗੇ 7 ਲੱਖ 50 ਹਜ਼ਾਰ ਪਰਵਾਸੀਆਂ ਨੂੰ ਡੀ.ਏ.ਸੀ.ਏ. ਪ੍ਰੋਗਰਾਮ ਦਾ ਲਾਭ ਮਿਲਦਾ ਹੈ, ਉਹ ਚੋਣਾਂ ਵਿਚ ਟਰੰਪ ਦੇ ਜਿੱਤਣ ਮਗਰੋਂ ਨਿਰਾਸ਼ ਹਨ। ਉਨ੍ਹਾਂ ਨੂੰ ਤਰੱਕੀ ਵਿਚ ਪਛਾੜਨ, ਜੇਲ੍ਹ ਵਿਚ ਸੁੱਟਣ ਜਾਂ ਅਮਰੀਕਾ ਤੋਂ ਕੱਢੇ ਜਾਣ ਦਾ ਡਰ ਸਤਾ ਰਿਹਾ ਹੈ। ਚੋਣ ਰੈਲੀਆਂ ਵਿਚ ਟਰੰਪ ਨੇ ਵਾਅਦਾ ਕੀਤਾ ਸੀ ਕਿ ਉਹ ਡੀ.ਏ.ਸੀ.ਏ. ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨਗੇ, ਜਿਸ ਵਿਚ ਨੌਜਵਾਨ ਪੇਸ਼ੇਵਰ ਵੀ ਸ਼ਾਮਲ ਹਨ।

ਜ਼ਿਆਦਾਤਰ ਅਮਰੀਕੀ ਯੂਨੀਵਰਸਿਟੀਆਂ ਅਤੇ ਸ਼ਹਿਰੀ ਪ੍ਰਸ਼ਾਸਨ ਨੂੰ ਮਨੁੱਖੀ ਅਧਿਕਾਰ ਸੰਗਠਨਾਂ ਦਾ ਸਮਰਥਨ ਹੈ। ਉਨ੍ਹਾਂ ਦੀ ਕੋਸ਼ਿਸ਼ ਲੱਖਾਂ ਪਰਵਾਸੀਆਂ ਨੂੰ ਸੁਰੱਖਿਆ ਦੇਣ ਅਤੇ ਉਨ੍ਹਾਂ ਨੂੰ ਅਮਰੀਕਾ ਵਿਚ ਬਣਾਏ ਰੱਖਣ ਦੀ ਹੈ। ਉਨ੍ਹਾਂ ਵਿਚ ਹਜ਼ਾਰਾਂ ਅਜਿਹੇ ਹਨ, ਜੋ ਬਚਪਨ ਵਿਚ ਕਿਸੇ ਦੇ ਨਾਲ ਅਮਰੀਕਾ ਆ ਗਏ ਸਨ। ਹੁਣ ਉਨ੍ਹਾਂ ਨੇ ਇਕਜੁਟ ਹੋ ਕੇ ਡੀ.ਏ.ਸੀ.ਏ. ਪ੍ਰੋਗਰਾਮ ਰੱਦ ਹੋਣ ਤੋਂ ਬਚਾਉਣ

ਬਾਕੀ ਸਫ਼ਾ 30 'ਤੇ

# ਗੁਪਤ ਖ਼ੁਲਾਸੇ ਕਰਨ ਵਾਲੀ ਕੰਪਨੀ ਦਾ ਸੰਸਾਰ ਨੂੰ ਖੁੱਲ੍ਹਾ ਖ਼ਤ

### *ਕੀ ਦੁਨੀਆ ਨੂੰ ਵਾਕਿਆ ਹੀ ਹੈ ਵਿਕੀਲੀਕਜ਼ ਦੀ ਜ਼ਰੂਰਤ ?*

**ਸਾਰਾ ਹੈਰੀਸਨ, ਵਿਕੀਲੀਕਜ਼ ਦੀ ਸੰਪਾਦਕ**

ਮੈਂ ਇਸ ਵਕਤ ਬਰਲਿਨ ਵਿਚ ਹਾਂ ਤੇ ਆਪਣੀ ਗੱਲ ਦੁਨੀਆ ਸਾਹਮਣੇ ਰੱਖ ਰਹੀ ਹਾਂ। ਮੈਂ ਇਹ ਜਾਣਨ ਦੀ ਕੋਸ਼ਿਸ ਕਰ ਰਹੀ ਹਾਂ ਕਿ ਕੀ ਦੁਨੀਆ ਨੂੰ ਵਾਕਿਆ ਹੀ ਵਿਕੀਲੀਕਸ ਦੀ ਜ਼ਰੂਰਤ ਹੈ ? ਮੇਰੀ ਸੰਸਥਾ ਨੂੰ ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ। ਸਾਡੇ 'ਤੇ ਦੋਸ਼ ਲੱਗੇ ਹਨ ਕਿ ਡੋਨਾਲਡ ਟਰੰਪ ਦੀ ਉਮੀਦਵਾਰੀ ਨੂੰ ਅਸੀਂ ਵਧਾ-ਚੜ੍ਹਾ ਕੇ ਪੇਸ਼ ਕੀਤਾ। ਅਸੀਂ ਜਾਣ-ਬੁਝ ਕੇ ਹਿਲੇਰੀ ਕਲਿੰਟਨ ਦੇ ਪ੍ਰਚਾਰ ਨਾਲ ਜੁੜੀਆਂ ਤਥਾਤਮਕ ਜਾਣਕਾਰੀਆਂ ਜਨਤਕ ਕੀਤੀਆਂ।

ਓਬਾਮਾ ਦਾ ਜਸਟਿਸ ਵਿਭਾਗ 6 ਸਾਲ ਤੋਂ ਵਿਕੀਲੀਕਸ ਖ਼ਿਲਾਫ਼ ਅਪਰਾਧਿਕ ਜਾਂਚ ਵਿਚ ਲੱਗਾ ਹੈ। ਦੋਸ਼ ਹਨ ਕਿ ਅਸੀਂ ਇਰਾਕ-ਅਫ਼ਗਾਨਿਸਤਾਨ ਯੁੱਧ, ਗੁਏਂਤੇਨਾਮੋ ਜੇਲ੍ਹ ਅਤੇ ਹਿਲੇਰੀ ਕਲਿੰਟਨ ਦੇ ਵਿਦੇਸ਼ ਮੰਤਰੀ ਕਾਰਜਕਾਲ ਨਾਲ ਜੁੜੇ ਗੁਪਤ ਦਸਤਾਵੇਜ਼ ਅਤੇ ਜਾਣਕਾਰੀਆਂ ਜਨਤਕ ਕੀਤੀਆਂ। ਐਫ.ਬੀ.ਆਈ. ਏਜੰਟ ਤੋਂ ਪਤਾ ਚੱਲਿਆ ਕਿ ਉਨ੍ਹਾਂ ਦੇ ਦਾਇਰੇ ਵਿਚ ਵਿਕੀਲੀਕਸ ਦੇ ਕਈ ਸੰਸਥਾਪਕ, ਸੰਚਾਲਕ ਤੇ ਪ੍ਰਬੰਧਕ ਸ਼ਾਮਲ ਹਨ। ਪਿਛਲੇ ਮਹੀਨੇ ਮੁੱਖ ਸੰਪਾਦਕ ਜੂਲੀਅਨ ਅਸਾਂਜੇ (ਲੰਬੇ ਸਮੇਂ ਤੋਂ ਲੰਡਨ ਸਥਿਤ ਇਕਵਾਡੋਰ ਦੇ ਦੂਤਵਾਸ ਵਿਚ ਸ਼ਰਨ ਲੈ ਕੇ ਰਹਿ ਰਹੇ ਹਨ) ਦਾ ਇੰਟਰਨੈੱਟ ਕਨੈਕਸ਼ਨ ਕੱਟ ਦਿੱਤਾ ਗਿਆ। ਹਿਲੇਰੀ ਕਲਿੰਟਨ 'ਤੇ ਮੈਂ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਵਿਕੀਲੀਕਸ ਦਾ ਸਟਾਫ਼ ਆਪਣੇ ਮੁੱਖ ਸੰਪਾਦਕ ਅਸਾਂਜੇ ਦੇ ਆਦੇਸ਼ਾਂ ਦਾ ਪਾਲਣ ਕਰਦਾ ਹੈ ਤੇ ਕਰਦਾ ਰਹੇਗਾ।

ਵਾਸ਼ਿੰਗਟਨ ਤੋਂ ਦਬਾਅ ਵਧਣ ਦੇ ਬਾਵਜੂਦ ਅਸੀਂ ਲਗਾਤਾਰ ਆਮ ਲੋਕਾਂ ਦੇ ਹਿਤਾਂ ਨਾਲ ਜੁੜੀਆਂ ਜਾਣਕਾਰੀਆਂ ਪ੍ਰਕਾਸ਼ਤ ਕਰਦੇ ਰਹਾਂਗੇ। ਇਹ ਸਾਡੇ ਕੰਮ ਦਾ ਹਿੱਸਾ ਹੈ। ਮੌਜੂਦਾ ਇਹ ਦੁਨੀਆ ਕਈ ਸ਼ਕਤੀਆਂ ਨਾਲ ਘਿਰੀ ਹੈ। ਉਸ ਵਿਚ ਦੇਸ਼, ਉਦਯੋਗ, ਸਿਆਸੀ ਦਲ, ਕਾਰਪੋਰੇਟਸ ਤੇ ਕਈ ਤਰ੍ਹਾਂ ਦੀਆਂ ਸੰਸਥਾਵਾਂ ਹਨ। ਇਨ੍ਹਾਂ ਸਾਰਿਆਂ ਵਿਚਾਲੇ ਵਿਕੀਲੀਕਸ ਰੌਸ਼ਨੀ ਵਾਂਗ ਹੈ, ਜੋ ਨਾ ਸਿਰਫ਼ ਵਿਅਕਤੀਗਤ ਘਟਨਾ ਜਾਂ ਵਿਅਕਤੀ

ਬਾਕੀ ਸਫ਼ਾ 30 'ਤੇ

## ਮਾਣਹਾਨੀ ਮਾਮਲਾ : ਅਰਵਿੰਦ ਕੇਜਰੀਵਾਲ ਅਤੇ ਸਾਥੀਆਂ ਖ਼ਿਲਾਫ਼ ਦੋਸ਼ ਆਇਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਮਾਣਹਾਨੀ ਮਾਮਲੇ ਵਿੱਚ ਅਦਾਲਤ ਨੇ 'ਆਪ' ਮੁਖੀ ਅਰਵਿੰਦ ਕੇਜਰੀਵਾਲ ਤੇ ਉਸ ਦੇ ਦੋ ਸਾਥੀਆਂ ਖ਼ਿਲਾਫ਼ ਦੋਸ਼ ਆਇਦ ਕੀਤੇ। ਇਸ ਮਾਮਲੇ ਦੀ ਅਗਲੀ ਸੁਣਵਾਈ 4 ਜਨਵਰੀ ਨੂੰ ਤੈਅ ਕੀਤੀ ਗਈ ਹੈ। ਇਸ ਮਾਮਲੇ ਵਿੱਚ ਸ੍ਰੀ ਕੇਜਰੀਵਾਲ ਸਮੇਤ ਸੰਜੈ ਸਿੰਘ ਅਤੇ ਅਸ਼ੀਸ਼ ਖੇਤਾਨ ਦੇ ਨਾਂ ਵੀ ਸ਼ਾਮਲ ਹਨ।

ਦੋਵਾਂ ਧਿਰਾਂ ਦਾ ਪੱਖ ਸੁਣਨ ਮਗਰੋਂ ਅਦਾਲਤ ਨੇ ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਆਈਪੀਸੀ ਦੀ ਧਾਰਾ 501 ਤੇ 34 ਤਹਿਤ ਦੋਸ਼ ਤੈਅ ਕੀਤੇ ਹਨ। ਭਾਵੇਂ ਸ੍ਰੀ ਕੇਜਰੀਵਾਲ ਤੇ ਉਨ੍ਹਾਂ ਦੇ ਸਾਥੀ ਅਦਾਲਤ ਵਿੱਚ ਹਾਜ਼ਰ ਨਹੀਂ ਸਨ ਪਰ ਇਸ ਸਬੰਧੀ ਇਕ ਪੱਤਰ ਉਨ੍ਹਾਂ ਦੇ ਵਕੀਲ ਨੂੰ ਸੌਂਪਿਆ ਗਿਆ। ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਹ ਸਿਆਸੀ ਰੁਝੇਵਿਆਂ ਕਾਰਨ ਨਹੀਂ ਪੁੱਜ ਸਕੇ ਅਤੇ ਅਗਲੀ ਪੇਸ਼ੀ ਸਮੇਂ ਹਾਜ਼ਰ ਹੋਣਗੇ। ਅਦਾਲਤ ਨੇ ਪੇਸ਼ੀ ਤੋਂ ਇਕ ਦਿਨ ਦੀ ਛੋਟ ਦੇ ਦਿੱਤੀ। ਅਦਾਲਤੀ ਕਾਰਵਾਈ ਮਗਰੋਂ ਪ੍ਰੈੱਸ ਕਾਨਫਰੰਸ ਵਿੱਚ ਸ੍ਰੀ ਮਜੀਠੀਆ ਨੇ ਦੱਸਿਆ ਕਿ ਦੋਸ਼ ਆਇਦ ਹੋਣ ਮਗਰੋਂ ਸ੍ਰੀ ਕੇਜਰੀਵਾਲ ਨੂੰ ਨੈਤਿਕ ਆਧਾਰ 'ਤੇ ਦਿੱਲੀ ਦਾ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ ਅਤੇ ਉਨ੍ਹਾਂ ਨੂੰ ਅਸਤੀਫ਼ਾ ਦੇ ਕੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਆਗੂ ਅਦਾਲਤੀ ਕਾਰਵਾਈ ਲਟਕਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਦੀ ਗੈਰ ਹਾਜ਼ਰੀ ਇਸੇ ਦਿਸ਼ਾ ਵਿੱਚ ਇਕ ਕਦਮ ਹੈ। ਜੇ ਸ੍ਰੀ ਕੇਜਰੀਵਾਲ ਨੂੰ ਕਾਨੂੰਨ ਵਿੱਚ ਵਿਸ਼ਵਾਸ ਹੈ ਤਾਂ ਉਹ ਕੇਸ ਦੀ ਕਾਰਵਾਈ ਨਿੱਤ ਦਿਨ ਚਲਾਉਣ ਦੀ ਅਰਜ਼ੀ ਦੇਵੇ ਤਾਂ ਜੋ ਇਹ ਮਾਮਲਾ ਕੁਝ ਦਿਨਾਂ ਵਿੱਚ ਹੀ ਖ਼ਤਮ ਹੋ ਜਾਵੇ ਅਤੇ ਲੋਕਾਂ ਸਾਹਮਣੇ ਸਚਾਈ ਆ ਸਕੇ। ਸ੍ਰੀ ਮਜੀਠੀਆ ਨੇ ਆਖਿਆ ਕਿ 'ਆਪ' ਦੇ ਸਿਧਾਂਤਾਂ ਮੁਤਾਬਕ ਅਪਰਾਧੀ ਪਿਛੋਕੜ ਅਤੇ ਭ੍ਰਿਸ਼ਟਾਚਾਰ ਦਾ ਦੋਸ਼ੀ ਕੋਈ ਵੀ ਵਿਅਕਤੀ ਪਾਰਟੀ ਦਾ ਮੈਂਬਰ ਨਹੀਂ ਬਣ ਸਕਦਾ ਪਰ ਇਸ ਵੇਲੇ ਸ੍ਰੀ ਕੇਜਰੀਵਾਲ ਤੇ ਉਸ ਦੇ ਸਾਥੀਆਂ ਖ਼ਿਲਾਫ਼ ਕਈ ਅਜਿਹੇ ਮਾਮਲੇ ਦਰਜ ਹਨ ਪਰ ਇਸ ਦੇ ਬਾਵਜੂਦ ਉਹ ਪਾਰਟੀ ਵਿੱਚ ਬਣੇ ਹੋਏ ਹਨ।

# ਜਸਜੀਤ ਸਿੰਘ ਜੰਮੂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਗਾਈ


ਕੇਂਦਰੀ ਸਿੱਖ ਅਜਾਇਬ ਘਰ ਵਿੱਚ ਜਸਜੀਤ ਸਿੰਘ ਦੀ ਤਸਵੀਰ ਤੋਂ ਪਰਦਾ ਹਟਾਉਣ ਦਾ ਦ੍ਰਿਸ਼।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੰਮੂ ਵਿੱਚ 4 ਜੂਨ 2015 ਨੂੰ ਪੁਲੀਸ ਵੱਲੋਂ ਚਲਾਈ ਗਈ ਗੋਲੀ ਨਾਲ ਮਾਰੇ ਗਏ ਸਿੱਖ ਨੌਜਵਾਨ ਜਸਜੀਤ ਸਿੰਘ ਜੰਮੂ ਨੂੰ ਸ਼੍ਰੋਮਣੀ ਕਮੇਟੀ ਨੇ ਸ਼ਹੀਦ ਕਰਾਰ ਦਿੰਦਿਆਂ ਉਸ ਦੀ ਤਸਵੀਰ ਇੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਈ ਗਈ। ਇਸ ਸਬੰਧੀ ਫ਼ੈਸਲਾ ਅੰਤ੍ਰਿੰਗ ਕਮੇਟੀ ਵੱਲੋਂ ਕੀਤਾ ਗਿਆ ਸੀ।

ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਭਾਈ ਰਾਮ ਸਿੰਘ ਅੰਤ੍ਰਿੰਗ ਕਮੇਟੀ ਮੈਂਬਰ ਨੇ ਨਿਭਾਈ। ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਤੇ ਅਰਦਾਸ ਭਾਈ ਰਾਜਦੀਪ ਸਿੰਘ ਨੇ ਕੀਤੀ। ਤਸਵੀਰ ਤੋਂ ਪਰਦਾ ਹਟਾਉਣ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸਮੇਂ ਕੀਤੇ ਗਏ ਫ਼ੈਸਲੇ ਅਨੁਸਾਰ ਜਸਜੀਤ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜਸਜੀਤ ਸਿੰਘ ਨੇ ਛੋਟੀ ਉਮਰ ਵਿੱਚ ਵੱਡੀ ਕੁਰਬਾਨੀ ਦਿੱਤੀ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਦੀ ਤਸਵੀਰ ਲੱਗੇ ਇਸ਼ਤਿਹਾਰ ਨੂੰ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਪਾੜ ਦਿੱਤਾ ਸੀ, ਜਿਸ ਖ਼ਿਲਾਫ਼ ਨੌਜਵਾਨਾਂ ਨੇ ਸ਼ਾਂਤਮਈ ਢੰਗ ਨਾਲ ਰੋਸ ਮਾਰਚ ਕੀਤਾ। ਇਨ੍ਹਾਂ ਨੌਜਵਾਨਾਂ 'ਤੇ ਪੁਲੀਸ ਦੇ ਅੰਨ੍ਹੇਵਾਹ ਗੋਲੀ ਚਲਾਈ ਅਤੇ ਇਸ ਵਿੱਚ ਜਸਜੀਤ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਜੋ ਸਿੱਖ ਕੌਮ ਵਾਸਤੇ ਕੁਝ ਕਰਕੇ ਜਾਂਦੇ ਹਨ, ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਵਾਸਤੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਮੌਕੇ ਜਸਜੀਤ ਸਿੰਘ ਦੇ ਪਿਤਾ ਨਰਵੀਰ ਸਿੰਘ, ਮਾਤਾ ਰਾਜ ਕੌਰ ਤੇ ਸਿੱਖ ਨੌਜਵਾਨ ਸਭਾ ਸਿੰਬਲ ਕੈਂਪ ਜੰਮੂ ਦੇ ਪ੍ਰਧਾਨ ਅਜਮੀਤ ਸਿੰਘ ਤੇ ਨਾਲ ਆਏ ਮੈਂਬਰਾਂ ਨੂੰ ਸਿਰੋਪਾ ਦਿੱਤਾ ਗਿਆ।

# ਪੰਜਾਬੀ ਸਾਹਿਤ ਅਕਾਦਮੀ ਨਿਊਯਾਰਕ ਦੀ ਮਾਸਿਕ ਬੈਠਕ



**ਨਿਊਯਾਰਕ/ਬਿਊਰੋ ਨਿਊਜ਼:**
ਪੰਜਾਬੀ ਸਾਹਿਤ ਅਕਾਦਮੀ ਨਿਊਯਾਰਕ ਦੀ ਮਾਸਿਕ ਬੈਠਕ ਬੀਤੇ ਸਨਿਚਰਵਾਰ 19 ਨਵੰਬਰ ਨੂੰ ਪ੍ਰਗਟ ਸਿੰਘ ਪੰਜਾਬੀ ਦੇ ਘਰ ਹੋਈ। ਸਭ ਤੋਂ ਪਹਿਲਾਂ ਬੀਬੀ ਜਗਦੀਸ਼ ਕੌਰ ਸੁਪਤਨੀ ਪ੍ਰਗਟ ਸਿੰਘ, ਜੋ ਕੁਝ ਮਹੀਨੇ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਦੀ ਯਾਦ ਵਿਚ ਦੋ ਮਿੰਟ ਦੀ ਚੁੱਪ ਰਖ ਕੇ ਬੀਬੀ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ।

ਸ਼ੁਰੂ ਵਿਚ ਉਂਕਾਰ ਸਿੰਘ ਡੁਮੇਲੀ ਨੇ 'ਵਟਸ ਐਪ' ਤੇ ਪ੍ਰਚਲਤ ਕਹਾਣੀ ਬਟੂਆ ਨੂੰ ਆਪਣੇ ਹੀ ਅੰਦਾਜ਼ ਵਿਚ ਪੇਸ਼ ਕੀਤਾ। ਉਸ ਤੋਂ ਬਾਅਦ ਅਮਰਜੀਤ ਸਿੰਘ ਨੇ ਇਕ ਕਹਾਣੀ ਸੁਣਾਈ ਤਦ ਸ਼ਾਇਰੀ ਦੇ ਦੌਰ ਵਿਚ ਰਜਿੰਦਰ ਜਿੰਦ ਨੇ ਦੋ ਗਜ਼ਲਾਂ ਪੜ੍ਹੀਆਂ। ਬਲਬੀਰ ਡੁਮੇਲੀ ਨੇ ਪੰਦਰਾਂ ਦੋਹੇ ਅਤੇ ਇਕ ਗਜ਼ਲ ਸੁਣਾਈ। ਜਸਵੀਰ ਸਿੰਘ ਡੁਮੇਲੀ ਨੇ ਸਿੱਖੀ ਧਰਮ ਦੇ ਲੰਮੇ ਇਤਿਹਾਸ ਨੂੰ ਪੇਸ਼ ਕਰਦੀ ਇਕ ਵੱਡੀ ਕਵਿਤਾ ਸੁਣਾਈ। ਬਆਦ ਵਿਚ ਡਾ ਰਾਮ ਜੀ ਦਾਸ ਸੇਠੀ, ਤਰਲੋਕ ਬੀਰ, ਮਨਮੋਹਨ ਭੱਲਾ ਤੇ ਉਂਕਾਰ ਸਿੰਘ ਡੁਮੇਲੀ ਨੇ ਆਪਣੀਆਂ ਆਪਣੀਆਂ ਕਵਿਤਾਵਾਂ ਪੜ੍ਹੀਆਂ। ਰੇਸ਼ਮ ਸਿੰਘ ਨੇ ਸ਼ਿਵ ਕੁਮਾਰ ਬਟਾਲਵੀ ਦੀ ਗੁਰੂ ਗੋਬਿੰਦ ਸਿੰਘ ਤੇ ਲਿਖੀ ਇਕ ਕਵਿਤਾ ਸੁਣਾਈ। ਜਸਵਿੰਦਰ ਸਿੰਘ 'ਲਾਲਾ' ਨੇ ਰੋਜ਼ਾਨਾ ਜ਼ਿੰਦਗੀ ਦੀਆਂ ਕਈ ਘਟਨਾਵਾਂ ਨੂੰ ਲਤੀਫ਼ੇ ਰੰਗੀ ਲੈਅ ਵਿਚ ਪੇਸ਼ ਕੀਤਾ ਜਿਸ ਦਾ ਸਾਰਿਆਂ ਨੇ ਬੜਾ ਆਨੰਦ ਮਾਣਿਆ।

ਅਖੀਰ ਵਿਚ ਸੰਗੀਤ ਦਾ ਪ੍ਰੋਗਰਾਮ ਸੀ ਜਿਸ ਵਿਚ ਕਾਕਾ ਜੁਝਾਰ ਸਿੰਘ, ਪ੍ਰਗਟ ਸਿੰਘ ਦਾ ਪੋਤਾ ਹੈ, ਨੇ ਤਬਲੇ ਤੇ ਆਪਣੇ ਜੌਹਰ ਦਿਖਾਏ। ਉਸ ਨਾਲ ਹਰਮੋਨੀਅਮ ਜਗਜੀਤ ਸਿੰਘ ਨੇ ਵਜਾਇਆ। ਜਗਦੀਸ ਸਿੰਘ ਨੇ ਸਿਤਾਰ ਦੇ ਇਕ ਰਾਨ ਅਤੇ ਕੁਝ ਧੁਨਾਂ ਵਜਾ ਕੇ ਸਾਰੇ ਹਾਜਰ ਸੱਜਣਾਂ ਦਾ ਦਿਲ ਮੋਹ ਲਿਆ। ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਗਟ ਸਿੰਘ ਗੁਰੂ ਨਾਨਕ ਦੇਵ ਜੀ ਦੇ ਨਾਲ ਚੱਲੀ ਰਬਾਬ ਦੀ ਇਤਿਹਾਸਕ ਜਾਣਕਾਰੀ ਬੜੇ ਹੀ ਸੰਵੇਦਨਾ ਭਰੇ ਸ਼ਬਦਾਂ ਵਿਚ ਦਿੱਤੀ। ਇਕ ਕਵਿਤਾ 'ਮੇਰੇ ਇਸ਼ਕ ਦੀ ਗਲ...' ਬੜੇ ਵਧੀਆ ਅੰਦਾਜ਼ ਵਿਚ ਸੁਣਾਈ ਅਤੇ ਸਾਰੇ ਆਇਆਂ ਸੱਜਣਾਂ ਦਾ ਦਿਲੋਂ ਧੰਨਵਾਦ ਕੀਤਾ। ਸ਼ਾਇਰ ਸੱਜਣਾਂ ਤੋਂ ਬਿਨਾ ਇੰਦਰਜੀਤ ਸਿੰਘ ਮਲਿਕ, ਪਰਮਜੀਤ ਕੌਰ, ਸਰਬਜੀਤ ਕੌਰ ਜਸਵੰਤ ਸਿੰਘ, ਮਨਮੋਹਨ ਭੱਲਾ ਦਾ ਬੇਟਾ ਅਤੇ ਪਰਿਵਾਰ ਦੇ ਹੋਰ ਜੀਤ ਹਾਜ਼ਰ ਸਨ। ਮਨਮੋਹਨਪੁਨੀ ਵੀ ਥੋੜੀ ਕੁ ਸਮੇਂ ਲਈ ਪਹੁੰਚੇ ਪਰ ਜ਼ਰੂਰੀ ਰੁਝੇਵੇਂ ਕਰਕੇ ਛੇਤੀ ਹੀ ਚਲੇ ਗਏ। ਪਰਿਵਾਰ ਵੱਲੋਂ ਵਧੀਆ ਢੰਗ ਨਾਲ ਚਾਹ ਪਾਣੀ ਛਕਾਇਆ ਗਿਆ।

## ਸੰਸਦ ਵੀਡੀਓ ਮਾਮਲਾ : ਭਗਵੰਤ ਮਾਨ 28 ਨਵੰਬਰ ਨੂੰ ਤਲਬ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੰਸਦ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਮਾਮਲੇ ਦੀ ਜਾਂਚ ਕਰ ਰਹੇ ਸੰਸਦੀ ਪੈਨਲ ਵੱਲੋਂ 28 ਨਵੰਬਰ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਆਖਿਆ ਗਿਆ ਹੈ। ਬੀਤੀ 18 ਨਵੰਬਰ ਨੂੰ ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਕਮੇਟੀ ਨੂੰ ਆਪਣੀ ਰਿਪੋਰਟ ਦਾਇਰ ਕਰਨ ਲਈ ਦੋ ਹਫਤਿਆਂ ਦਾ ਹੋਰ ਸਮਾਂ ਦਿੱਤਾ ਸੀ।

## ਡਾ. ਗੁਰਨਾਮ ਸਿੰਘ ਵਲੋਂ ਗੁਰਦੁਆਰਾ ਨਾਨਕ ਸਦਨ ਵਿਖੇ ਕੀਰਤਨ 24, 25 ਅਤੇ 27 ਨਵੰਬਰ ਨੂੰ

**ਲਾਸ ਏਂਜਲਸ/ਬਿਊਰੋ ਨਿਊਜ਼:** ਪੰਜਾਬੀ ਯੂਨੀਵਰਸਿਟੀ ਦੇ ਡੀਨ ਅਕੈਡਮਿਕ, ਫਾਊਂਡਰ, ਪ੍ਰੋਫੈਸਰ ਤੇ ਹੈੱਡ ਗੁਰਮਤਿ ਸੰਗੀਤ ਵਿਭਾਗ ਡਾ. ਗੁਰਨਾਮ ਸਿੰਘ, ਜੋ ਇਨਸ ਵੇਲੇ ਕੈਲੀਫੋਰਨੀਆ ਦੀ ਫੇਰੀ ਉੱਤੇ ਹਨ, ਗੁਰਦੁਆਰਾ ਨਾਨਕ ਸਦਨ, ਨੌਰਡਆਫ ਸਟਰੀਟ, ਨੌਰਥ ਹਿਲਸ ਵਿਖੇ ਗੁਰਮਤਿ ਸੰਗੀਤ ਪ੍ਰੰਪਰਾ ਅਨੁਸਾਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰਦੁਆਰਾ ਮੈਨਜਮੈਂਟ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਤੋਂ ਬਾਅਦ ਮੁੱਖ ਸੇਵਾਦਾਰ ਮੋਖਸਿੰਦਰ ਸਿੰਘ ਅਤੇ ਸੈਕਟਰੀ ਗਜਿੰਦਰ ਸ਼ਾਹ ਸਿੰਘ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਨਵੰਬਰ 24 ਅਤੇ 25 ਨੂੰ ਉਹ ਸ਼ਾਮ 7:00 ਵਜੇ ਤੋਂ 8:00 ਵਜੇ ਤੱਕ ਕੀਰਤਨ ਦੀ ਹਾਜ਼ਰੀ ਭਰਨਗੇ। ਇਸ ਤੋਂ ਇਲਾਵਾ ਨਵੰਬਰ 27 ਨੂੰ ਐਤਵਾਰ ਉਹ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਪ੍ਰੰਪਰਾ ਅਨੁਸਾਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਪਹਿਲਾਂ ਡਾ. ਗੁਰਨਾਮ ਸਿੰਘ ਦਾ ਗੁਰਦੁਆਰਾ ਨਾਨਕ ਸਦਨ ਪਹੁੰਚਣ ਤੇ ਸਮੂਹ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸਟਾਫ਼ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਡਾ. ਗੁਰਨਾਮ ਸਿੰਘ ਨੂੰ ਜੀ ਆਇਆ ਨੂੰ ਕਿਹਾ। ਇਨ੍ਹਾਂ ਸਮਾਗਮਾਂ ਵਿਚ ਗੁਰਪ੍ਰੀਤ ਸਿੰਘ ਵੱਲੋਂ ਲੰਗਰਾਂ ਦੀ ਸੇਵਾ ਕੀਤਾ ਜਾਵੇਗੀ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਡਾ. ਗੁਰਨਾਮ ਸਿੰਘ ਜੀ ਦੀ ਪੰਥ ਨੂੰ ਮਹਾਨ ਦੇਣ ਹੈ ਜੋ ਗੁਰਮਤਿ ਸੰਗੀਤ ਅਤੇ ਪੁਨਰ ਸੁਰਜੀਤੀ ਲਈ ਦਿਨ ਰਾਤ ਇਕ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਸੇਵਾ ਨਿਭਾਅ ਰਹੇ ਹਨ। ਇਨ੍ਹਾਂ ਨੇ ਪੁਨਰ ਸੁਰਜੀਤੀ ਨੂੰ ਅਤੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਦਰਜਾ ਦਿਵਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਸਨਮਾਨ ਦੇਣ ਲਈ ਪਹੁੰਚ ਰਹੇ ਹਨ। ਵੱਧ ਤੋਂ ਵੱਧ ਪ੍ਰਤਿਯੋਗੀ ਇਸ ਪ੍ਰਤਿਯੋਗਿਤਾ ਵਿਚ ਹਿੱਸਾ ਲੈਣ ਅਤੇ ਸਾਹਬਜ਼ਾਦਿਆਂ ਦੀ ਲਾਸ਼ਾਨੀ ਸ਼ਹੀਦੀ ਨੂੰ ਕੋਟਿ ਕੋਟਿ ਪ੍ਰਣਾਮ ਕਰਨ। ਉਨ੍ਹਾਂ ਦਸਿਆ ਕਿ ਅਜਿਹੇ ਉਪਰਾਲਿਆਂ ਦਾ ਮੁੱਖ ਮਕਸਦ ਆਉਣ ਵਾਲੀ ਪੀੜ੍ਹੀ ਨੂੰ ਗੁਰਸਿੱਖੀ ਤੇ ਗੁਰਮਤਿ ਨਾਲ ਜੋੜਨਾ ਹੈ। ਇਸ ਵਿਸ਼ੇਸ਼ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਭੁਪਿੰਦਰ ਸਿੰਘ, ਗੁਰਮੀਤ ਸਿੰਘ, ਸਿਮਰ ਕੌਰ, ਜੈਸ਼ਨੀ ਕੌਰ, ਜਗਦੀਪ ਕੌਰ, ਕਮਲਜੀਤ ਕੌਰ, ਸਿਮਰਨਪ੍ਰੀਤ ਕੌਰ, ਕੰਵਰਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਸ਼ਾਮਲ ਸਨ। ਹੋਰ ਜਾਣਕਾਰੀ ਅਤੇ ਰਜਿਸ਼ਟਰੇਸ਼ਨ ਲਈ 818-921-5363 ਅਤੇ 818-357-8371 ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।

# ਡਿਫਾਲਟਰਾਂ ਦਾ ਸੱਤ ਹਜ਼ਾਰ ਕਰੋੜ ਦਾ ਕਰਜ਼ਾ ਮੁਆਫ਼ ਕਿਉਂ ?

**7000 ਕਰੋੜ ਰੁਪਏ ਨਾਲ ਪਤਾ ਨਹੀਂ ਕਿੰਨੇ ਮਜਬੂਰ ਕਿਸਾਨਾਂ, ਮੱਧ ਅਤੇ ਛੋਟੇ ਉਦਯੋਗ ਮਾਲਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾ ਸਕਦੇ ਸਨ, ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਮੌਕਾ ਦਿੰਦੇ ਅਤੇ ਉਤਪਾਦਨ ਖੇਤਰ ਵਿਚ ਕੁਝ ਰੌਣਕ ਪਰਤਦੀ, ਜਿਸ ਦੀ ਦੇਸ਼ ਨੂੰ ਏਨੀ ਜ਼ਰੂਰਤ ਹੈ।**

**ਅਜੈ ਪਵਾਰ**

ਪ੍ਰਧਾਨ ਮੰਤਰੀ ਦੇ ਨੋਟਬੰਦੀ ਦੇ ਫ਼ੈਸਲੇ 'ਤੇ ਦੇਸ਼ ਵਿਚ ਹਾਲੇ ਬਹਿਸ ਚੱਲ ਰਹੀ ਹੈ ਕਿ ਇਸ ਨਾਲ ਕਾਲਾਧਨ, ਸਰਹੱਦ ਪਾਰ ਅੱਤਵਾਦ ਅਤੇ ਤਸਕਰੀ 'ਤੇ ਲਗਾਮ ਲੱਗ ਸਕੇਗੀ ਜਾਂ ਨਹੀਂ, ਤਾਂ ਭਾਰਤੀ ਸਟੇਟ ਬੈਂਕ ਦੇ ਇਕ ਫ਼ੈਸਲੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਆਪਣੇ ਇਕ ਫ਼ੈਸਲੇ ਵਿਚ ਐਸ.ਬੀ.ਆਈ. ਨੇ ਉਸ ਦੇ 100 ਸਭ ਤੋਂ ਵੱਡੇ ਡਿਫਾਲਟਰ ਭਾਵ ਕਰਜ਼ਾ ਨਾ ਵਾਪਸ ਕਰਨ ਵਾਲਿਆਂ ਵਿਚੋਂ 63 ਲੋਕਾਂ ਜਾਂ ਕੰਪਨੀਆਂ ਦੇ ਕਰਜ਼ੇ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਕਰਜ਼ਾ ਮੁਆਫ਼ੀ ਦੀ ਇਹ ਰਕਮ ਕਰੀਬ 7000 ਕਰੋੜ ਰੁਪਏ ਹੈ। ਇਕ ਅਜਿਹੇ ਸਮੇਂ ਜਦੋਂ ਪੂਰਾ ਰਾਸ਼ਟਰ ਬੈਂਕਾਂ ਸਾਹਮਣੇ ਕਤਾਰ ਵਿਚ ਖੜ੍ਹਾ ਹੈ, ਇਹ ਫ਼ੈਸਲਾ ਕਿਸੇ ਹੈਰਾਨੀ ਤੋਂ ਘੱਟ ਨਹੀਂ ਹੈ। ਦੇਸ਼ ਵਿਚ ਕੁਝ ਪੈਸਿਆਂ ਲਈ ਕਿਸਾਨ ਖ਼ੁਦਕੁਸ਼ੀਆਂ ਕਰ ਲੈਂਦੇ ਹਨ ਤੇ ਉਨ੍ਹਾਂ ਨੂੰ ਹਾਲੇ ਵੀ ਬੁਨਿਆਦੀ ਖੇਤੀ ਉਪਕਰਨ ਖ਼ਰੀਦਣ ਲਈ ਸਹਿਕਾਰੀ ਕਮੇਟੀਆਂ ਅਤੇ ਬੈਂਕਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ। ਇਸ ਤੋਂ ਬਾਅਦ ਵੀ ਚੰਗੀ ਫ਼ਸਲ ਦੀ ਕਮੀ ਵਿਚ ਜਾਂ ਘੱਟ ਸਮਰਥਨ ਮੁੱਲ ਦੇ ਚਲਦਿਆਂ ਕੌਡੀਆਂ ਦੇ ਭਾਅ ਫ਼ਸਲ ਵੇਚ ਕੇ ਗੁਜ਼ਾਰਾ ਕਰਨਾ ਪੈਂਦਾ ਹੈ। ਹਾਲਤ ਇਹ ਹੋ ਜਾਂਦੀ ਹੈ ਕਿ ਕੁਝ ਲੱਖ ਦੇ ਕਰਜ਼ੇ ਦਾ ਬੋਝ ਉਸ ਨੂੰ ਕਈ ਵਰ੍ਹਿਆਂ ਤਕ ਢੋਹਣਾ ਪੈਂਦਾ ਹੈ। ਅਜਿਹੀ ਹਾਲਤ ਵਿਚ ਉਸ ਸਮਾਜ ਵਿਚ ਧਨਾਢਾਂ ਦੇ ਕਰਜ਼ੇ ਮੁਆਫ਼ ਕਰਕੇ ਉਸ ਖੇਤੀ ਵਰਗ ਦੇ ਸੰਜਮ ਦੀ ਪਰੀਖਿਆ ਕਿਉਂ ਲਈ ਜਾ ਰਹੀ ਹੈ?

7000 ਕਰੋੜ ਰੁਪਏ ਨਾਲ ਪਤੀ ਨਹੀਂ ਕਿੰਨੇ ਮਜਬੂਰ ਕਿਸਾਨਾਂ, ਮੱਧ ਅਤੇ ਛੋਟੇ ਉਦਯੋਗ ਮਾਲਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾ ਸਕਦੇ ਸਨ, ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਮੌਕਾ ਦਿੰਦੇ ਅਤੇ ਉਤਪਾਦਨ ਖੇਤਰ ਵਿਚ ਕੁਝ ਰੌਣਕ ਪਰਤਦੀ, ਜਿਸ ਦੀ ਦੇਸ਼ ਨੂੰ ਏਨੀ ਜ਼ਰੂਰਤ ਹੈ। ਨੋਟਬੰਦੀ ਭਾਵੇਂ ਹੀ ਸਮੱਸਿਆਵਾਂ ਲੈ ਕੇ ਆਈ ਹੈ, ਉਸ ਨਾਲ ਲੋਕਾਂ ਦੇ ਆਮ ਜੀਵਨ 'ਤੇ ਅਸਰ ਪਿਆ ਹੋਵੇ ਪਰ ਸ਼ਾਇਦ ਲੋਕਾਂ ਨੂੰ ਉਸ ਪ੍ਰੇਸ਼ਾਨੀ ਨਾਲ ਏਨਾ ਦਰਦ ਨਹੀਂ ਹੋਇਆ ਹੋਵੇਗਾ, ਜਿੰਨਾ ਐਸ.ਬੀ.ਆਈ. ਦੇ ਇਸ ਫ਼ੈਸਲੇ ਨਾਲ ਹੋਇਆ ਹੈ। ਮੂਲ ਸਵਾਲ ਇਹ ਹੈ ਕਿ ਲੋਕਾਂ ਦੀ ਪੂੰਜੀ ਬੈਂਕ ਵਿਚ ਆਉਂਦੇ ਹੀ ਉਸ ਨਾਲ ਉਚ ਵਪਾਰਕ ਘਰਾਣਿਆਂ ਨੂੰ ਲਾਭ ਦੇਣ ਦਾ ਇਹ ਰੁਝਾਨ ਦੇਸ਼ ਨੂੰ ਕਿੱਥੇ ਲੈ ਜਾਵੇਗਾ? ਫ਼ੈਸਲੇ ਪਿਛੇ ਕੌਣ ਹੈ? ਕੀ ਇਰਾਦਾ ਹੈ? ਕੀ ਇਹ ਪਹਿਲੋਂ ਮਿਥਿਆ ਕਦਮ ਸੀ? ਇਹ ਸਵਾਲ ਬਹੁਤ ਛੋਟੇ ਸਿੱਧ ਹੋ ਜਾਂਦੇ ਹਨ ਇਸ ਸਚਾਈ ਸਾਹਮਣੇ ਕਿ ਫ਼ੈਸਲਾ ਹੋ ਚੁੱਕਾ ਹੈ ਤੇ ਕਿਸਾਨ ਇਕ ਵਾਰ ਫੇਰ ਠੱਗਿਆ ਗਿਆ ਜਾ ਚੁੱਕਾ ਹੈ।

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਤੀਜਾ)**

# ਰੱਤ ਕਾ ਕੁੰਗੂ

### "ਇਕ ਬਾਏ ਇਕ ਫ਼ੁੱਟ ਦਾ ਘਰ"

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਗੁਜਰਾਲ ਸਾਹਿਬ ਤੇ ਬੱਬੀ ਦੀ ਮੈਨੂੰ ਕੋਈ ਖ਼ਬਰ ਨਹੀਂ ਸੀ ਕਿ ਉਹ ਖੈਰ ਨਾਲ ਨੇ... ਵੱਡਾ ਬੇਟਾ ਨਿੱਪੀ ਲੰਡਨ ਟੀ.ਵੀ. ਤੇ ਹਿੰਦੁਸਤਾਨ ਦੇ ਹਾਲਾਤ ਵੇਖ ਕੇ ਤੜਫ ਰਿਹਾ ਸੀ ਤੇ ਲਗਾਤਾਰ ਫੋਨ ਕਰ ਰਿਹਾ ਸੀ ਕਿ ਉਨ੍ਹਾਂ ਦੋਹਾਂ ਦਾ ਪਤਾ ਲੱਗ ਸਕੇ। ਜਿਸ ਤਰ੍ਹਾਂ ਦੇ ਹਾਲਾਤ ਸਨ ਤੇ ਗੱਡੀਆਂ ਵਿਚੋਂ ਚੁਣ-ਚੁਣ ਕੇ ਸਿੱਖ ਮਾਰੇ ਗਏ ਸਨ ਮੈਨੂੰ ਇਕ ਪਰਸੈਂਟ ਵੀ ਉਮੀਦ ਨਹੀਂ ਸੀ ਕਿ ਬੱਬੀ ਜਾਂ ਗੁਜਰਾਲ ਜੀ ਬਚੇ ਹੋਣਗੇ। ਮੈਨੂੰ ਸਾਰੀ ਦੁਨੀਆ ਉਜੜੀ ਹੋਈ ਤੇ ਧੂ-ਧੂ ਬਲਦੀ ਹੋਈ ਦਿਸ ਰਹੀ ਸੀ, ਪਰ ਬਾਹਰੋਂ ਮੈਂ ਪੂਰੇ ਜ਼ਬਤ ਵਿੱਚ ਸਾਂ ਤੇ ਬਾਕੀ ਸਭ ਨੂੰ ਢਾਰਸ ਦੇ ਰਹੀ ਸਾਂ।

ਸ਼ਾਮੀ ਮੇਰੇ ਅੰਦਰੋਂ ਹੌਲ ਜਿਹਾ ਉੱਠਿਆ, ਆਦਰਸ਼ ਨੂੰ ਕਿਹਾ ਕਿ ਮੈਂ ਹੇਠੋਂ ਕੁਝ ਸਾਮਾਨ ਲਿਆਉਣਾ ਹੈ, ਹੁਣੇ ਵਾਪਸ ਆਉਂਦੀ ਹਾਂ। ਦਰਵਾਜ਼ੇ ਦਾ ਤਾਲਾ ਖੋਲ੍ਹਿਆ ਤਾਂ ਨਾਲ ਹੀ ਐਨੀ ਦੇਰ ਦਾ ਡੱਕਿਆ ਹੋਇਆ ਬੰਨ੍ਹ ਟੁੱਟ ਗਿਆ। ਮੈਂ ਚੀਕਾਂ ਮਾਰ ਜ਼ਾਰ ਜ਼ਾਰ ਰੋਈ... ਖ਼ਾਲੀਪਨ ਨੇ ਪੂਰੀ ਤਰ੍ਹਾਂ ਮੈਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਉੱਤੇ ਆਵਾਜ਼ ਪਹੁੰਚ ਗਈ ਹੋਵੇਗੀ ਤਾਂ ਹੀ ਉਹ ਦੋਵੇਂ ਜਣੀਆਂ ਹੇਠਾਂ ਦੌੜਦੀਆਂ ਆਈਆਂ ਤੇ ਬੜੇ ਪਿਆਰ ਨਾਲ ਮੈਨੂੰ ਸੰਭਾਲਿਆ "ਹੱਦ ਹੋ ਗਈ, ਅਸੀਂ ਸਾਰੇ ਤਾਂ ਤੁਹਾਡੇ ਤੋਂ ਹੌਸਲਾ ਲੈ ਕੇ ਖੜ੍ਹੇ ਹਾਂ, ਤੇ ਤੁਸੀਂ ਆਪ ਇਸ ਤਰ੍ਹਾਂ ਡਿੱਗ ਰਹੇ ਹੋ ?... ਤੇ ਉਹ ਫਿਰ ਮੈਨੂੰ ਉਪਰ ਆਪਣੇ ਘਰ ਲੈ ਗਈਆਂ।

ਰਾਤੀਂ ਅਠ ਕੁ ਵਜੇ ਆਰਮੀ ਦੀ ਗੱਡੀ ਦੀ ਆਵਾਜ਼ ਸੁਣ ਕੇ ਸਾਰਾ ਮੁਹੱਲਾ ਬਾਹਰ ਆ ਗਿਆ। ਆਰਮੀ ਦਾ ਮੇਜਰ ਬਕਸ਼ੀ ਜੀ ਦੇ ਘਰੋਂ ਮੈਨੂੰ ਤੇ ਮੇਰੀ ਬੇਟੀ ਰੇਨੂੰ ਨੂੰ ਲੈਣ ਆਇਆ ਸੀ। ਭੂਪੀ ਨੇ ਹੀ ਉਸ ਨੂੰ ਭੇਜਿਆ ਸੀ, ਕਿ ਸਾਨੂੰ ਦੋਹਾਂ ਨੂੰ ਸੇਫ਼ ਜਗ੍ਹਾ 'ਤੇ ਪੁਚਾਵੇ।

ਮੈਂ ਤਾਂ ਪਹਿਲਾਂ ਹੀ ਸੜੀ ਬੈਠੀ ਸਾਂ... ਸਭ ਨੂੰ ਪੁੱਛਿਆ ਕਿ ਚਲਣਾ ਹੈ ਜਾਂ ਬਿਨਾਂ ਮੁਕਾਬਲਾ ਕੀਤੇ ਚੂਹੇ ਦੀ ਮੌਤ ਮਰਨਾ ਹੈ... "ਅਸੀਂ ਇਸ ਤਰ੍ਹਾਂ ਘਰ ਛੱਡ ਕੇ ਕਿਵੇਂ ਜਾ ਸਕਦੇ ਹਾਂ ?" ਤੇ ਮੈਂ ਆਪਣੀ ਇਕ ਟੋਕਰੀ ਚੁੱਕ ਕੇ ਰੇਨੂੰ ਨਾਲ ਗਲੀ ਵਿਚ ਉਤਰ ਆਈ।

ਪਰ ਮੇਰੇ ਨਾਲ ਹੀ ਉਪਰ ਵਾਲੇ ਸਾਰੇ ਤੇ ਪੂਰੇ ਮੁਹੱਲੇ ਨੇ ਦੌੜ ਕੇ ਮੈਨੂੰ ਘੇਰ ਲਿਆ... ਇਸ ਤਰ੍ਹਾਂ ਤੁਸੀਂ ਨਹੀਂ ਜਾ ਸਕਦੇ, ਅਸੀ ਇਕੱਲੇ ਕੀ ਕਰਾਂਗੇ ?

"ਮੇਰੀ ਜ਼ਿੰਦਗੀ ਤੁਹਾਡੇ ਸਾਰਿਆਂ ਤੋਂ ਕੀਮਤੀ ਨਹੀਂ। ਮੇਰਾ ਤਾਂ ਕੁਝ ਬਚਿਆ ਵੀ ਨਹੀਂ, ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹਾਂ, ਤੁਸੀਂ ਕੀ ਸਮਝਦੇ ਹੋ ਕਿ ਮੈਂ ਤੁਹਾਨੂੰ ਮੌਤ ਦੇ ਮੂੰਹ ਵਿਚ ਸੁੱਟ ਕੇ ਚੈਨ ਨਾਲ ਜਾ ਰਹੀ ਹਾਂ ? ਮੇਰੀ ਇਕੋ ਸ਼ਰਤ ਹੈ ਕਿ ਲੜਨ ਮਰਨ ਲਈ ਤਿਆਰ ਹੋਵੋ, ਮੈਂ ਤੁਹਾਡੇ ਨਾਲ ਹੀ ਜੀਵਾਂਗੀ ਤੇ ਮਰਾਂਗੀ। ਪਰ ਇਕੱਠੇ ਤਾਂ ਹੋਵੋ।"

ਤੇ ਕਮਾਲ ਹੋ ਗਈ ਕਿ ਪੂਰੇ ਮੁਹੱਲੇ ਨੇ ਮੇਰੇ ਨਾਲ ਸਹਿਮਤੀ ਵਿਖਾਈ ਤੇ ਕਿਹਾ ਕਿ ਜਿਸ ਤਰ੍ਹਾਂ ਕਹੋਗੇ ਅਸੀਂ ਤੁਹਾਡੇ ਨਾਲ ਹਾਂ, ਪਰ ਇਸ ਤਰ੍ਹਾਂ ਛੱਡ ਕੇ ਨਾ ਜਾਉ।

ਮੈਂ ਮੇਜਰ ਸਾਹਿਬ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਲੋੜ ਪੈਣ 'ਤੇ ਮੈਂ ਫ਼ੋਨ ਕਰ ਦਿਆਂਗੀ, ਤੁਸੀਂ ਸਿਰਫ਼ ਮੇਰਾ ਨਹੀਂ ਸਾਰਿਆਂ ਦਾ ਧਿਆਨ ਰੱਖਣਾ ਹੈ ਤੇ ਉਨ੍ਹਾਂ ਦਾ ਫ਼ੋਨ ਨੰਬਰ ਸਾਂਭ ਲਿਆ।

ਕੋਠੇ ਸਾਰੇ ਫ਼ਲੈਟਾਂ ਦੇ ਟੱਪੇ ਜਾ ਸਕਦੇ ਸਨ, ਸੋ ਉਸੇ ਵੇਲੇ ਸਾਰੇ ਟੱਪ ਕੇ ਸਾਡੇ ਫ਼ਲੈਟ 'ਤੇ ਪਹੁੰਚ ਗਏ ਤੇ ਜਿਨ੍ਹਾਂ ਦੇ ਘਰਾਂ ਵਿਚ ਜੋ ਵੀ ਹਥਿਆਰ ਸਨ, ਇਕ ਥਾਂ 'ਤੇ ਇਕੱਠੇ ਕਰਨ ਦੀ ਵਿਉਂਤ ਬਣਾਈ ਗਈ ਕਿ ਮੁਕਾਬਲਾ ਕਰਨਾ ਕਿਵੇਂ ਹੈ। ਹਥਿਆਰ ਕਿਹੜੇ ਸਨ ਤੇ ਕੌਣ ਸ਼ਹਿਰੀ ਅਮਨ ਵੇਲੇ ਆਪਣੇ ਕੋਲ ਰੱਖਦਾ ਹੈ, ਜਿਹੜੇ ਉਸ ਵੇਲੇ ਅਸਾਂ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਇਹ ਹੁਣ ਸੋਚ ਕੇ ਹੈਰਤ ਹੁੰਦੀ ਹੈ ਤੇ ਹਾਸਾ ਵੀ ਆਉਂਦਾ ਹੈ।

ਸ੍ਰੀ ਕਿਸ਼ਨ ਸਿੰਘ ਹੁਰਾਂ ਦੇ ਘਰ ਅੰਦਰ ਦਾ ਤੋਰਾ ਫੇਰਾ ਤੇ ਉਤਸ਼ਾਹ ਵੇਖ ਕੇ ਭਈਆਂ ਦੀ ਜਾਨ ਸੁੱਕੀ ਹੋਈ ਸੀ। ਨਾਲ ਲਗਦੇ ਉਨ੍ਹਾਂ ਦੇ ਕੋਠਿਆਂ ਤੋਂ ਉਹ ਉਨ੍ਹਾਂ ਦੇ ਘਰ ਵਿਚ ਉਤਸ਼ਾਹ ਦੇ ਵਗਦੇ ਦਰਿਆ ਨੂੰ ਵੇਖ ਵੇਖ ਆਪਣੇ ਆਪ ਵਿਚ ਹੀ ਡੁੱਬ ਰਹੇ ਸਨ... ਉਹ ਥਾਣੇ ਤੋਂ ਪੁਲੀਸ ਫ਼ੋਰਸ ਬੁਲਾ ਲਿਆਏ ਕਿ ਸਾਨੂੰ ਇਨ੍ਹਾਂ ਸਿੱਖਾਂ ਤੋਂ ਖ਼ਤਰਾ ਹੈ, ਇਨ੍ਹਾਂ ਬਹੁਤ ਸਾਰਾ ਅਸਲਾ ਸਾਂਭਿਆ ਹੋਇਐ... ਤੇ ਏਸੇ ਗਲੀ ਵਿਚ ਰਹਿੰਦੇ ਜੈ ਸਿੰਘ ਡੇਰੀ ਵਾਲੇ ਦੇ ਪੁੱਤਰਾਂ ਤੋਂ ਵੀ ਖ਼ਤਰਾ ਹੈ ਜਿਹੜੇ ਨੰਗੀਆਂ ਕਿਰਪਾਨਾਂ ਤੇ ਪਿਸਤੌਲਾਂ ਲੈ ਕੇ ਦੋ ਤਿੰਨ ਵਾਰੀ ਸਾਡੇ ਘਰਾਂ ਤੱਕ ਗੇੜੇ ਮਾਰ ਚੁੱਕੇ ਨੇ। ਅਸਲ ਵਿਚ ਉਹ ਟੱਬਰ ਵੀ, ਬਹੁਤ ਦਲੇਰ ਸੀ। ਮੱਝਾਂ ਦਾ ਖਾਲਸ ਦੁੱਧ ਤੇ ਘਿਉ ਪੀਂਦੇ... ਡੰਡ ਬੈਠਕਾਂ ਕੱਢਦੇ ਪਹਿਲਵਾਨੀ ਕਰਦੇ ਉਹ ਛੇ ਸੱਤ ਭਰਾ ਕਿਸੇ ਖੱਬੀ ਖਾਂ ਤੋਂ ਨਾ ਡਰਦੇ ਤੇ ਦਿਨ ਦਿਹਾੜੇ ਖ਼ੂਨ ਖ਼ਰਾਬਾ ਵੀ ਕਰ ਦਿੰਦੇ... ਫੜੇ ਜਾਂਦੇ, ਜੇਲ੍ਹ ਹੁੰਦੀ, ਪਰ ਡਰਦਾ ਗਵਾਹੀ ਕੋਈ ਨਾ ਦਿੰਦਾ ਤੇ ਉਹ ਦੋ ਤਿੰਨ ਸਾਲ ਜੇਲ੍ਹ ਦੀ ਸੈਰ ਕਰਕੇ ਉਸੇ ਤਰ੍ਹਾਂ ਨਾਲ ਸੂਹੇ ਮੂੰਹ ਨਾਲ ਲਲਕਾਰੇ ਮਾਰਦੇ ਬਾਹਰ ਆ ਜਾਂਦੇ।




ਐਹੋ ਜਿਹੇ ਸਹਿਮੇ ਵਾਤਾਵਰਣ ਵਿਚ ਵੀ ਉਹ ਪੂਰੀ ਗਲੀ ਵਿਚ ਦਿਨ ਰਾਤ ਪੰਜ ਛੇ ਗੇੜੇ ਮਾਰ ਜਾਂਦੇ। ਬਾਜ਼ਾਰ ਵਾਲੇ ਪਾਸੇ ਤਾਂ ਦੁਕਾਨਾਂ ਸਨ ਤੇ ਉੱਤੇ ਵਸਦੇ ਸਿੱਖ ਸਰਦਾਰ ਪਰ ਸਾਡੇ ਪਾਸੇ ਵਲ ਦਸ ਪੰਦਰਾਂ ਵੀਹ ਘਰ ਖਟਿੱਕਾਂ ਦੇ ਸਨ ਤੇ ਉਸੇ ਪਾਸੋਂ ਬਲਵਈਆਂ ਦੇ ਹਮਲਿਆਂ ਦਾ ਖ਼ਤਰਾ ਸੀ।

ਪਹਿਲੀ ਨਵੰਬਰ ਸ਼ਾਮੀ ਚਾਰ ਕੁ ਵਜੇ ਦੋ ਤਿੰਨ ਟਰੱਕ ਪੁਲੀਸ ਸ੍ਰੀ ਕਿਸ਼ਨ ਸਿੰਘ ਦੇ ਗੇਟ 'ਤੇ ਆ ਰੁਕੀ। ਦਗੜ ਦਗੜ ਕਰਦੇ ਉਹ ਗੇਟ ਵਲ ਵਧੇ ਤਾਂ ਭਈਆਂ ਨੇ ਰੋਕਿਆ ਕਿ ਉਨ੍ਹਾਂ ਤਾਂ ਬਿਜਲੀ ਦੀਆਂ ਤਾਰਾਂ ਜੋੜੀਆਂ ਹੋਈਆਂ ਨੇ... ਆਪਣਾ ਬਚਾਅ ਕਰੋ।

ਜਦ ਤਕ ਪੁਲੀਸ ਨੇ ਗੇਟ ਖੁਲ੍ਹਵਾ ਕੇ ਤਲਾਸ਼ੀ ਸ਼ੁਰੂ ਕੀਤੀ, ਤਦ ਤੱਕ ਅੰਦਰ ਸ਼ਾਂਤੀ ਨਾਲ ਸਭ ਆਪਣਾ ਘਰ ਦਾ ਕੰਮ ਕਰ ਰਹੇ ਸਨ। ਕੋਈ ਰਸੋਈ ਵਿਚ ਸੀ, ਕੋਈ ਕੱਪੜੇ ਧੋ ਰਹੀ ਸੀ ਤੇ ਕੋਈ ਮਸ਼ੀਨ 'ਤੇ ਸੀਅ ਰਹੀ ਸੀ। ਮੁੰਡੇ ਚੌਕੜੀਆਂ ਮਾਰ ਕੇ ਪਾਠ ਕਰ ਰਹੇ ਸਨ... ਉਹ ਕੁਝ ਬੋਲੇ ਨਹੀਂ ਸਿਰਫ਼ ਹੱਥ ਦਾ ਇਸ਼ਾਰਾ ਕੀਤਾ ਕਿ ਜੋ ਕਰਨਾ ਹੈ ਕਰ ਲੈਣ।

ਪੁਲੀਸ ਨੇ ਸਾਰਾ ਘਰ ਪੱਟ ਮਾਰਿਆ, ਪਰ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਮਿਲੀ ਤੇ ਉਹ ਚੁੱਪਚਾਪ ਵਾਪਸ ਚਲੀ ਗਈ। ਪਿਛੋਂ ਉਨ੍ਹਾਂ ਦਸਿਆ ਕਿ ਕੈਮੀਕਲ ਤਾਂ ਅਸਾਂ ਸਾਰੇ ਲੈਬ ਵਿਚ ਰੱਖੇ ਹੋਏ ਸਨ (ਅਨੂਪ ਫ਼ੋਟੋਗ੍ਰਾਫ਼ੀ ਦਾ ਕੰਮ ਕਰਦਾ ਸੀ) ਤੇ ਪਿਸਤੌਲ ਤੇ ਗੰਨ ਵੀ ਕਿਹੜੀ... ਕਬੂਤਰ ਮਾਰਨ ਵਾਲੀ... ਉੱਪਰ ਕੋਠੇ 'ਤੇ ਰੱਖੇ ਤੰਦੂਰ ਵਿਚ ਛੁਪਾ ਕੇ ਉੱਤੇ ਕੁਝ ਸੁਆਹ ਤੇ ਬਾਲਣ ਸੁੱਟਿਆ ਹੋਇਆ ਸੀ।



ਤਾਰਨ ਗੁਜਰਾਲ
ਫ਼ੋਨ 98557-19660

ਚੜ੍ਹਦੀਆਂ ਕਲਾਂ ਦੀ ਮਿਸਾਲ ਸੀ ਉਹ ਟੱਬਰ... ਕਿ ਜਦੋਂ ਕਰਫਿਊ ਖੁਲ੍ਹਿਆ, ਲੋਕੀ ਘਰਾਂ ਵਿਚੋਂ ਬਾਹਰ ਆਏ ਤਾਂ ਅਨੂਪ ਨੇ ਆਪਣੇ ਘਰ ਦੇ ਸਾਹਮਣੇ ਰਹਿੰਦੇ ਇਕ ਭਈਏ ਨੂੰ ਗਲੋਂ ਫੜ ਕੇ ਚਪੇੜ ਮਾਰ ਦਿੱਤੀ "ਅਬੇ ਸਾਲੇ ਕੁੱਤੇ, ਤੁਮਨੇ ਹਮੇ ਸਾਸਰੀਕਾਲ ਨਹੀਂ ਬੁਲਾਈ।" ਉਹ ਤੇ ਬਾਕੀ ਮੁਹੱਲੇ ਵਾਲੇ ਵੇਖਦੇ ਰਹਿ ਗਏ, ਪਰ ਕਿਸੇ ਦੀ ਜੁਰੱਅਤ ਨਹੀਂ ਹੋਈ ਕੁਸਕਣ ਦੀ।

ਚਾਰ ਨਵੰਬਰ ਸਵੇਰੇ ਚਾਰ ਕੁ ਵਜੇ ਭਾਰੀ ਟਰੱਕ ਦੀ ਆਵਾਜ਼ ਸੁਣ ਕੇ ਖਿੜਕੀ ਖੋਲ੍ਹੀ ਤਾਂ ਵੇਖਿਆ ਕਿ ਆਰਮੀ ਦਾ ਟਰੱਕ ਸਾਡੀ ਬਿਲਡਿੰਗ ਤੋਂ ਕੁਝ ਦੂਰ ਗੁਰੂ ਨਾਨਕ ਧਰਮਸ਼ਾਲਾ 'ਤੇ ਜਾ ਕੇ ਰੁਕਿਆ। ਸੜਕ 'ਤੇ ਆਰਮੀ ਦੇ ਜਵਾਨ ਗਸ਼ਤ ਕਰ ਰਹੇ ਸਨ। ਜ਼ਾਹਰ ਸੀ ਕਿ ਗੁਰੂ ਨਾਨਕ ਧਰਮਸ਼ਾਲਾ ਕੈਂਪ ਵਿਚ ਤਬਦੀਲ ਹੋ ਰਹੀ ਸੀ।

ਠੰਢ ਕਾਫ਼ੀ ਸੀ ਤੇ ਹਾਲੀ ਹਨੇਰਾ ਵੀ ਗਾੜ੍ਹਾ ਸੀ, ਪਰ ਮੈਂ ਤੇ ਆਦਰਸ਼ ਨੇ ਫੈਸਲਾ ਕੀਤਾ ਕਿ ਕਰਫਿਊ ਲੱਗਾ ਹੈ ਤਾਂ ਕੀ ਅਸੀਂ ਜਾ ਕੇ ਪਤਾ ਤਾਂ ਕਰੀਏ ਕਿ ਲੋਕੀ ਕਿਸ ਹਾਲਤ ਵਿਚ ਨੇ... ਹੋ ਸਕਦੈ ਉਨ੍ਹਾਂ ਨੂੰ ਸਾਡੀ ਲੋੜ ਹੋਵੇ।

ਲਾਊਡ ਸਪੀਕਰ 'ਤੇ ਕਰਫ਼ਿਊ ਦਾ ਹੋਕਰਾ ਦਿੱਤਾ ਜਾ ਰਿਹਾ ਸੀ। ਸਾਨੂੰ ਆਰਮੀ ਦੇ ਜਵਾਨਾਂ ਨੇ ਰੋਕਿਆ, ਪਰ ਜਦੋਂ ਅਸਾਂ ਦਸਿਆ ਕਿ ਧਰਮਸ਼ਾਲਾ ਜਾ ਰਹੀਆਂ ਹਾਂ ਤਾਂ ਉਨ੍ਹਾਂ ਇਜਾਜ਼ਤ ਦੇ ਦਿੱਤੀ।

ਉਥੇ ਤਾਂ ਗਹਿਮਾ ਗਹਿਮੀ ਮਚੀ ਸੀ... ਹਾਲੀ ਤਾਂ ਉਹ ਲੋਕ ਮਸਾਂ ਟਰੱਕਾਂ ਤੋਂ ਉਤਰੇ ਹੀ ਸਨ... ਹੇਠਲੇ ਹਾਲ ਤੇ ਕਮਰਿਆਂ ਵਿਚ ਪਰਾਲੀ ਵਿੱਛੀ ਹੋਈ ਸੀ ਜਿਸ 'ਤੇ ਥੋੜ੍ਹੀ ਥੋੜ੍ਹੀ ਵਿੱਥ 'ਤੇ ਟੱਬਰਾਂ ਦੇ ਗੁੱਛੇ ਜਿਹੇ ਪਏ ਸਨ... ਸੁੰਗੜ ਕੇ ਇਕ ਦੂਜੇ ਵਿਚ ਫਸੇ ਹੋਏ ਜਿਵੇਂ... ਬਲਬਾਂ ਦੀ ਰੌਸ਼ਨੀ ਵਿਚ ਆਦਮੀਆਂ ਦੇ ਅਜੀਬ ਜਿਹੇ ਮੂੰਹ... ਦਾੜ੍ਹੀਆਂ ਅਧ-ਕਚਰੀਆਂ ਜਿਹੀਆਂ ਕਟੀਆਂ ਹੋਈਆਂ, ਪਾਟੇ ਕੱਪੜੇ ਮੰਦੇਹਾਲ ਤੇ ਉਸ ਤਰ੍ਹਾਂ ਔਰਤਾਂ ਬੱਚਿਆਂ ਨੂੰ ਕਲੇਜੇ ਲਾਈ ਸਿਰੋ ਨੰਗੀਆਂ... ਕਮੀਜ਼ ਹੇਠਾਂ ਲੱਤਾਂ ਸੁਕੇੜ ਕੇ ਬੈਠੀਆਂ... ਠੰਢ ਨਾਲ ਠਰੂ ਠਰੂ ਕਰਦੀਆਂ... ਕਮਰਿਆਂ ਵਿਚ ਵੀ ਕੁਝ ਟੱਬਰ ਏਸੇ ਤਰ੍ਹਾਂ ਦਹਿਸ਼ਤਜ਼ਦਾ ਕੁਝ ਮੰਜੀ 'ਤੇ ਅਤੇ ਕੁਝ ਹੇਠਾਂ ਪਰਾਲੀ 'ਤੇ ਬੈਠੇ ਸਨ। ਇਹ ਹੌਲਨਾਕ ਦ੍ਰਿਸ਼ ਵੇਖ ਕੇ ਅਸੀਂ ਪੁੱਭੀ ਰੋ ਰਹੀਆਂ ਸਾਂ। ਇਕ ਕਮਰੇ ਵਿਚ ਤਿੰਨ ਜਵਾਨ ਕੁੜੀਆਂ ਲੱਤਾਂ 'ਤੇ ਚਾਦਰ ਵਲ੍ਹੇਟ ਕੇ ਬੈਠੀਆਂ ਸਨ ਉਨ੍ਹਾਂ ਦੇ ਮਾਂ ਪਿਉ ਕੋਲ ਨੀਵੀਂ ਪਾਈ ਬੈਠੇ ਸਨ। ਮੈਂ ਹੱਥ ਜੋੜ ਕੇ ਨਿਮਰਤਾ ਨਾਲ ਉਨ੍ਹਾਂ ਕੋਲੋਂ ਪੁਛਿਆ ਕਿ ਮੈਂ ਤੁਹਾਡੀ ਕੀ ਮਦਦ ਕਰ ਸਕਦੀ ਹਾਂ ਤਾਂ ਮਾਂ ਨੇ ਧਾਹ ਮਾਰੀ...'ਸਲਵਾਰਾਂ'...।

ਧਰਮਸ਼ਾਲਾ ਦੇ ਅੰਦਰਲੇ ਵਿਹੜੇ ਵਿਚ ਪਾਣੀ ਦੀ ਦੇਗ ਉਬਲਣੀ ਧਰ ਦਿੱਤੀ ਗਈ ਸੀ। ਜੋੜਵੇਂ ਘਰਾਂ ਵਿਚੋਂ ਲੋਕੀ ਆਵਾਜ਼ਾਂ ਦੇ ਕੇ ਪੁੱਛ ਰਹੇ ਸਨ ਤੇ ਏਧਰੋਂ... ਸਾਬਣ, ਤੇਲ, ਚਾਹ ਡਾਕਟਰ...ਕੱਪੜੇ... ਦੀਆਂ ਆਵਾਜ਼ਾਂ ਜਾ ਰਹੀਆਂ ਸਨ। ਰੱਸੀਆਂ ਨਾਲ ਟੋਕਰੀਆਂ ਬੰਨ੍ਹ ਕੇ ਲੋਕੀ ਸਾਮਾਨ ਅੰਦਰ ਭੇਜ ਰਹੇ ਸਨ। ਬਹੁਤ ਸਾਰੇ ਲੋਕ ਜ਼ਖ਼ਮੀ ਸਨ... ਕਿਸੇ ਦਾ ਸਿਰ ਪਾਟਿਆ ਹੋਇਆ, ਕਈਆਂ ਦੀਆਂ ਲੱਤਾਂ ਬਾਹਵਾਂ ਟੁੱਟੀਆਂ ਹੋਈਆਂ ਸਨ ਤੇ ਉਹ ਕਰਾਹ ਰਹੇ ਸਨ। ਡਾਕਟਰ ਫ਼ਸਟ ਏਡ ਕਰ ਰਹੇ ਸਨ ਹਾਲੀ।

ਤਿੰਨ ਜਵਾਨ ਮੁੰਡੇ ਇਕ ਕੋਨੇ ਵਿਚ ਬੈਠੇ ਹੋਏ ਸਨ। ਨਿੱਕੀਆਂ ਨਿੱਕੀਆਂ ਦਾੜ੍ਹੀਆਂ, ਪਰ ਜੂੜੇ ਕੱਟੇ ਹੋਏ। ਤਾਂ ਹੀ ਸਿਰ ਦੇ ਵਾਲ ਅਜੀਬ ਜਿਹੇ ਲਗ ਰਹੇ ਸਨ। ਉਨ੍ਹਾਂ ਦੇ ਬਹੁਤ ਸੱਟਾਂ ਲਗੀਆਂ ਹੋਈਆਂ ਸਨ। ਜ਼ਖ਼ਮਾਂ ਵਿਚੋਂ ਖ਼ੂਨ ਹਾਲੀ ਤੱਕ ਸਿੰਮ ਰਿਹਾ ਸੀ... ਇਕ ਦੀ ਬਾਂਹ ਟੁੱਟੀ ਹੋਈ ਸੀ... ਕਮੀਜ਼ ਦੇ ਲਗੰਦਰੇ ਲੱਥੇ ਹੋਏ ਤੇ ਪਿੱਠ 'ਤੇ ਬਹੁਤ ਸਾਰੇ ਜ਼ਖਮ ਸਨ। ਬਿਲਕੁਲ ਮੇਰੇ ਬੱਬੀ ਵਰਗਾ... ਉਹੀ ਉਮਰ, ਉਸੇ ਤਰ੍ਹਾਂ ਗੋਰਾ ਚਿੱਟਾ ਤੇ ਮਾਸੂਮ ਜਿਹਾ... ਉਹ ਦਰਦ ਨਾਲ ਰੋ ਰਿਹਾ ਸੀ। ਮੈਨੂੰ ਲਗਾ ਇਹ ਤਾਂ ਬੱਬੀ ਰੋ ਰਿਹੈ... ਤੇ ਮੈਂ ਉਸ ਨੂੰ ਆਪਣੇ ਨਾਲ ਵਲ੍ਹੇਟ ਲਿਆ... "ਉਇ ਮੇਰਿਆ ਬੱਚਿਆ ਤੈਨੂੰ ਐਨਾ ਮਾਰਿਆ ਉਨ੍ਹਾਂ ਜ਼ਾਲਮਾ... ਹਾਇ ! ਮੈਂ ਮਰ ਜਾਂਦੀ, ਐਂਜ ਨਾ ਵੇਖਦੀ ਤੈਨੂੰ, ਹਾਇ। ਭਹੁਤ ਪੀੜ ਹੋ ਰਹੀ ਏ ਤੈਨੂੰ ? ਤੇ ਮੈਂ ਬੇਵੱਸੀ ਰੋ ਰੋ ਕੇ ਬੇਹਾਲ ਹੋ ਗਈ... ਮੈਨੂੰ ਸਚਮੁੱਚ ਲੱਗ ਰਿਹਾ ਸੀ ਕਿ ਕਾਨਪੁਰ ਵਾਪਸ ਆਉਂਦਿਆਂ ਰਾਹ ਵਿਚ ਬੱਬੀ ਦਾ ਵੀ ਇਹ ਹਾਲ ਹੋਇਆ ਹੋਵੇਗਾ... ਉਹ ਬੱਚਾ ਮੈਨੂੰ ਦਿਲਾਸਾ ਦੇ ਰਿਹਾ ਸੀ... 'ਨਹੀਂ ਮਾਂ ਜੀ... ਮੈਨੂੰ ਜ਼ਰਾ ਵੀ ਪੀੜ ਨਹੀਂ ਹੋ ਰਹੀ... ਮੈਂ ਬਿਲਕੁਲ ਠੀਕ ਹਾਂ... ਤੁਸੀਂ ਰੋਵੋ ਨਾ। ਬਸ ਡਾਕਟਰ ਭੇਜ ਦਿਉ ਮੇਰੀ ਬਾਂਹ ਬੰਨ੍ਹ ਦੇਵੇ ਤੇ ਜ਼ਖਮਾਂ 'ਤੇ ਤੋਪੇ ਲਾ ਦੇਵੇ।

ਧਰਮਸ਼ਾਲਾ ਤੋਂ ਨਿਕਲਣ ਤਕ ਹਲਕੀ ਹਲਕੀ ਲੋਅ ਹੋ ਗਈ ਸੀ... ਘਰ ਤੱਕ ਆਉਂਦਿਆਂ ਰਸਤੇ ਵਿਚ ਲੋਕਾਂ ਦੇ ਬੂਹੇ ਖੜਕਾਅ ਕੇ ਕਿਹਾ ਕਿ ਕੈਂਪ ਵਿਚ ਰਜ਼ਾਈਆਂ, ਕੰਬਲ, ਕੱਪੜੇ, ਸਾਬਣ, ਤੇਲ... ਜ਼ਰੂਰਤ ਦੀਆਂ ਚੀਜ਼ਾਂ ਪਹੁੰਚਾਣ।

ਘਰ ਆ ਕੇ ਮੈਂ ਲੋਹੇ ਦੀ ਪੌੜੀ ਲਾ ਕੇ ਮਿਆਨੀ 'ਤੇ ਚੜ੍ਹ ਗਈ। ਸਰਦੀਆਂ ਦੇ ਕੱਪੜੇ ਹਾਲੀ ਉਪਰ ਬਕਸਿਆਂ ਵਿਚ ਬੰਦ ਹੀ ਪਏ ਸਨ... ਮੈਂ ਖੋਲ੍ਹ ਕੇ ਹੇਠਾਂ ਸੁੱਟਣੇ ਸ਼ੁਰੂ ਕੀਤੇ... ਆਪਣੇ ਸੂਟ, ਸ਼ਾਲਾਂ, ਸਵੈਟਰਾਂ, ਜੁਰਾਬਾਂ, ਗੁਜਰਾਲ ਜੀ ਦੇ ਗਰਮ ਕੋਟ, ਸੂਟ, ਸਵੈਟਰਾਂ... ਬੱਬੀ ਦੇ ਕਪੜੇ, ਕੰਬਲ ਰਜ਼ਾਈਆਂ। ਧੋ ਰਜ਼ਾਈਆਂ ਆਪਣੇ ਲਈ ਰੱਖ ਬਾਕੀ ਸਭ ਹੇਠਾਂ ਢੇਰ ਲਾ ਦਿੱਤਾ। ਫੇਰ ਸਾਬਣ, ਤੇਲ, ਤੌਲੀਏ... ਜੋ ਵੀ ਹੱਥ ਆਇਆ।

ਕੈਸਾ ਵਾ ਵਰੋਲਾ ਉੱਠਿਆ ਮੇਰੇ ਅੰਦਰ। ਪਤੀ ਤੇ ਬੇਟੇ ਦੇ ਜੀਉਣ ਦੀ ਉਮੀਦ ਲਾਹ ਕੇ ਮੈਂ ਇਕ ਦਮ ਸੱਖਣੀ ਹੋ ਗਈ ਸਾਂ, ਮੈਨੂੰ ਕਿਸੇ ਵੀ ਚੀਜ਼ ਨਾਲ ਕੋਈ ਲਗਾਉ ਨਹੀਂ ਸੀ ਰਿਹਾ... ਤੇ ਫਿਰ ਸਾਰਾ ਸਾਮਾਨ ਮੁਹੱਲੇ ਦੇ ਮੁੰਡਿਆਂ ਤੋਂ ਚੁਕਵਾ, ਸਣੇ ਬਹੁਤ ਸਾਰੇ ਨਵੇਂ ਬੁਣੇ ਹੋਏ ਡ੍ਰੈਸਾਂ ਦੇ ਬੈਗ ਜਿਨ੍ਹਾਂ ਦੀ ਮੈਂ ਸੇਲ ਲਾਉਣੀ ਸੀ... ਧਰਮਸ਼ਾਲਾ ਪੁਚਾ ਦਿੱਤੇ। ਤਦ ਤੱਕ ਉੱਥੇ ਕੱਪੜਿਆਂ ਦੇ ਅੰਬਾਰ ਲੱਗ ਚੁੱਕੇ ਸਨ। ਜ਼ਰੂਰਤ ਦਾ ਸਾਮਾਨ ਵੰਡਿਆ ਜਾ ਰਿਹਾ ਸੀ। ਕਈ ਲੋਕੀ ਆਰਮੀ ਦੀ ਮਦਦ ਨਾਲ ਘਰ ਜਾਣਾ ਚਾਹ ਰਹੇ ਸਨ... ਇਕ ਔਰਤ ਦਸ ਰਹੀ ਸੀ ਕਿ ਦੌੜਨ ਤੋਂ ਪਹਿਲਾਂ ਸਾਰਾ ਗਹਿਣਾ ਪੋਟਲੀ ਵਿਚ ਬੰਨ੍ਹ ਕੇ ਉਹ ਪਾਣੀ ਦੀ ਟੈਂਕੀ ਵਿਚ ਸੁੱਟ ਆਈ ਸੀ, ਸ਼ਾਇਦ ਬਚ ਹੀ ਗਿਆ ਹੋਵੇ...ਇਕ ਹੋਰ ਕਹਿ ਰਹੀ ਸੀ ਕਿ ਮੈਂ ਕੂੜੇ ਦੀ ਬਾਲਟੀ ਵਿਚ ਸੁੱਟ ਕੇ ਉੱਤੇ ਸੁਆਹ ਪਾ ਆਈ ਸਾਂ। ਪਿੱਛੋਂ ਪਤਾ ਲੱਗਾ ਕਿ ਟੈਂਕੀ ਵਾਲੇ ਗਹਿਣੇ ਤਾਂ ਮਿਲ ਗਏ, ਪਰ ਕੂੜੇ ਦਾ ਡੱਬਾ ਉਹ ਚੁੱਕ ਕੇ ਲੈ ਗਏ ਸਨ।

ਇਹ ਤਾਂ ਜਿਉਂਦਿਆਂ ਦੀਆਂ ਗੱਲਾਂ ਸਨ, ਪਰ ਮੋਇਆ ਦੀਆਂ ਕਹਾਣੀਆਂ ਤੇ ਕੀਰਨੇ ਯਾਦ ਕਰਕੇ ਅੱਜ ਵੀ ਜ਼ਖ਼ਮ ਤਾਜ਼ੇ ਹੋ ਜਾਂਦੇ ਨੇ। ਮੈਂ ਘਰੋਂ ਟੇਪ ਰਿਕਾਰਡ, ਡਾਇਰੀ ਤੇ ਪੈੱਨ ਆਪਣੇ ਨਾਲ ਹੀ ਰੱਖ ਲਿਆ। ਦਰਦਾਂ ਦੀਆਂ ਕਹਾਣੀਆਂ ਤਾਂ ਥਾਂ ਥਾਂ ਖਿਲਰੀਆਂ ਪਈਆਂ ਸਨ... ਉਂਜ ਲੋਕੀ ਰੋ ਰੋ ਕੇ ਦਸਦੇ, ਪਰ ਜਦੋਂ ਟੇਪ ਕਰਨ ਲਗਦੀ ਜਾਂ ਲਿਖਣ ਲਗਦੀ ਤਾਂ ਚੁੱਪ ਹੋ ਜਾਂਦੇ। "ਨਹੀਂ... ਨਹੀਂ... ਅਸੀਂ ਕੁਝ ਨਹੀਂ ਦਸ ਸਕਦੇ, ਉਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਸਾਨੂੰ ਏਥੇ ਆ ਕੇ ਵੀ ਮਾਰ ਦੇਣਗੇ।"

ਚਾਰ ਨਵੰਬਰ ਰਾਤੀਂ ਮੇਰੇ ਵੱਡੇ ਬੇਟੇ ਨਿੱਪੀ ਦਾ ਲੰਡਨ ਤੋਂ ਫੋਨ ਆਇਆ... ਉਸ ਨੇ ਲੁਧਿਆਣੇ ਫ਼ੋਨ ਮਿਲਾ ਕੇ ਆਤਮਯਾਦ ਤੋਂ ਬੱਬੀ ਬਾਰੇ ਪਤਾ ਕੀਤਾ ਤਾਂ ਉਸ ਦੱਸਿਆ ਕਿ ਉਹ ਤਾਂ ਇਕੱਤੀ ਤਾਰੀਖ਼ ਸਿਰਫ਼ ਇਕ ਦਿਨ ਲਈ ਉਸ ਨੂੰ ਅੰਮ੍ਰਿਤਸਰ ਤੋਂ ਮਿਲਣ ਆਇਆ ਸੀ... ਪਹਿਲੀ ਨਵੰਬਰ

ਬਾਕੀ ਸਫ਼ਾ 32 'ਤੇ


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਪਾਕਿ ਸਰਕਾਰ ਵੱਲੋਂ ਬਾਬਾ ਨਾਨਕ ਵਰਲਡ ਕਬੱਡੀ ਕੱਪ ਵਿਸਾਖੀ 'ਤੇ ਕਰਨ ਦਾ ਐਲਾਨ







**ਲਾਹੌਰ/ਬਿਊਰੋ ਨਿਊਜ਼** : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਤੇ ਮੁੱਖ ਬੁਲਾਰਾ ਸਰਬਜੀਤ ਸਿੰਘ ਨਿਊਯਾਰਕ ਵੱਲੋਂ ਪਾਕਿਸਤਾਨ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ ਦੇ ਗ੍ਰਹਿ ਮਾਡਲ ਟਾਊਨ ਵਿਖੇ ਮੁਲਾਕਾਤ ਕੀਤੀ ਗਈ। ਵਫਦ ਵੱਲੋਂ ਪੰਜਾਬ ਪਾਕਿਸਤਾਨ ਦੇ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ ਅੱਗੇ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਯਾਦ ਵਿੱਚ ਵਿਸ਼ਵ ਕਬੱਡੀ ਕੱਪ ਕਰਵਾਉਣ ਦੀ ਮੰਗ ਕੀਤੀ ਗਈ ਜਿਸ ਨੂੰ ਫੌਰੀ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਗਈ। ਮੀਆਂ ਸ਼ਹਿਬਾਜ਼ ਸ਼ਰੀਫ ਵੱਲੋਂ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਪਾਕਿਸਤਾਨ ਹਕੂਮਤ ਵੱਲੋਂ ਬਾਬਾ ਨਾਨਕ ਵਿਸ਼ਵ ਕਬੱਡੀ ਕੱਪ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ ਪਾਕਿਸਤਾਨ ਸਰਕਾਰ ਵੱਲੋਂ ਖੇਡ ਵਿਭਾਗ ਦੇ ਡਾਇਰੈਕਟਰ ਨੂੰ ਇਸ ਕਬੱਡੀ ਕੱਪ ਦਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ ਗਏ। ਇਸ ਐਲਾਨ ਤੋਂ ਬਾਅਦ ਵਫਦ ਵੱਲੋਂ ਪਾਕਿਸਤਾਨ ਖੇਡ ਵਿਭਾਗ ਅਤੇ ਵਰਲਡ ਕਬੱਡੀ ਐਸੋਸੀਏਸ਼ਨ ਵਿਚਾਲੇ ਲਗਾਤਾਰ ਤਿੰਨ ਮੀਟਿੰਗਾਂ ਹੋਈਆਂ ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਬਾਬਾ ਨਾਨਕ ਵਿਸ਼ਵ ਕਬੱਡੀ ਕੱਪ ਕਰਵਾਉਣ ਲਈ ਅੰਤਰਰਾਸ਼ਟਰੀ ਪ੍ਰਬੰਧਕੀ ਕਮੇਟੀ ਬਣਾਈ ਜਾਵੇਗੀ ਜਿਸ ਵਿੱਚ ਅੱਧੇ ਮੈਂਬਰ ਸਿੱਖ ਕੌਮ ਦੇ ਲਏ ਜਾਣਗੇ ਅਤੇ ਅੱਧੇ ਮੈਂਬਰ ਪਾਕਿਸਤਾਨ ਸਰਕਾਰ ਆਪਣੇ ਵੱਲੋਂ ਦੇਵੇਗੀ। ਇਸ ਦੇ ਨਾਲ ਹੀ ਪਾਕਿਸਤਾਨ ਸਰਕਾਰ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਵਿਸ਼ਵ ਭਰ ਵਿੱਚੋਂ ਬਾਬਾ ਨਾਨਕ ਵਿਸ਼ਵ ਕਬੱਡੀ ਕੱਪ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਕੌਮ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੱਖ ਵੱਖ ਦੇਸ਼ਾਂ ਵਿੱਚੋਂ ਸਿੱਖ ਭਾਈਚਾਰੇ ਨੂੰ ਖੁੱਲ੍ਹੇ ਰੂਪ ਵਿੱਚ ਵੀਜ਼ੇ ਜਾਰੀ ਕੀਤੇ ਜਾਣਗੇ। ਇਸ ਦੇ ਨਾਲ ਹੀ ਵਿਸ਼ਵ ਭਰ ਵਿਚੋਂ ਕਬੱਡੀ ਕੱਪ ਵਿੱਚ ਆਉਣ ਵਾਲੇ ਖਿਡਾਰੀਆਂ ਅਤੇ ਕਬੱਡੀ ਪ੍ਰੇਮੀਆਂ ਦੀ ਸੁਰੱਖਿਆ, ਰਿਹਾਇਸ਼ ਅਤੇ ਉਨ੍ਹਾਂ ਦੇ ਪਾਕਿਸਤਾਨ ਦੀਆਂ ਇਤਿਹਾਸਕ ਅਤੇ ਦਿਲ ਖਿੱਚਵੀਆਂ ਥਾਂਵਾਂ 'ਤੇ ਸੈਰ ਸਪਾਟਾ ਕਰਨ ਲਈ ਪੁਖਤਾ ਪ੍ਰਬੰਧ ਕੀਤੇ ਜਾਣਗੇ। ਪਾਕਿਸਤਾਨ ਸਰਕਾਰ ਵੱਲੋਂ ਗੁਰਧਾਮਾਂ ਦੀ ਬਹੁਤ ਵਧੀਆ ਢੰਗ ਨਾਲ ਕੀਤੀ ਜਾ ਰਹੀ ਸੇਵਾ ਸੰਭਾਲ ਤੇ ਨਾਲ ਹੀ ਪਾਕਿਸਤਾਨ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ, ਨਨਕਾਣਾ ਸਾਹਿਬ ਨੂੰ ਪਵਿੱਤਰ ਦਰਜਾ ਦੇਣ, ਸਿੱਖਾਂ ਨੂੰ ਪੁਲੀਸ ਫੌਜ ਤੇ ਸਰਕਾਰੀ ਨੌਕਰੀਆਂ ਵਿੱਚ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਨਾਲ ਦਾੜ੍ਹਾ ਪ੍ਰਕਾਸ਼ ਕਰਕੇ ਕੰਮ ਕਰਨ ਦੇ ਕੀਤੇ ਅਹਿਮ ਐਲਾਨਾਂ ਦੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਆਗੂਆਂ ਨੇ ਸ਼ਲਾਘਾ ਕੀਤੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਭੇਜੇ ਗਏ ਅਮਰੀਕਾ ਇਕਾਈ ਦੇ ਵਫਦ ਨੇ ਪਾਕਿਸਤਾਨ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਵਫਦ ਨੇ ਮੀਆਂ ਸ਼ਹਿਬਾਜ਼ ਸ਼ਰੀਫ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ਼ਰਧਾਲੂਆਂ ਨੂੰ ਜਗ੍ਹਾ ਦੀ ਘਾਟ ਕਾਰਨ ਉੱਥੇ ਠਹਿਰਣ ਵਿੱਚ ਆਉਂਦੀਆਂ ਮੁਸ਼ਕਲਾਂ ਤੋਂ ਵੀ ਜਾਣੂ ਕਰਵਾਇਆ। ਇਸ 'ਤੇ ਮੀਆਂ ਸ਼ਹਿਬਾਜ਼ ਸ਼ਰੀਫ ਵੱਲੋਂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਅਤੇ ਆਲੇ ਦੁਆਲੇ ਦੇ ਸੁੰਦਰੀਕਰਨ, ਰਿਹਾਇਸ਼ੀ ਕਮਰਿਆਂ, ਲੰਗਰ ਹਾਲ ਦੀਆਂ ਇਮਾਰਤਾਂ ਅਤੇ ਗੁਰਦੁਆਰਾ ਸਾਹਿਬ ਨੂੰ ਜਾਂਦੀਆਂ ਸੜਕਾਂ ਬਣਾਉਣ ਲਈ 5 ਅਰਬ ਰੁਪਏ ਦੀ ਲਾਗਤ ਨਾਲ ਪੂਰੇ ਹੋਣ ਵਾਲੇ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਨੇ ਸ. ਸਿਮਰਨਜੀਤ ਸਿੰਘ ਮਾਨ ਅਤੇ ਸਮੁੱਚੀ ਪਾਰਟੀ ਵੱਲੋਂ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ। ਵਫਦ ਨੇ ਮੁੱਖ ਮੰਤਰੀ ਨੂੰ ਇਹ ਵੀ ਦੱਸਿਆ ਕਿ ਵਿਸ਼ਵ ਭਰ ਵਿੱਚ ਵਸਦੀਆਂ ਸਿੱਖ ਸੰਗਤਾਂ ਨੂੰ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨ ਦਿਦਾਰ ਲਈ ਕੇਵਲ ਚਾਰ ਮੁੱਖ ਸਮਾਗਮਾਂ 'ਤੇ ਹੀ ਵੀਜ਼ੇ ਜਾਰੀ ਕੀਤੇ ਜਾਂਦੇ ਹਨ, ਜਿਸ ਨਾਲ ਸਿੱਖ ਕੌਮ ਨੂੰ ਗੁਰਧਾਮਾਂ ਦੀ ਯਾਤਰਾ ਵਿੱਚ ਬਹੁਤ ਵੱਡੀ ਮੁਸ਼ਕਲ ਆਉਂਦੀ ਹੈ ਅਤੇ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਪਾਕਿਸਤਾਨ ਵਿੱਚ ਮੌਜੂਦ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝਾ ਰਹਿ ਜਾਂਦਾ ਹੈ। ਇਸ 'ਤੇ ਪਾਕਿਸਤਾਨ ਸਰਕਾਰ ਵਲੋਂ ਪੂਰਾ ਸਾਲ ਖੁੱਲ੍ਹੇ ਰੂਪ ਵਿੱਚ ਵਿਸ਼ਵ ਭਰ ਦੇ ਸਿੱਖਾਂ ਨੂੰ ਵੀਜ਼ੇ ਜਾਰੀ ਕਰਨ ਦਾ ਅਹਿਮ ਐਲਾਨ ਕੀਤਾ ਗਿਆ ਅਤੇ ਨਾਲ ਹੀ ਵਿਸ਼ਵ ਭਰ ਦੇ ਮੁਲਕਾਂ ਵਿੱਚ ਮੌਜੂਦ ਪਾਕਿਸਤਾਨ ਅੰਬੈਸੀਆਂ ਵਿੱਚ ਲੱਗੇ ਹੋਏ ਸਾਈਨ ਬੋਰਡਾਂ 'ਤੇ ਉਰਦੂ, ਅੰਗਰੇਜ਼ੀ ਦੇ ਨਾਲ ਗੁਰਮੁਖੀ ਭਾਸ਼ਾ ਵਿੱਚ ਵੀ ਦਰਜ ਕਰਨ ਦਾ ਅਹਿਮ ਐਲਾਨ ਕੀਤਾ ਗਿਆ। ਵਫਦ ਨੇ ਪਾਕਿਸਤਾਨ ਸਰਕਾਰ ਨੂੰ ਉਨ੍ਹਾਂ ਦੇ ਨੇਕ ਕੰਮਾਂ ਲਈ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ।

---

**ਬਾਕੀ**

## ਬਚਪਨ 'ਚ ਆਏ ਸੀ ਅਮਰੀਕਾ, ਹੁਣ 'ਜਲਾਵਤਨੀ' ਦਾ ਡਰ

ਅਤੇ ਕੱਢੇ ਜਾਣ ਨੂੰ ਟਾਲਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸ਼ਿਕਾਗੋ ਵਿਚ ਪਰਵਾਸੀਆਂ ਦੀ 'ਰਣਨੀਤੀ ਸਭਾ' ਵਿਚ ਕਾਰਲੋਸ ਨੇ ਕਿਹਾ-"ਮੈਂ ਇਥੇ ਪਿਛਲੇ 27 ਵਰ੍ਹਿਆਂ ਤੋਂ ਹਾਂ ਤੇ ਹੁਣ ਕਿਤੇ ਨਹੀਂ ਜਾਵਾਂਗਾ।' ਖੁਦ ਨੂੰ 'ਡਰੀਮਰਜ਼' ਕਹਿਣ ਵਾਲੇ ਹੋਰ ਨੌਜਵਾਨ ਪਰਵਾਸੀ ਵੱਖ ਵੱਖ ਕਾਲਜਾਂ ਵਿਚ ਪ੍ਰਦਰਸ਼ਨ ਮਾਰਚ ਕਰ ਚੁੱਕੇ ਹਨ। ਨਿਊਯਾਰਕ ਤੋਂ ਵਾਸ਼ਿੰਗਟਨ ਤਕ ਮਾਰਚ ਕਰ ਚੁੱਕੇ ਹਨ। ਉਨ੍ਹਾਂ ਨੇ ਯੂਨੀਵਰਸਿਟੀਆਂ, ਕੰਪਨੀਆਂ ਅਤੇ ਹੋਰ ਮਾਲਕਾਂ ਤੋਂ ਮੰਗ ਕੀਤੀ ਹੈ ਕਿ ਉਹ ਪਰਵਾਸੀ ਪ੍ਰੋਗਰਾਮ ਡੀ.ਏ.ਸੀ.ਏ. ਰੱਦ ਹੋਣ ਤੋਂ ਬਚਾਉਣ। ਡੀ.ਏ.ਸੀ.ਏ. ਪ੍ਰੋਗਰਾਮ ਰੱਦ ਕਰਕੇ ਟਰੰਪ ਆਪਣੇ ਸਮਰਥਕਾਂ ਨੂੰ ਖੁਸ਼ ਕਰ ਸਕਦੇ ਹਨ, ਜੋ ਪਰਵਾਸੀਆਂ ਨੂੰ ਬਣਾਏ ਰੱਖਣ ਲਈ ਓਬਾਮਾ ਦੇ ਉਠਾਏ ਕਦਮਾਂ ਨੂੰ 'ਧੋਖਾ' ਕਹਿੰਦੇ ਹਨ। ਅਮਰੀਕੀ ਸੁਪਰੀਮ ਕੋਰਟ ਇਸ ਸਾਲ ਉਸ ਪ੍ਰੋਗਰਾਮ 'ਤੇ ਰੋਕ ਲਾ ਚੁੱਕਾ ਹੈ, ਜਿਸ ਵਿਚ ਅਮਰੀਕੀ ਨਾਗਰਿਕ ਕਹਾਉਣ ਵਾਲੇ ਬੱਚਿਆਂ ਦੇ ਪਰਵਾਸੀ ਮਾਤਾ-ਪਿਤਾ ਨੂੰ ਅਮਰੀਕਾ ਵਿਚ ਠਹਿਰਣ ਦੀ ਆਗਿਆ ਸੀ। ਇਸ ਵਿਚ ਉਹ ਮਾਤਾ-ਪਿਤਾ ਵੀ ਸ਼ਾਮਲ ਹਨ, ਜਿਨ੍ਹਾਂ ਦੇ ਬੱਚੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਲਈ ਪਾਬੰਦ ਹਨ। ਪਰਵਾਸੀਆਂ ਨੂੰ ਲੈ ਕੇ ਟਰੰਪ ਨੇ ਆਪਣਾ ਐਕਸ਼ਨ ਪਲਾਨ ਨਹੀਂ ਦੱਸਿਆ ਹੈ। ਉਨ੍ਹਾਂ ਦੀ ਟੀਮ ਨੇ ਵੀ ਇਸ ਬਾਰੇ ਈ-ਮੇਲ ਦਾ ਜਵਾਬ ਨਹੀਂ ਦਿੱਤਾ। 2012 ਵਿਚ ਓਬਾਮਾ ਲਈ 'ਡੀ.ਏ.ਸੀ.ਏ.' ਪ੍ਰੋਗਰਾਮ ਗ੍ਰਹਿ ਸਕੱਤਰ ਜੇਨੇਟ ਨੇਪੋਲੀਤਾਨੋ ਨੇ ਤਿਆਰ ਕੀਤਾ ਸੀ। ਇਹ ਰਾਸ਼ਟਰਪਤੀ ਦਾ ਅਧਿਕਾਰਤ ਹੁਕਮ ਨਹੀਂ ਹੈ, ਇਸ ਲਈ ਕਿਸੇ ਵੀ ਨਵੇਂ ਸਕੱਤਰ ਦੇ ਪੈੱਨ ਨਾਲ ਸਾਧਾਰਨ ਕਾਗਜ਼ 'ਤੇ ਉਸ ਨੂੰ ਰੱਦ ਕੀਤਾ ਜਾ ਸਕਦਾ ਹੈ।

ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ

## ਟਰੰਪ ਦਾ ਜਿੱਤਣਾ ਬਹੁਤ ਕੁਝ ਬ੍ਰੇਗਜ਼ਿਟ ਜਿਹਾ

ਇੱਧਰ ਕੂ ਕਲੁਕਸ ਕੈਨ ਨਾਂ ਦੇ ਵਰਣਵਾਦੀ ਸੰਗਠਨ ਦੇ ਇਕ ਸਾਬਕਾ ਆਗੂ ਡੇਵਿਡ ਡਿਊਕ ਨੇ ਟਰੰਪ ਦੀ ਜਿੱਤ ਦਾ ਸਿਹਰਾ ਜੂਲੀਅਨ ਅਸਾਂਜੇ ਨੂੰ ਦਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਅਜਿਹਾ ਸੁਣਨ 'ਚ ਆਇਆ ਹੈ ਕਿ ਅਸਾਂਜੇ ਨੂੰ ਇਹ ਸੰਦੇਸ਼ ਮਿਲਿਆ ਸੀ ਕਿ ਟਰੰਪ ਜਿੱਤ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੁਆਫ਼ੀ ਮਿਲ ਜਾਵੇਗੀ।

ਟਰੰਪ ਹਿਟਲਰ ਵਾਂਗ ਹਨ। ਇਸੇ ਵਰਣਵਾਦ ਨੇ ਹਿਟਲਰ ਨੂੰ ਸੱਤਾ ਦਿੱਤੀ ਸੀ। ਹਿਟਲਰ ਦੀ ਤਰ੍ਹਾਂ ਟਰੰਪ ਵੀ ਹਜ਼ਾਰਾਂ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਚਾਹੁੰਦੇ ਹਨ। ਹਿਟਲਰ ਜਰਮਨੀ ਦੀਆਂ ਸਮੱਸਿਆਵਾਂ ਲਈ ਯਹੂਦੀਆਂ ਨੂੰ ਜ਼ਿੰਮੇਵਾਰ ਦੱਸਦੇ ਸਨ। ਇਵੇਂ ਹੀ ਟਰੰਪ ਅਮਰੀਕਾ ਦੀ ਸਮੱਸਿਆਵਾਂ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਦੱਸਦੇ ਹਨ। ਹਿਟਲਰ ਯਹੂਦੀ-ਵਿਰੋਧੀ ਸਨ, ਤਾਂ ਟਰੰਪ ਮੁਸਲਿਮ ਵਿਰੋਧੀ ਹਨ। ਹਿਟਲਰ ਜਰਮਨੀ ਨੂੰ ਨਸਲਵਾਦੀ ਆਕਾਰ ਦੇਣਾ ਚਾਹੁੰਦੇ ਸਨ, ਟਰੰਪ ਵੀ ਇਕ ਅਜਿਹਾ ਅਮਰੀਕਾ ਬਣਾਉਣਾ ਚਾਹੁੰਦੇ ਹਨ, ਜਿਸ 'ਚ ਸਿਰਫ ਗੋਰੇ ਰਹਿਣ। ਕੁੜੀਆਂ ਨੂੰ ਟਰੰਪ ਕਿਹੜੀ ਨਿਗ੍ਹਾ ਨਾਲ ਵੇਖਦੇ ਹਨ, ਇਹ ਬਹੁਤ ਸਾਰੀਆਂ ਕੁੜੀਆਂ ਜਾਣਦੀਆਂ ਹਨ। ਕੁੜੀਆਂ-ਔਰਤਾਂ ਨੂੰ ਟਰੰਪ ਵਲੋਂ ਦਿੱਤੀਆਂ ਗਾਲ੍ਹਾਂ ਬਹੁਤ ਜਣਿਆਂ ਨੂੰ ਯਾਦ ਰਹਿਣਗੀਆਂ। ਔਰਤਾਂ ਦੀ ਜਿਸਮਾਨੀ ਖੂਬਸੂਰਤੀ ਨੂੰ ਹੀ ਟਰੰਪ ਉਨ੍ਹਾਂ ਦਾ ਇਕਮਾਤਰ ਗੁਣ ਮੰਨਦੇ ਹਨ। ਇਹ ਗੱਲ ਉਨ੍ਹਾਂ ਨੇ ਕਈ ਵਾਰ ਕਹੀ ਵੀ ਹੈ। ਆਪਣੀ ਧੀ ਇਵਾਂਕਾ ਦੇ ਸਬੰਧ 'ਚ ਟਰੰਪ ਨੇ ਕਿਹਾ ਕਿ ਸੀ ਜੇ ਉਹ ਮੇਰੀ ਧੀ ਨਾ ਹੁੰਦੀ ਤਾਂ ਮੈਂ ਉਸ ਦੇ ਨਾਲ ਡੇਟ 'ਤੇ ਜਾਂਦਾ। ਅਮਰੀਕਾ ਪੱਧਰ 'ਤੇ ਵੇਖੀਏ, ਤਾਂ ਇਹ ਇਕ ਮਾੜੀ ਟਿੱਪਣੀ ਹੈ, ਕਿਉਂਕਿ ਮਹਿਲਾ ਆਜ਼ਾਦੀ ਦੇ ਬਾਵਜੂਦ ਉੱਥੇ ਪਰਿਵਾਰਕ ਜੀਵਨ ਮੁੱਲਾਂ ਦਾ ਸਨਮਾਨ ਕੀਤਾ ਜਾਂਦਾ ਹੈ।

ਜਿਨ੍ਹਾਂ ਔਰਤਾਂ ਨੇ ਟਰੰਪ ਨੂੰ ਵੋਟ ਦਿੱਤੀ, ਕੀ ਉਹ ਇਹ ਨਹੀਂ ਜਾਣਦੀ ਕਿ ਟਰੰਪ ਔਰਤ-ਵਿਰੋਧੀ ਹਨ? ਇਹ ਇਸ ਲਈ ਵੀ ਹੈਰਾਨੀਜਨਕ ਹੈ, ਕਿਉਂਕਿ ਕੁੱਝ ਔਰਤਾਂ ਨੇ ਨਹੀਂ, ਅੰਕੜਿਆਂ ਅਨੁਸਾਰ 53 ਫ਼ੀਸਦੀ ਔਰਤਾਂ ਨੇ ਟਰੰਪ ਨੂੰ ਵੋਟ ਦਿੱਤੀ ਸੀ। ਅਮਰੀਕੀਆਂ ਨੇ ਕਾਲੇ ਨੂੰ ਰਾਸ਼ਟਰਪਤੀ ਬਣਾਇਆ ਹੈ, ਪਰ ਕਾਬਲੀਅਤ ਦੇ ਬਾਵਜੂਦ ਇਕ ਔਰਤ ਨੂੰ ਉਨ੍ਹਾਂ ਨੇ ਇਸ ਅਹੁਦੇ ਤਕ ਪੁੱਜਣ ਨਹੀਂ ਦਿੱਤਾ।

ਮੈਂ ਇਹ ਵੀ ਸੁਣਿਆ ਸੀ ਕਿ ਅਮਰੀਕਾ 'ਚ ਅਨਪੜ੍ਹ ਤੇ ਮੂਰਖ ਲੋਕਾਂ ਦੀ ਵੱਡੀ ਆਬਾਦੀ ਰਹਿੰਦੀ ਹੈ, ਪਰ ਉਨ੍ਹਾਂ ਦੀ ਗਿਣਤੀ ਇੰਨੀ ਵੱਧ ਹੈ, ਇਸ ਦਾ ਪਤਾ ਹੁਣ ਲੱਗਾ ਹੈ। ਜਿਨ੍ਹਾਂ ਅਮਰੀਕੀਆਂ ਨੇ ਕਾਲੇ-ਗੋਰੇ ਦਾ ਭੇਦਭਾਵ ਭੁੱਲ ਕੇ ਬਰਾਬਰ ਅਧਿਕਾਰ 'ਚ ਵਿਸ਼ਵਾਸ ਕਰਨ ਵਾਲੇ ਇਕ ਅਫਰੀਕੀ-ਅਮਰੀਕੀ ਬਰਾਕ ਓਬਾਮਾ ਨੂੰ ਰਾਸ਼ਟਰਪਤੀ ਵਜੋਂ ਚੁਣਿਆ, ਉਨ੍ਹਾਂ ਲੋਕਾਂ ਨੇ 8 ਸਾਲ ਬਾਅਦ ਇਕ ਨਸਲਵਾਦੀ ਤੇ ਔਰਤ ਵਿਰੋਧੀ ਨੂੰ ਰਾਸ਼ਟਰਪਤੀ ਬਣਾਇਆ ਹੈ।

ਟਰੰਪ ਦੀ ਜਿੱਤ ਤੋਂ ਪੂਰੀ ਦੁਨੀਆ ਦੇ ਮੁਸਲਿਮ ਵਿਰੋਧੀ ਵੀ ਖੁਸ਼ੀਆਂ ਮਨਾ ਰਹੇ ਹਨ। ਉਹ ਇਸ ਲਈ ਖੁਸ਼ ਹਨ ਕਿ ਉਨ੍ਹਾਂ ਦੀ ਤਰ੍ਹਾਂ ਟਰੰਪ ਵੀ ਮੁਸਲਮਾਨਾਂ ਦੇ ਵਿਰੋਧੀ ਹਨ। ਹੁਣ ਟਰੰਪ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਅਮਰੀਕਾ ਤੋਂ ਮੁਸਲਮਾਨਾਂ ਨੂੰ ਬਾਹਰ ਕੱਢਣ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਦਾ ਜੀਉਣਾ ਮੁਸ਼ਕਲ ਕਰ ਦੇਣਗੇ ਅਤੇ ਮੁਸਲਮਾਨਾਂ ਨੂੰ ਅਮਰੀਕਾ 'ਚ ਦਾਖਲ ਨਹੀਂ ਹੋਣ ਦੇਣਗੇ। ਜਿਹੜੇ ਲੋਕ ਟਰੰਪ ਦੀ ਜਿੱਤ ਤੋਂ ਖੁਸ਼ ਹਨ, ਉਹ ਸ਼ਾਇਦ ਹੀ ਸਮਝ ਪਾ ਰਹੇ ਹਨ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਵੱਖ-ਵੱਖ ਮੁੱਦਿਆਂ 'ਤੇ ਸਖਤ ਰੁਖ ਅਪਣਾ ਕੇ ਲੋਕਾਂ 'ਚ ਵਿਵਾਦ ਅਤੇ ਹਿੰਸਾ ਪੈਦਾ ਕਰਨਗੇ ਅਤੇ ਆਪਣੇ ਹੀ ਦੇਸ਼ ਵਿਚ ਨਵੇਂ ਤਰੀਕੇ ਦੇ ਅੰਦਰੂਨੀ ਸੰਘਰਸ਼ ਦੀ ਸਥਿਤੀ ਬਣਾ ਦੇਣਗੇ। ਉਂਜ ਵੀ ਉਹ ਆਪਣੇ ਦੇਸ਼ ਵਿਚ ਇਕ-ਦੂਜੇ ਵਿਰੁੱਧ ਨਫ਼ਰਤ ਦਾ ਮਾਹੌਲ ਪੈਦਾ ਕਰਨ 'ਚ ਸਫਲ ਹੋ ਗਏ ਹਨ। ਗੋਰੇ ਸਮਾਜ 'ਚ ਦੂਜੇ ਸਮਾਜ ਪ੍ਰਤੀ ਨਫ਼ਰਤ ਤੇ ਅਵਿਸ਼ਵਾਸ ਦੀ ਭਾਵਨਾ ਜੋ ਹੁਣ ਤਕ ਦੱਬੀ ਹੋਈ ਸੀ, ਟਰੰਪ ਉਸ ਨੂੰ ਜਗਾਉਣ ਤੇ ਪ੍ਰੇਰਨ 'ਚ ਕਾਮਯਾਬ ਹੋਏ ਹਨ। ਲੋਕਾਂ ਦਾ ਮਜ਼ਾਕ ਉਡਾਉਣ, ਉਨ੍ਹਾਂ ਨੂੰ ਅਪਮਾਨਤ ਕਰਨ, ਉਨ੍ਹਾਂ ਨੂੰ ਮਾੜਾ ਦੱਸਣ ਵਿਚ ਟਰੰਪ ਦਾ ਕੋਈ ਮੁਕਾਬਲੇਬਾਜ਼ ਨਹੀਂ ਹੈ। ਉਹ ਦੇਸ਼ ਦੀ ਚਿੰਤਾ ਕਰਨ ਜਾਂ ਦੇਸ਼ਵਾਸੀਆਂ ਬਾਰੇ ਸੋਚਣ ਵਾਲੇ ਰਾਜਨੇਤਾ ਨਹੀਂ ਹਨ। ਉਹ ਅਸਲ ਵਿਚ ਰਿਐਲਿਟੀ ਟੀ.ਵੀ. ਨਾਲ ਜੁੜੇ ਵਿਅਕਤੀ ਸਨ, ਉਹ ਰੀਅਲ ਅਸਟੇਟ ਕਾਰੋਬਾਰੀ ਰਹੇ ਹਨ। ਰਾਜਨੀਤੀ ਦਾ ਅਨੁਭਵ ਉਨ੍ਹਾਂ ਨੂੰ ਨਹੀਂ ਹੈ। ਨਾ ਹੀ ਉਹ ਦੂਜੇ ਅਮਰੀਕੀ ਰਾਸ਼ਟਰਪਤੀਆਂ ਵਾਂਗ ਸਿੱਖਿਅਤ, ਸਮਾਜਕ ਤੇ ਚੰਗੀ ਸ਼ਖ਼ਸੀਅਤ ਦੇ ਮਾਲਕ ਹਨ। ਇਸ ਦੇ ਬਾਵਜੂਦ ਚੋਣਾਂ ਵਿਚ ਉਨ੍ਹਾਂ ਦਾ ਜਿੱਤਣਾ ਅਮਰੀਕਾ ਲਈ ਇਕ ਮੁਸੀਬਤ ਹੀ ਹੈ। ਪਤਾ ਲੱਗਾ ਹੈ ਕਿ ਟਰੰਪ ਨੇ ਉਪ-ਰਾਸ਼ਟਰਪਤੀ ਵਜੋਂ ਜਿਨ੍ਹਾਂ ਨੂੰ ਚੁਣਿਆ ਹੈ, ਮਾਈਕ ਪੇਨਸ ਨਾਂ ਦੇ ਉਹ ਸੱਜਣ ਵੀ ਔਰਤ ਵਿਰੋਧੀ, ਵਿਗਿਆਨ ਵਿਰੋਧੀ ਕੱਟੜਵਾਦੀ ਇਸਾਈ ਹਨ। ਅਜਿਹੇ 'ਚ ਅਮਰੀਕਾ ਹੁਣ ਕਿਹੜੀ ਦਿਸ਼ਾ 'ਚ ਜਾਵੇਗਾ, ਇਹ ਸ਼ੀਸ਼ੇ ਵਾਂਗ ਸਪਸ਼ਟ ਹੈ। ਅਮਰੀਕਾ ਵਿਚ ਟਰੰਪ ਦੀ ਜਿੱਤ ਦਾ ਮਤਲਬ ਹੈ ਪੂਰੀ ਦੁਨੀਆ ਵਿਚ ਕੱਟੜ ਦੱਖਣਪੰਥੀ, ਵਰਣਵਾਦੀ, ਜਾਤੀਵਾਦ ਸੰਗਠਨਾਂ ਦੀ ਜਿੱਤ। ਅਜਿਹਾ ਲੱਗਦਾ ਹੈ ਕਿ ਜਿਵੇਂ ਵਿਕਾਸ ਦਾ ਪਹੀਆ ਇਕਦਮ ਸੌ ਸਾਲ ਪਿੱਛੇ ਘੁੰਮ ਗਿਆ ਹੈ।

## ਗੁਪਤ ਖ਼ੁਲਾਸੇ ਕਰਨ ਵਾਲੀ ਕੰਪਨੀ ਦਾ ਸੰਸਾਰ ਨੂੰ ਖੁੱਲ੍ਹਾ ਖ਼ਤ

ਨੂੰ ਸਾਹਮਣੇ ਲਿਆਉਂਦਾ ਹੈ, ਸਗੋਂ ਸੱਤਾ ਦੇ ਸਮੁੱਚੇ ਤੰਤਰ ਦੀਆਂ ਸੂਚਨਾਵਾਂ ਪੇਸ਼ ਕਰਦਾ ਹੈ ਅਸੀਂ ਜਾਣਕਾਰੀਆਂ ਦੇ ਸਰੋਤ ਦੀ ਅਖੰਡਤਾ ਵਿਚ ਵਿਸ਼ਵਾਸ ਰੱਖਦੇ ਹਾਂ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਇਤਿਹਾਸਕ ਰਿਕਾਰਡ ਆਮ ਲੋਕਾਂ ਤੱਕ ਪਹੁੰਚਣ। ਅਸੀਂ ਅਸਲ ਕੰਟੈਂਟ ਲੋਕਾਂ ਸਾਹਮਣੇ ਰੱਖਦੇ ਹਨ, ਪਰ ਉਨ੍ਹਾਂ ਦਾ ਅਧਿਐਨ, ਪ੍ਰਮਾਣਿਕਤਾ, ਜਾਇਜ਼ਤਾ ਤੇ ਪ੍ਰਸੰਗਿਕਤਾ ਜ਼ਰੂਰ ਦੇਖਦੇ ਹਾਂ। ਪਿਛਲੇ ਇਕ ਦਹਾਕੇ ਵਿਚ ਅਸੀਂ ਜੋ ਦਸਤਾਵੇਜ਼, ਗੁਪਤ ਜਾਣਕਾਰੀਆਂ ਪ੍ਰਕਾਸ਼ਤ ਕੀਤੀਆਂ ਹਨ, ਉਨ੍ਹਾਂ ਦਾ ਔਸਤ ਕੱਢੀਏ ਤਾਂ ਕਰੀਬ 3000 ਦਸਤਾਵੇਜ਼ ਪ੍ਰਤੀ ਦਿਨ ਹੁੰਦੇ ਹਨ। ਉਨ੍ਹਾਂ ਵਿਚ ਤਿੰਨ ਲੱਖ ਦਸਤਾਵੇਜ਼ ਤਾਂ ਇਰਾਕ, ਅਫ਼ਗਾਨਿਸਤਾਨ ਯੁੱਧ ਨਾਲ ਜੁੜੇ ਸਨ। 30 ਲੱਖ ਦਸਤਾਵੇਜ਼ਾਂ ਵਾਲੀ ਅਮਰੀਕੀ ਕੂਟਨੀਤੀ ਦੀ ਜਨਤਕ ਲਾਇਬਰੇਰੀ (ਕੂਟਨੀਤਕ ਦਸਤਾਵੇਜ਼ਾਂ ਦਾ ਸਭ ਤੋਂ ਵੱਡਾ ਜ਼ਖੀਰਾ) ਦਾ ਅਸੀਂ ਹਮੇਸ਼ਾ ਖ਼ਿਆਲ ਰੱਖਦੇ ਹਾਂ। ਇਸ ਤਰ੍ਹਾਂ ਸਾਡੀ ਵੈੱਬਸਾਈਟ ਦੁਨੀਆ ਵਿਚ ਖੁਲਾਸੇ ਕਰਨ ਵਾਲੀ ਸਭ ਤੋਂ ਵੱਡੀ ਵੈੱਬਸਾਈਟ ਬਣੀ ਹੈ।

ਕੁਝ ਲੋਕ ਸਾਨੂੰ ਰੂਸ ਦਾ 'ਪਿਆਦਾ' ਕਹਿੰਦੇ ਹਨ ਪਰ ਇਹ ਸਾਡੇ ਸਿਧਾਂਤਾਂ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ। ਅਸੀਂ ਸਰੋਤ ਗੁਪਤ ਰੱਖਣ ਦੇ ਆਪਣੇ ਸੰਪਾਦਕਾਂ ਦੀ ਖੋਜ ਦਾ ਸਨਮਾਨ ਕਰਦੇ ਹਾਂ। ਇਹ ਤਰੀਕਾ ਕਈ ਮੀਡੀਆ ਸੰਸਥਾਵਾਂ ਲਈ ਸਟੈਂਡਰਡ ਹੈ। ਫਿਰ ਉਹ ਭਾਵੇਂ ਜਾਰਜ ਡਬਲਯੂ ਬੁੱਸ਼ ਦੇ ਪ੍ਰਸ਼ਾਸਨ ਵਿਚ ਯੁੱਧ ਨਾਲ ਜੁੜੀਆਂ ਜਾਣਕਾਰੀਆਂ ਹੋਣ ਜਾਂ ਡੈਮੋਕਰੈਟਿਕ ਪਾਰਟੀ ਦੇ ਭ੍ਰਿਸ਼ਟਾਚਾਰ ਦੀਆਂ। ਕੁਝ ਸਥਾਪਤ ਮੀਡੀਆ ਸੰਸਥਾਵਾਂ ਪਹਿਲੇ ਸਾਡੇ ਨਾਲ ਸਨ, ਬਾਅਦ ਵਿਚ ਕੁਝ ਸਾਡੇ ਖ਼ਿਲਾਫ਼ ਹੋ ਗਈਆਂ। ਸੀ.ਐਨ.ਐਨ. ਨੇ ਤਾਂ ਇਹ ਤਕ ਕਿਹਾ ਕਿ ਜੇਕਰ ਲੋਕਾਂ ਨੇ ਸਾਡੀ ਵੈੱਬਸਾਈਟ ਤੋਂ ਦਸਤਾਵੇਜ਼ ਡਾਊਨਲੋਡ ਕੀਤੇ, ਤਾਂ ਉਹ ਕਾਨੂੰਨੀ ਪ੍ਰੇਸ਼ਾਨੀਆ ਵਿਚ ਉਲਝ ਸਕਦੇ ਹਨ। ਹਾਲਾਂਕਿ ਸਾਡਾ ਅਜਿਹਾ ਕੋਈ ਇਰਾਦਾ ਨਹੀਂ ਹੈ, ਅਸੀਂ ਉਹੀ ਪ੍ਰਕਾਸ਼ਤ ਕਰਦੇ ਹਾਂ, ਜੋ ਪ੍ਰਾਪਤ ਕਰਦੇ ਹਾਂ। ਜਿੱਥੋਂ ਤਕ ਅਮਰੀਕੀ ਚੋਣਾਂ ਦੀ ਗੱਲ ਹੈ, ਤਾਂ ਅਸੀਂ ਅਜਿਹੇ ਕਿਸੇ ਵੀ ਰਾਸ਼ਟਰਪਤੀ ਚੋਣਾਂ ਬਾਰੇ ਜਾਣਕਾਰੀਆਂ ਪ੍ਰਕਾਸ਼ਤ ਕਰਕੇ ਖੁਸ਼ ਹਾਂ, ਜੋ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਹੋਵੇ। ਅਸੀਂ ਸੱਚ ਤੋਂ ਬਿਨਾਂ ਕਿਸੇ ਹੋਰ ਦਾ ਪੱਖ ਨਾ ਲੈਣ ਵਿਚ ਵਿਸ਼ਵਾਸ ਰੱਖਦੇ ਹਾਂ। ਸਾਡਾ ਮੰਨਣਾ ਹੈ ਕਿ ਸੂਚਨਾਵਾਂ ਦਾ ਜਮਹੂਰੀਕਰਨ ਹੋਣਾ ਚਾਹੀਦਾ ਹੈ ਤੇ ਇਹ ਜਾਣਕਾਰੀਆਂ, ਜਿਨ੍ਹਾਂ ਨਾਲ ਲੋਕਾਂ ਨੂੰ ਸ਼ਾਂਤੀ ਮਿਲੇ, ਉਹ ਜਵਾਬਦੇਹ ਬਣਨ ਅਤੇ ਖ਼ੁਦ ਫ਼ੈਸਲੇ ਕਰ ਸਕਣ। ਵਿਕੀਲੀਕਸ ਗੁਪਤ ਜਾਣਕਾਰੀਆਂ ਪ੍ਰਕਾਸ਼ਤ ਕਰਦਾ ਰਹੇਗਾ। ਜਿੱਥੇ ਗੁਪਤਤਾ ਹੈ, ਉਥੇ ਪਾਰਦਰਸ਼ਤਾ ਲਿਆਂਦੀ ਜਾਵੇਗੀ।

ਨਿਊ ਯਾਰਕ ਟਾਈਮਜ਼

# ਗੁਰਦੁਆਰਾ ਸਿੰਘ ਸਭਾ ਸਿਲਵਿਸ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਸ਼ਿਕਾਗੋ/ਬਿਊਰੋ ਨਿਊਜ਼:** ਗੁਰਦੁਆਰਾ ਸਿੰਘ ਸਭਾ ਸਿਲਵਿਸ (ਅਮਰੀਕਾ) ਵਿਖੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਸਿਲਵਿਸ ਵਿਖੇ ਬਾਪੂ ਗੁਰਬਚਨ ਸਿੰਘ ਦੇ ਪਰਿਵਾਰ ਵਲੋਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਰੱਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 15 ਨਵੰਬਰ ਨੂੰ ਪਾਏ ਗਏ। ਇਸ ਮੌਕੇ ਬੀਬੀ ਸਰਵਰਿੰਦਰ ਕੌਰ (ਸਪੁੱਤਰੀ ਬਾਪੂ ਸੂਰਤ ਸਿੰਘ ਖਾਲਸਾ) ਅਤੇ ਸ.ਗੁਰਮਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚੋਂ ਗੁਰੂ ਸਾਹਿਬਾਨ ਦੇ ਸ਼ਬਦ ਪੜ੍ਹ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਉਪਰੰਤ ਹੈਡ ਗ੍ਰੰਥੀ ਭਾਈ ਗੁਰਜੀਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਵੱਡੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸੰਗਤਾਂ ਨੂੰ ਪਵਿੱਤਰ ਬਾਣੀ ਨਾਲ ਨਿਹਾਲ ਕੀਤਾ।

ਇਸ ਮੌਕੇ ਪ੍ਰਧਾਨ ਬੀਬੀ ਦਲਜੀਤ ਕੌਰ ਚੀਮਾ, ਸ.ਗੁਰਲਾਲ ਸਿੰਘ, ਸ.ਤਰਸੇਮ ਸਿੰਘ, ਸ.ਮਹਿੰਦਰ ਸਿੰਘ ਪੰਨੂੰ, ਸ.ਨਸੀਬ ਸਿੰਘ, ਸ.ਜਸਵਿੰਦਰ ਸਿੰਘ 'ਜੱਸੀ' ਸਲੇਮਪੁਰ, ਸ.ਗੁਰਲਾਭ ਸਿੰਘ, ਸ.ਚਰਨਜੀਤ ਸਿੰਘ 'ਚੰਨ੍ਹੀ', ਸ.ਗੁਰਦੇਵ ਸਿੰਘ, ਸ.ਸਰਬਜੀਤ ਸਿੰਘ ਦੁਸਾਂਝ, ਸ.ਅਮਰਪਾਲ ਸਿੰਘ ਭੱਟੀ, ਪ੍ਰੋ.ਅਸ਼ਵਨੀ ਕੁਮਾਰ, ਸ.ਸੰਪੂਰਨ ਸਿੰਘ, ਸ.ਗੁਰਿੰਦਰ ਸਿੰਘ, ਸ੍ਰੀ ਵੇਦਪਾਲ, ਸ.ਗੁਰਬਿੰਦਰ ਸਿੰਘ, ਸ.ਜੋਗਿੰਦਰ ਸਿੰਘ, ਸ.ਨਰਿੰਦਰ ਸਿੰਘ, ਸ.ਬਲਵਿੰਦਰ ਸਿੰਘ, ਸ.ਅਮਰਬੀਰ ਸਿੰਘ ਮੱਲ੍ਹੀ, ਸ.ਕਰਮਿੰਦਰ ਸਿੰਘ ਟਿਵਾਣਾ, ਸ.ਸਾਹਿਬ ਸਿੰਘ ਭਾਟੀਆ, ਸ.ਯਾਦਵਿੰਦਰ ਸਿੰਘ, ਸ.ਦਲਵੀਰ ਸਿੰਘ ਚੀਮਾ, ਸ.ਨਿਰਮਾਲ ਸਿੰਘ ਸਮੇਤ ਹੋਰ ਸੰਗਤਾਂ ਨੇ ਗੁਰੂ ਚਰਨਾਂ ਵਿਚ ਆਪਣੀ ਹਾਜ਼ਰੀ ਲਗਵਾਈ।

ਅੰਤ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਵਿਖੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# 'ਸਾਂਝੀ ਸੋਚ' ਅਖਬਾਰ ਦਾ ਸਲਾਨਾ ਸਮਾਗਮ

## ਵੱਖ ਵੱਖ ਸਖ਼ਸ਼ੀਅਤਾਂ ਦੀ ਸ਼ਮੂਲੀਅਤ ਵਾਲੇ ਪ੍ਰੋਗਰਾਮ ਦਾ ਲੋਕਾਂ ਨੇ ਆਨੰਦ ਮਾਣਿਆ









**ਟਰੇਸੀ/ਬਿਊਰੋ ਨਿਊਜ਼,** ਸਾਂਝੀ ਸੋਚ ਅਖਬਾਰ ਦੀ ਚੌਥੀ ਵਰ੍ਹੇ ਗੰਢ ਦੇ ਸਬੰਧ ਵਿੱਚ ਨਿਰਵਾਣਾ ਬੈਂਕੁਇਟ ਹਾਲ ਟਰੇਸੀ ਵਿਚ ਹੋਏ ਸਮਾਗਮ ਵਿਚ ਚੋਖੀ ਗਿਣਤੀ ਵਿੱਚ ਪੁੱਜੇ ਪਤਵੰਤੇ ਸੱਜਣਾਂ ਵਿਚ ਮੰਨੀਆਂ ਪ੍ਰਮੰਨੀਆਂ ਸਖ਼ਸ਼ੀਅਤਾਂ ਸ਼ਾਮਲ ਸਨ। ਸ਼ਾਮੀਂ 5:00 ਵਜੇ ਸ਼ੁਰੂ ਹੋ ਕੇ ਰਾਤ 9:00 ਵਜੇ ਤੱਕ ਚਲੇ ਇਸ ਪ੍ਰੋਗਰਾਮ ਵਿੱਚ ਬੁਲਾਰਿਆਂ ਨੇ ਸਾਂਝੀ ਸੋਚ ਅਖਬਾਰ ਦੇ ਸੰਪਾਦਕ ਬੂਟਾ ਸਿੰਘ ਬਾਸੀ ਦੀ ਪੱਤਰਕਾਰੀ ਖੇਤਰ ਵਿੱਚ ਯਤਨਾਂ ਦੀ ਸਰਾਹਨਾ ਕੀਤੀ। ਸਮਾਗਮ ਦੇ ਆਰੰਭ ਵਿਚ ਰੀਬਨ ਕੱਟਣ ਦੀ ਰਸਮ ਹਰਪ੍ਰੀਤ ਸਿੰਘ ਸਿੱਧੂ, ਤੇਜਿੰਦਰ ਸਿੰਘ ਦੋਸਾਂਝ, ਪਰਮਜੀਤ ਸਿੰਘ ਦਾਖਾ, ਸਰਦੂਲ ਸਿੰਘ ਬਾਜਵਾ ਤੇ ਹੋਰਨਾਂ ਨੇ ਨਿਭਾਈ।

ਸਮੁੱਚੇ ਪ੍ਰੋਗਰਾਮ ਦੀ ਕਾਰਵਾਈ ਸ਼ਇਰਾਨਾ ਢੰਗ ਨਾਲ ਚਲਾਉਣ ਲਈ ਉੱਘੀ ਐਂਕਰ ਬੀਬੀ ਆਸ਼ਾ ਸ਼ਰਮਾ ਨੇ ਸਟੇਜ ਸੰਭਾਲੀ। ਉਨ੍ਹਾਂ ਨੇ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਮੋਡੈਸਟੋ ਨੂੰ ਸਟੇਜ ਉਪਰ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਵਾਰ ਗਾ ਕੇ ਚੰਗਾ ਰੰਗ ਬੰਨ੍ਹਿਆ। ਭਾਈ ਮਨਜੀਤ ਸਿੰਘ ਪੱਤੜ ਤੇ ਭਾਈ ਸੁਖਚੈਨ ਸਿੰਘ ਔਜਲਾ ਨੇ ਦੋ ਵਾਰਾਂ ਸੁਣਾ ਕੇ ਹਾਜ਼ਰੀ ਲਵਾਈ। ਢਾਡੀ ਤੇ ਕਵੀਸ਼ਰ ਗੁਰਨਾਮ ਸਿੰਘ ਭੰਡਾਲ ਤੇ ਸਾਥੀਆਂ ਨੂੰ ਵਾਰਾਂ ਸੁਣਾਈਆਂ। ਬੱਚੀਆਂ ਕਿਰਨ ਮਹਿਮੀ ਦਿਲਜੋਤ ਕੌਰ ਤੇ ਕਮਨੀਵ ਕੌਰ ਨੇ ਗਾਣਿਆਂ ਉਪਰ ਡਾਂਸ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਬੱਚੀ ਅਵਰੀਨ ਵਿਰਦੀ ਨੇ ਵੀ ਡਾਂਸ ਕੀਤਾ। ਸ਼ੌਕੀ ਗਭਰੂ ਸੌਕੀਨ ਮੁੰਡੇ ਪੰਜਾਬ ਮਨਟੀਕਾ ਤੋਂ ਭੰਗੜਾ ਟੀਮ ਨੇ ਵੀ ਚੰਗਾ ਰੰਗ ਬੰਨ੍ਹਿਆ। ਜੀ ਐਚ ਜੀ ਅਕੈਡਮੀ ਫਰਿਜਨੋ ਦੀ ਟੀਮ ਨੇ ਭੰਗੜਾ ਤੇ ਮਲਵਈ ਗਿੱਧਾ ਪੇਸ਼ ਕਰਕੇ ਵਾਹ ਵਾਹ ਖੱਟੀ। ਸਨੀ ਬੱਬਰ ਦੀ ਸ਼ੇਅਰੋ ਸ਼ੇਅਰੀ ਤੇ ਗੀਤ ਵੀ ਵਾਹਵਾ ਰਹੇ। ਜੀਤਾ ਗਿੱਲ, ਪੰਜਾਬੀ ਗੀਤਾਂ ਦੇ ਬਾਦਸ਼ਾਹ ਸਤੀ ਸਤਵਿੰਦਰ, ਜੋਤ ਰਣਜੀਤ, ਜਸਲੀਨ ਖਲੂਜਾ ਤੇ ਰੋਜਿਤ ਅਲੀ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ। ਦਰਸ਼ਕਾਂ ਤੇ ਸਰੋਤਿਆਂ ਨੇ ਸਾਰੇ ਕਲਾਕਾਰਾਂ ਦੀ ਪੇਸ਼ਕਾਰੀ ਦਾ ਭਰਪੂਰ ਆਨੰਦ ਮਾਣਿਆ।

ਭਾਰਤੀ ਕੌਂਸਲਖਾਨੇ ਤੋਂ ਵਾਈਸ ਕੌਂਸਲ ਵੈਂਕਟ ਰਮਨ ਸਮਾਗਮ ਵਿਚ ਪੁੱਜੇ। ਟਰੇਸੀ ਸਿਟੀ ਦੇ ਮੇਅਰ ਤੋਂ ਇਲਾਵਾ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ। ਕਾਂਗਰਸਮੈਨ ਜੈਫਡੈਨਹੇਮ ਦੇ ਦਫ਼ਤਰ ਤੋਂ ਸਾਂਡਰਾ ਲੋਜਾ ਪੁੱਜੀ। ਅਸੰਬਲੀ ਮੈਨ ਐਡਮਗਰੇਅ ਦੇ ਦਫ਼ਤਰ ਤੋਂ ਸਟਾਫ਼ ਮੈਂਬਰ ਪੁੱਜੇ। ਇਨ੍ਹਾਂ ਨੇ ਸੰਪਾਦਕ ਬੂਟਾ ਸਿੰਘ ਬਾਸੀ ਨੂੰ ਪ੍ਰਮਾਣ ਪੱਤਰ ਦਿੱਤੇ। ਗੁਰਮੀਤ ਗਾਜਿਆਣਾ, ਹਰਪ੍ਰੀਤ ਸਿੰਘ ਸਿੱਧੂ ਤੇ ਮਹਿੰਦਰ ਸਿੰਘ ਕੰਡਾ ਨੂੰ ਵੀ ਪ੍ਰਮਾਣ ਪੱਤਰ ਦਿੱਤਾ ਗਿਆ। ਸਾਂਝੀ ਸੋਚ ਦੀ ਪ੍ਰਬੰਧਕੀ ਟੀਮ ਨੇ ਇਨ੍ਹਾਂ ਸਾਰਿਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ।

ਰਾਜਸੀ ਤੇ ਸਮਾਜਿਕ ਸੰਸਥਾਵਾਂ, ਜਿਨ੍ਹਾਂ ਵਿੱਚ ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ੍ਰਅਕਾਲੀ ਦਲ ਅਮਰੀਕਾ ਵੈਸਟ, ਪਰਮਜੀਤ ਸਿੰਘ ਦਾਖਾ ਕੋਆਰਡੀਨੇਟਰ ਅਮਰੀਕਨ ਸ੍ਰਗੁਰਦੁਆਰਾ ਪ੍ਰਬੰਧਕ ਕਮੇਟੀ, ਹਰਜਾਪ ਸਿੰਘ ਪ੍ਰਧਾਨ ਭਾਈ ਘਨੱਈਆ ਸੇਵਾ ਸੁਸਾਇਟੀ, ਸੁਦੇਸ਼ ਸਿੰਘ ਅਟਵਾਲ ਵਾਇਸ ਪ੍ਰਧਾਨ ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ, ਦਰਸ਼ਨ ਸਿੰਘ ਮਾਨ ਸੈਕਟਰੀ ਗੁਰੂ ਨਾਨਕ ਸੇਵਾ ਦਲ ਤੇ ਰਣਜੀਤ ਸਿੰਘ ਰਾਏ ਮੈਂਬਰ ਐਲਸਬਰਾਂਟੇ ਗੁਰੂ ਘਰ ਸ਼ਾਮਲ ਹਨ, ਵਲੋਂ ਬੂਟਾ ਸਿੰਘ ਬਾਸੀ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਕੁਝ ਸੰਸਥਾਵਾਂ, ਜਥੇਬੰਦੀਆਂ ਅਤੇ ਵਿਅਕਤੀਆਂ ਵਲੋਂ ਸਾਂਝੀ ਸੋਚ ਅਦਾਰੇ ਨੂੰ ਵਿੱਤੀ ਸਹਾਇਤਾ ਵੀ ਦਿੱਤੀ ਗਈ। ਇਸ ਮੌਕੇ ਚਰਨਜੀਤ ਸਿੰਘ ਗੁੰਮਟਾਲਾ ਦੀ ਪੁਸਤਕ 'ਲੋਕ ਮਸਲੇ ਦਸ਼ਾ ਤੇ ਦਿਸ਼ਾ', ਸਮਸ਼ੀਰ ਸਿੰਘ ਸ਼ਾਹਗੀਰ ਦੀ ਪੁਸਤਕ ਰਲੀਜ਼ ਕਰਨ ਤੋਂ ਇਲਾਵਾ ਪੰਜਾਬੀ ਗਾਇਕ ਜੀਤਾ ਗਿੱਲ ਦਾ ਸਿੰਗਲ ਟਰੈਕ ਗਾਣਾ ਸਰਦਾਰੀ ਦਾ ਪੋਸਟਰ ਵੀ ਜਾਰੀ ਕੀਤਾ ਗਿਆ।

ਹਰਪ੍ਰੀਤ ਸਿੰਘ ਸਿੱਧੂ, ਪਾਲ ਸਹੋਤਾ, ਅਵਤਾਰ ਗਿੱਲ ਗੁਰਮੀਤ ਸਿੰਘ ਗਾਜਿਆਣਾ, ਟੋਨੀ ਗਿੱਲਮ ਰਾਣਾ ਗਿੱਲ ਜਗਦੇਵ ਸਿੱਧੂ, ਅਮਨਦੀਪ ਸਿੰਘ ਸਿੱਧੂ ਤੇ ਰਾਜਪਾਲ ਗਿੱਲ ਦੇ ਵਿਸ਼ੇਸ਼ ਸਹਿਯੋਗ ਨਾਲ ਕੀਤੇ ਇਸ ਉੱਦਮ ਵਿੱਚ ਬਲਰਾਜ ਸਿੰਘ ਪੰਨੂ ਔਰੇਗਨ ਸਟੇਟ ਤੋਂ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਿੱਸਾ ਲੈਣ ਪੁੱਜੇ।

ਅਖ਼ੀਰ ਵਿੱਚ ਬੂਟਾ ਬਾਸੀ ਨੇ ਸਮਾਗਮ ਵਿਚ ਪੁੱਜੇ ਸੁਹਿਰਦ ਪਾਠਕਾਂ, ਇਸ਼ਤਿਹਾਰ ਦਾਤਾਵਾਂ, ਸੱਜਣਾਂ ਮਿੱਤਰਾਂ ਤੇ ਹੋਰ ਅਹਿਮ ਸਖ਼ਸ਼ੀਅਤਾਂ ਦਾ ਸਮਾਗਮ ਨੂੰ ਸਫ਼ਲ ਬਣਾਉਣ ਲਈ ਦਿੱਤੇ ਸਹਿਯੋਗ ਵਾਸਤੇ ਸਭਨਾਂ ਦਾ ਧੰਨਵਾਦ ਕੀਤਾ ਹੈ।

**ਬਾਕੀ**

## ਨੋਟਬੰਦੀ ਨੂੰ ਲੈ ਕੇ ਸੰਸਦ ਵਿਚ ਹੰਗਾਮਾ, ਹੁਣ ਤਕ 60 ਦੇ ਕਰੀਬ ਮੌਤਾਂ

ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਕਰੀਬ 17 ਲੱਖ ਕਰੋੜ ਰੁਪਏ ਤਕ ਦੀ ਰਕਮ ਕਾਲਾ ਧਨ ਨਹੀਂ ਹੈ। ਜੇਕਰ ਇਹ ਪੈਸਾ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਜਾਂਦਾ ਹੈ ਜੋ ਟੈਕਸ ਨਹੀਂ ਦਿੰਦੇ, ਤਾਂ ਇਹ ਕਾਲਾ ਧਨ ਹੋ ਜਾਂਦਾ ਹੈ। ਮੋਦੀ ਸਰਕਾਰ ਨੋਟ ਖ਼ਤਮ ਕਰ ਰਹੀ, ਉਨ੍ਹਾਂ ਨੂੰ ਨਹੀਂ ਫੜ ਰਹੀ ਜੋ ਟੈਕਸ ਚੋਰੀ ਕਰਦੇ ਹਨ। ਜੋ ਟੈਕਸ ਨਹੀਂ ਦਿੰਦੇ, ਉਹ ਸਿਰਾਹਣੇ ਵਿਚ ਕਾਲਾ ਧਨ ਨਹੀਂ ਰੱਖਦੇ। ਉਧਰ ਮੋਦੀ ਸਰਕਾਰ ਨੇ ਈ-ਵਾਇਲਟ (ਆਨ ਲਾਈਨ ਪੇਮੈਂਟ) 'ਤੇ ਮਿਹਰਬਾਨੀ ਕਰਦਿਆਂ 31 ਦਸੰਬਰ ਤਕ ਡੈਬਿਟ ਕਾਰਨ ਟਰਾਂਜ਼ੈਕਸ਼ਨ 'ਤੇ ਕੋਈ ਟੈਕਸ ਨਾ ਲਾਉਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ 'ਵਿਰੋਧੀ ਧਿਰ ਇਕ ਹੈ' ਦੇ ਨਾਅਰਿਆਂ ਨਾਲ ਗੂੰਜਦੇ ਸੰਸਦ ਦੇ ਦੋਵਾਂ ਸਦਨਾਂ ਵਿਚ ਇਸ ਇਕਜੁੱਟਤਾ ਕਾਰਨ ਛੇਵੇਂ ਦਿਨ ਵੀ ਕੋਈ ਕੰਮਕਾਜ ਨਾ ਹੋ ਸਕਿਆ ਤੇ ਸਦਨਾਂ ਦੀ ਕਾਰਵਾਈ ਵੀਰਵਾਰ ਤਕ ਲਈ ਮੁਲਤਵੀ ਕਰ ਦਿੱਤੀ ਗਈ। ਲੋਕ ਸਭਾ ਜੁੜਨ ਦੇ ਨਾਲ ਹੀ ਵਿਰੋਧੀ ਧਿਰ ਨੇ ਕੰਮ ਮੁਲਤਵੀ ਕਰਕੇ ਚਰਚਾ ਕਰਵਾਉਣ ਦਾ ਮੁੱਦਾ ਉਠਾਇਆ, ਜਿਸ ਨੂੰ ਸਪੀਕਰ ਸੁਮਿਤਰਾ ਮਹਾਜਨ ਨੇ ਸਖ਼ਤੀ ਨਾਲ ਮਨ੍ਹਾ ਕਰ ਦਿੱਤਾ। ਸਰਕਾਰ ਦੀ ਘੇਰਾਬੰਦੀ ਕਰ ਰਹੀਆਂ ਵਿਰੋਧੀ ਪਾਰਟੀਆਂ ਨੇ ਇਸ ਦੇ ਨਾਲ ਹੀ ਲੋਕ ਸਭਾ ਦੇ ਵਿਚਕਾਰ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਾਂਗਰਸ, ਤ੍ਰਿਣਮੂਲ ਕਾਂਗਰਸ ਤੋਂ ਇਲਾਵਾ ਸਮਾਜਵਾਦੀ ਪਾਰਟੀ, ਏ.ਆਈ. ਏ.ਡੀ. ਐਮ.ਕੇ., ਜਨਤਾ ਦਲ (ਯੂ), ਮਾਰਕਸੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਸਰਕਾਰ ਦੇ ਫੈਸਲੇ ਖ਼ਿਲਾਫ਼ ਸਾਂਝੀ ਕਾਰਜ ਯੋਜਨਾ ਤਹਿਤ ਦੋਵਾਂ ਸਦਨਾਂ ਵਿਚ ਇਕਜੁੱਟਤਾ ਦਾ ਪ੍ਰਗਟਾਵਾ ਕਰ ਰਹੀਆਂ ਹਨ। ਸਪੀਕਰ ਸੁਮਿਤਰਾ ਮਹਾਜਨ ਨੇ ਇਸ ਰੌਲੇ-ਰੱਪੇ ਵਿਚ ਪ੍ਰਸ਼ਨਕਾਲ ਚਲਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਵਿਰੋਧੀ ਧਿਰ ਦੀਆਂ ਬੁਲੰਦ ਆਵਾਜ਼ਾਂ ਕਾਰਨ 20 ਮਿੰਟਾਂ ਬਾਅਦ ਹੀ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪਈ। ਸਪੀਕਰ ਨੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਵਾਰ-ਵਾਰ ਪੋਸਟਰ ਲਹਿਰਾਉਣ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਸਾਰਿਆਂ (ਵਿਰੋਧੀ ਧਿਰ) ਨੂੰ ਟੀ. ਵੀ. 'ਤੇ ਦਿਖਾਇਆ ਜਾਵੇਗਾ, ਪਰ ਮੰਤਰੀ ਨੂੰ ਜਵਾਬ ਦੇਣ ਦਿੱਤਾ ਜਾਵੇ।

ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਟੀ.ਵੀ. 'ਤੇ ਪਾਪ ਕਨਸਰਟ ਵਿਚ ਬੋਲ ਸਕਦੇ ਹਨ ਤਾਂ ਨੋਟਬੰਦੀ 'ਤੇ ਸੰਸਦ ਵਿਚ ਬੋਲਣ 'ਤੇ ਕੀ ਇਤਰਾਜ਼ ਹੈ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਵੱਲੋਂ ਭਾਜਪਾ ਦੀ ਸੰਸਦੀ ਬੋਰਡ ਵਿਚ ਭਾਵੁਕ ਹੋਣ 'ਤੇ ਵੀ ਤਨਜ਼ ਕਰਦਿਆਂ ਕਿਹਾ ਕਿ ਜਦੋਂ ਅਸੀਂ ਲੋਕ ਸਭਾ ਵਿਚ ਬੈਠਾਂਗੇ ਤਾਂ ਉਹ (ਮੋਦੀ) ਹੋਰ ਭਾਵੁਕ ਹੋ ਜਾਣਗੇ।

## ਨੋਟਬੰਦੀ ਨੇ ਲਈ ਲੁਧਿਆਣਾ ਦੇ ਬਲਬੀਰ ਸਿੰਘ ਦੀ ਜਾਨ

ਹਫਤੇ ਦੇ ਸ਼ੁਰੂ ਵਿਚ ਤਬੀਅਤ ਖਰਾਬ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਡਾਕਟਰ ਪਾਸ ਜਦੋਂ ਬਲਬੀਰ ਨੂੰ ਇਲਾਜ ਲਈ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਦਿਲ ਦੀ ਬਿਮਾਰੀ ਬਾਰੇ ਦੱਸਿਆ ਤੇ ਸੀ.ਐਮ. ਸੀ. ਲਿਜਾਉਣ ਲਈ ਕਿਹਾ। ਉਸ ਦੱਸਿਆ ਕਿ ਜਦੋਂ ਉਹ ਸੀ.ਐਮ.ਸੀ. ਹਸਪਤਾਲ ਗਏ ਤਾਂ ਉਥੇ ਉਨ੍ਹਾਂ ਨੂੰ 50 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ। ਬਲਬੀਰ ਦੀ ਪਤਨੀ ਨੇ ਹਸਪਤਾਲ ਦੇ ਡਾਕਟਰ ਨੂੰ ਨੀਲਾ ਕਾਰਡ ਦਿਖਾਇਆ, ਪਰ ਉਨ੍ਹਾਂ ਨੀਲੇ ਕਾਰਡ 'ਤੇ ਇਲਾਜ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਬਲਬੀਰ ਦੀ ਪਤਨੀ ਬਲਜੀਤ ਕੌਰ ਬੈਂਕ ਤੋਂ ਪੈਸੇ ਕਢਵਾਉਣ ਗਈ ਤਾਂ ਉਥੇ ਭੀੜ ਹੋਣ ਕਾਰਨ ਉਹ ਪੈਸੇ ਨਹੀਂ ਕਢਵਾ ਸਕੀ। ਉਸ ਦੱਸਿਆ ਕਿ ਲਗਾਤਾਰ ਦੋ ਦਿਨ ਉਸ ਦਾ ਪਤੀ ਤੇ ਲੜਕੇ ਬੈਂਕਾਂ ਵਿਚ ਧੱਕੇ ਖਾਂਦੇ ਰਹੇ, ਪਰ ਕਿਸੇ ਬੈਂਕ ਅਧਿਕਾਰੀ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ। ਉਸ ਦੱਸਿਆ ਕਿ ਜਦੋਂ ਉਹ ਨੀਲਾ ਕਾਰਡ ਲੈ ਕੇ ਘੁਮਾਰ ਮੰਡੀ ਸਥਿਤ ਹਸਪਤਾਲ ਗਏ ਤਾਂ ਉਥੇ ਵੀ ਪੈਸੇ ਨਾ ਹੋਣ ਕਾਰਨ ਬਲਬੀਰ ਦਾ ਇਲਾਜ ਨਹੀਂ ਕੀਤਾ ਗਿਆ ਤੇ ਉਸ ਨੂੰ ਦਿਆਨੰਦ ਹਸਪਤਾਲ ਭੇਜ ਦਿੱਤਾ, ਜਿਥੇ ਉਸ ਦੀ ਮੌਤ ਹੋ ਗਈ। ਬਿੰਲਾ ਨੇ ਦੱਸਿਆ ਕਿ ਬਲਬੀਰ ਦੇ ਖਾਤੇ ਵਿਚ 50 ਹਜਾਰ, ਉਸ ਦੀ ਪਤਨੀ ਦੇ ਖਾਤੇ ਵਿਚ 2 ਹਜ਼ਾਰ ਤੇ ਕੁਝ ਰਕਮ ਬਲਬੀਰ ਦੇ ਲੜਕੇ ਪਵਨ ਦੇ ਖਾਤੇ ਵਿਚ ਸੀ, ਪਰ ਕਿਸੇ ਵੀ ਬੈਂਕ ਨੇ ਉਨ੍ਹਾਂ ਨੂੰ ਪੈਸੇ ਨਹੀਂ ਦਿੱਤੇ ਤੇ ਜਿਹੜੇ ਕੁਝ ਪੈਸੇ ਘਰ ਪਏ ਸਨ ਉਹ 500 ਤੇ 1000 ਰੁਪਏ ਦੇ ਨੋਟ ਸਨ ਜੋ ਹਸਪਤਾਲ ਵਾਲੇ ਨਹੀਂ ਲੈ ਰਹੇ ਸਨ। ਉਸ ਨੇ ਦੱਸਿਆ ਕਿ ਕੁਝ ਦੋਸਤਾਂ ਤੋਂ ਪੈਸੇ ਮੰਗ ਕੇ ਬਲਬੀਰ ਦਾ ਇਲਾਜ ਕੀਤਾ, ਪਰ ਇਸ ਨੋਟਬੰਦੀ ਕਾਰਨ ਉਹ ਬਲਬੀਰ ਨੂੰ ਬਚਾ ਨਹੀਂ ਸਕੇ।

## ਕਾਲੇ ਤੋਂ ਸਫ਼ੈਦ ਹੋਣ ਦੇ ਉਹ ਪਲ

ਵਿਚੋਂ ਹਰ ਕਿਸੇ ਨੂੰ 'ਕਿਸਮਤ ਵਾਲਾ' ਹੋਣ ਦਾ ਆਕਰਸ਼ਣ ਹੁੰਦਾ ਹੈ। ਕਈ ਖਿਡਾਰੀ ਕ੍ਰਿਕਟ ਮੈਦਾਨ 'ਤੇ ਧਾਰਮਿਕ ਪੱਟੀ ਬੰਨ੍ਹੇ ਹੋਏ ਹੁੰਦੇ ਹਨ। ਮੰਨਿਆ ਕਿ ਦੂਜੇ ਖੇਡਾਂ ਦੀ ਤਰ੍ਹਾਂ ਸੰਜੋਗਵੱਸ ਕ੍ਰਿਕਟ ਮੈਚ ਦੇ ਨਤੀਜੇ ਵੱਡੀ ਭੂਮਿਕਾ ਨਿਭਾਉਂਦੇ ਹਨ, ਪਰ ਟੈਸਟ ਕ੍ਰਿਕਟ ਵਿੱਚ ਕੌਸ਼ਲ ਅਤੇ ਦਮ-ਖ਼ਮ ਦੀ ਪਰਖ ਹੁੰਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਖਿਡਾਰੀ ਦੀ ਮਨੋਦਸ਼ਾ ਤੇ ਨਿੱਜੀ ਵਚਨਬੱਧਤਾ ਨੂੰ ਪਰਖਣ ਦੇ ਨਾਲ ਨਾਲ ਅਗਵਾਈ ਦਾ ਮੁਕਾਬਲਾ ਵੀ ਹੁੰਦਾ ਹੈ। ਕ੍ਰਿਕਟ ਸਬੰਧਤ ਟੀਮਾਂ ਦੀ ਆਪਣੇ ਪੱਧਰ 'ਤੇ ਆਪਣੇ ਦੇਵਤਿਆਂ ਦੇ ਆਸ਼ੀਰਵਾਦ ਲਈ ਪ੍ਰਾਰਥਨਾ ਕਰਨ ਦੀ ਸਮਰੱਥਾ ਦਾ ਟੈਸਟ ਨਹੀਂ ਹੈ। ਵਿਸ਼ਾਖਾਪਟਨਮ ਵਿੱਚ ਜੋ ਕੁਝ ਵੀ ਹੋਇਆ, ਉਹ ਸਾਨੂੰ ਇਸ ਗੱਲ ਦੀ ਇੱਕ ਵਾਰ ਫਿਰ ਯਾਦ ਦਿਵਾਉਂਦਾ ਹੈ ਕਿ ਇੱਕ ਸਮਾਜ ਦੇ ਰੂਪ ਵਿੱਚ ਅਸੀਂ ਕਿਸੇ ਹੱਦ ਤਕ ਰੂੜੀਵਾਦੀ ਵਿਚਾਰਾਂ ਅਤੇ ਨੁਸਖਿਆਂ ਦੀ ਤਰਫ਼ ਮੋਹਿਤ ਹੁੰਦੇ ਜਾ ਰਹੇ ਹਾਂ। ਇੱਕ ਤਰਫ਼ ਜਿੱਥੇ ਸਾਡਾ ਸਮਾਜ ਰੀਤੀ-ਰਿਵਾਜ਼ਾਂ ਵਿੱਚ ਆਧੁਨਿਕਤਾ ਲਿਆ ਰਿਹਾ ਹੈ, ਉੱਥੇ ਹੀ ਇਹ ਸਚਾਈ ਹੈ ਕਿ ਅਸੀਂ ਨਹਿਰੂਵਾਦੀ ਵਿਗਿਆਨਕ ਸੋਚ ਤੋਂ ਦੂਰ ਹੁੰਦੇ ਜਾ ਰਹੇ ਹਾਂ।

ਕੁਝ ਦਿਨ ਪਹਿਲਾਂ ਮੈਨੂੰ ਗੁਰੂਗ੍ਰਾਮ ਤੋਂ ਇੱਕ ਪਾਠਕ ਪਵਨ ਕੁਮਾਰ ਬਾਂਸਲ ਦਾ ਸੰਦੇਸ਼ ਮਿਲਿਆ। ਉਹ ਚਾਹੁੰਦੇ ਸਨ ਕਿ ਮੈਂ ਹਰਿਆਣਾ ਦੀ ਜੈਅੰਤੀ ਤਿਆਰੀ ਕਮੇਟੀ ਵਿੱਚ ਆਪਣੀ ਮੈਂਬਰਸ਼ਿਪ 'ਤੇ ਪੁਨਰਵਿਚਾਰ ਕਰਾਂ। ਬਾਂਸਲ ਨੂੰ ਦੋ ਗੱਲਾਂ 'ਤੇ ਇਤਰਾਜ਼ ਸੀ: ਪਹਿਲਾਂ ਇਹ ਕਿ "ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਕਮੇਟੀ ਦਾ ਮੈਂਬਰ ਬਣਨਾ ਮੁੱਖ ਸੰਪਾਦਕ ਦੇ ਪਦ ਦੀ ਸ਼ਾਨ ਦੇ ਅਨੁਕੂਲ ਨਹੀਂ ਹੈ।" ਮੈਨੂੰ ਲਗਦਾ ਹੈ ਕਿ ਇਹ ਹਲਕਾ ਤਰਕ ਹੈ। ਰਾਜ ਦਾ ਮੁੱਖ ਮੰਤਰੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਸੰਵਿਧਾਨਕ ਅਹੁਦਾ ਹੈ ਅਤੇ ਇਹ ਸਨਮਾਨ ਅਤੇ ਸ਼ਿਸ਼ਟਾਚਾਰ ਦੇ ਹੱਕਦਾਰ ਹਨ, ਪਰ ਉਨ੍ਹਾਂ ਨਾਲ ਕਿਸੇ ਕਮੇਟੀ ਵਿੱਚ ਸ਼ਾਮਲ ਹੋਣਾ ਅਤੇ ਮੰਚ ਸਾਂਝਾ ਕਰਨ ਦਾ ਮਤਲਬ ਉਨ੍ਹਾਂ ਦੀ ਰਾਜਨੀਤੀ ਅਤੇ ਨੀਤੀਆਂ ਦਾ ਸਮਰਥਨ ਕਰਨਾ ਨਹੀਂ ਹੁੰਦਾ। ਹਰਿਆਣਾ ਦੀ ਕਮੇਟੀ ਵਿੱਚ ਤਾਂ ਹਰ ਵਰਗ ਦੇ ਲੋਕ ਸ਼ਾਮਲ ਹਨ। ਇਸ ਵਿੱਚ ਕਿਸੇ ਤਰ੍ਹਾਂ ਦੇ ਵਿਸ਼ੇਸ਼ ਅਧਿਕਾਰ ਵਾਲੀ ਕੋਈ ਗੱਲ ਨਹੀਂ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਅਹਿਸਾਨ ਦਿੱਤਾ ਜਾਂਦਾ ਹੈ ਅਤੇ ਨਾ ਹੀ ਲਿਆ ਜਾਂਦਾ ਹੈ।

ਸ੍ਰੀ ਬਾਂਸਲ ਦਾ ਦੂਜਾ ਇਤਰਾਜ਼ ਪੰਜਾਬ ਹਰਿਆਣਾ ਵਿਚਕਾਰ ਨਦੀ ਜਲ ਬਟਵਾਰਾ, ਚੰਡੀਗੜ੍ਹ ਅਤੇ ਪੰਜਾਬ ਦੇ ਹਿੰਦੀ ਬੋਲਣ ਵਾਲੇ ਖੇਤਰਾਂ ਨੂੰ ਲੈ ਕੇ ਹਰਿਆਣਾ ਅਤੇ ਪੰਜਾਬ ਦੇ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਹੈ। ਸਾਲ ਭਰ ਚੱਲਣ ਵਾਲੇ ਸਮਾਗਮ ਦੌਰਾਨ ਰਾਜ ਦੇ ਨੇਤਾਵਾਂ ਵੱਲੋਂ ਅਜਿਹੇ ਮੁੱਦੇ ਚੁੱਕੇ ਜਾਂਦੇ ਰਹਿਣਗੇ।

ਸ਼ਾਇਦ ਉਨ੍ਹਾਂ ਨੂੰ ਲਗਦਾ ਹੈ ਕਿ ਇਸ ਕਮੇਟੀ ਵਿੱਚ ਮੁੱਖ ਸੰਪਾਦਕ ਦੀ ਸ਼ਮੂਲੀਅਤ ਵਿਸ਼ੇਸ਼ ਕਰਕੇ ਹਰਿਆਣਾ-ਪੰਜਾਬ ਦੇ ਵਿਵਾਦਾਂ ਦੇ ਸਬੰਧ ਵਿੱਚ ਟ੍ਰਿਬਿਊਨ ਦੀ ਨਿਡਰਤਾ ਅਤੇ ਨਿਰਪੱਖਤਾ 'ਤੇ ਕੁਝ ਹੱਦ ਤਕ ਅਸਰ ਪਾ ਸਕਦੀ ਹੈ। ਮੈਂ ਸ੍ਰੀ ਬਾਂਸਲ ਨੂੰ ਇਹ ਭਰੋਸਾ ਦਿੰਦਾ ਹਾਂ ਕਿ ਉਨ੍ਹਾਂ ਨੂੰ ਅਜਿਹਾ ਕੋਈ ਸ਼ੱਕ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਕੋਈ ਚਿੰਤਾ ਕਰਨੀ ਚਾਹੀਦੀ ਹੈ। ਨੀਤੀ ਘਾੜਿਆਂ ਅਤੇ ਰਾਜਨੇਤਾਵਾਂ ਨਾਲ ਗੱਲ ਕਰਨਾ ਇੱਕ ਪੱਤਰਕਾਰ ਦੀ ਪੇਸ਼ੇਵਰ ਜ਼ਰੂਰਤ ਹੈ, ਪਰ ਅਜਿਹੀਆਂ ਮੁਲਾਕਾਤਾਂ ਨਾਲ ਕੋਈ ਮਿਲਾਵਟੀ ਨਤੀਜੇ ਨਹੀਂ ਨਿਕਲਣੇ ਚਾਹੀਦੇ ਅਤੇ ਨਾ ਹੀ ਨਿਕਲਦੇ ਹਨ।

ਕਿਸੇ ਦੀ ਕਿਵੇਂ ਦੀ ਸੋਚ ਹੋਵੇ ਮੈਂ ਤਾਂ ਕਾਲੀ ਕੌਡੀ ਦਾ ਆਦੀ ਹਾਂ। ਆਓ ਮਿਲਕੇ ਪੀਂਦੇ ਹਾਂ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)

# Classified

## ਵਰ ਦੀ ਲੋੜ

ਗੁਰੂ ਕੇ ਬੇਟੇ (ਮਜਬੀ ਸਿੱਖ) ਪਰਿਵਾਰ ਨਾਲ ਸਬੰਧਤ ਲੜਕੀ, ਬੀ. ਐਸ. ਸੀ. ਨਰਸਿੰਗ, ਕੱਦ 5 ਫੁੱਟ 7 ਇੰਚ, ਉਮਰ 27 ਸਾਲ, ਗੁਰਸਿੱਖ ਲੜਕੇ ਦੀ ਲੋੜ, ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਇੰਡੀਆ ਸੰਪਰਕ ਫੋਨ ਨੰ: 98157-51332

ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5", ਰੰਗ ਗੋਰਾ, ਖੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।
ਸੰਪਰਕ-ਈ ਮੇਲ :hardeepdhillon212@yahoo.com

ਅਮਰੀਕਨ Bachelor's of Science in health Care managment, Caste Hindu Nai age 26, Hight 5' 7" ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।
ਫੋਨ. 916-760-8485, 916-694-3073
Email: duttadee@yahoo.com

ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।

## Bride WANTED

Jat Sikh Girl, December 1988 born. 5'5'' Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.
Contact E-mail : hardeepdhillon212@yahoo.com

Looking a match for My Nephew, A Saini Sikh, 25 years old, 5 '11" Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

Suitable match for (MDS) orthodontist Sikh vegetarian boy. 28,5-8", preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.
Contact: +919999056353, +1 (510) 598-7345
E-mail : drdentortho@gmail.com

**For Classified Contact**
**510.240.5949**


## ਪੰਜਾਬ ਦੀ ਸਿਆਸਤ 'ਚ ਲੋਭ, ਫਰੇਬ ਤੇ ਮਾਇਆ ਦਾ ਜ਼ੋਰ

ਪੰਜਾਬੀਆਂ ਨੇ ਜ਼ਾਹਰਾ ਤੌਰ 'ਤੇ ਕਾਂਗਰਸ ਨੂੰ ਹੀ ਤਰਜੀਹ ਦੇਣੀ ਸੀ। ਕਿਉਂਕਿ ਸੱਤਾ ਵਿਚ ਰਹਿੰਦਿਆਂ ਜਦੋਂ ਇਕ ਧਿਰ ਦੀ ਅੱਤ ਹੋ ਜਾਂਦੀ ਹੈ ਤਾਂ ਲੋਕ ਦੂਜੀ ਧਿਰ ਨੂੰ ਸੱਤਾ ਦੇ ਦਿੰਦੇ ਹਨ। ਪਰ ਇਸ ਵਾਰ ਆਮ ਆਦਮੀ ਪਾਰਟੀ ਨੇ ਮੈਦਾਨ ਵਿਚ ਉੱਤਰ ਕੇ ਮਾਹੌਲ ਡਾਵਾਂਡੋਲ ਕਰ ਦਿੱਤਾ ਹੈ। ਸ਼ੁਰੂ ਵਿਚ ਜਿਵੇਂ ਦੇ ਹਾਲਾਤ ਬਣੇ ਸਨ, ਉਸ ਤੋਂ ਸਾਫ਼ ਸਾਫ਼ ਲੱਗ ਰਿਹਾ ਸੀ ਕਿ ਇਸ ਵਾਰ ਆਮ ਆਦਮੀ ਪਾਰਟੀ ਹੀ ਸੱਤਾ 'ਤੇ ਕਾਬਜ਼ ਹੋਵੇਗੀ ਪਰ 'ਆਪ' ਵਿਚ ਜਿਸ ਤਰ੍ਹਾਂ ਦਰਾਰਾਂ ਪਈਆਂ, ਬੇਚੈਨੀ ਵਧੀ, ਮੁੱਖ ਮੰਤਰੀ ਦੇ ਅਹੁਦੇ ਦੀ ਹੋੜ ਲੱਗੀ, ਬਗ਼ਾਵਤਾਂ ਹੋਈਆਂ, ਇਸ ਤੋਂ 'ਆਪ' ਦਾ ਸੱਤਾ ਵਿਚ ਆਉਣ ਦਾ ਸਫ਼ਰ ਵੀ ਹੁਣ ਸੁਖਾਲਾ ਨਹੀਂ ਲਗਦਾ। ਇਸ ਪੂਰੇ ਘਟਨਾ ਚੱਕਰ ਵਿਚ ਇਸ ਵਾਰ ਲਟਕਵੀਂ ਵਿਧਾਨ ਸਭਾ ਬਣਨ ਦੇ ਆਸਾਰ ਬਣਦੇ ਜਾ ਰਹੇ ਹਨ ਕਿਉਂਕਿ ਅਕਾਲੀ-ਭਾਜਪਾ ਗਠਜੋੜ ਤੀਜੇ ਨੰਬਰ 'ਤੇ ਚਲਾ ਗਿਆ ਹੈ ਤੇ 'ਆਪ' ਵਿਚ ਵੀ ਛੋਟੇ-ਛੋਟੇ ਧੜੇ ਬਣ ਗਏ ਹਨ। ਬਿਨਾਂ ਕਿਸੇ ਵਿਚਾਰਧਾਰਾ ਤੋਂ ਉਭਰੀ 'ਆਪ' ਵਿਚ ਨਵੇਂ ਨਵੇਂ ਆਏ ਚਿਹਰੇ ਖ਼ੁਦ ਨੂੰ ਸੁਪਰੀਮੋ ਮੰਨ ਕੇ ਚੱਲ ਰਹੇ ਹਨ ਤੇ ਕਿਸੇ ਦੀ ਅਧੀਨਗੀ ਉਨ੍ਹਾਂ ਨੂੰ ਸਵੀਕਾਰ ਨਹੀਂ। ਇਨ੍ਹਾਂ ਵਿਚ ਵਿਚਾਰਾਂ ਦੀ ਪ੍ਰਤੀਬੱਧਤਾ ਨਾਲੋਂ ਨਿੱਜਤਾ ਦਾ ਰੁਝਾਨ ਭਾਰੂ ਹੈ। ਸੁੱਚਾ ਸਿੰਘ ਛੋਟੇਪੁਰ ਵਰਗੇ ਕਈ ਵੱਡੇ-ਛੋਟੇ ਆਗੂਆਂ ਨੇ ਇਸ ਤੋਂ ਕਿਨਾਰਾ ਕਰ ਲਿਆ ਹੈ। ਭਾਵੇਂ ਬਹੁਤਾ ਨਾ ਸਹੀ ਪਰ ਜੇਕਰ ਇਹ 'ਆਪ' ਦੀਆਂ ਹਜ਼ਾਰ-ਦੋ ਹਜ਼ਾਰ ਵੋਟਾਂ ਤੋੜਨ ਵਿਚ ਵੀ ਕਾਮਯਾਬ ਹੋ ਗਏ ਤਾਂ ਜ਼ਾਹਰਾ ਤੌਰ 'ਤੇ ਇਹ ਮੁੱਖ ਵਿਰੋਧੀ ਧਿਰਾਂ ਕਾਂਗਰਸ ਤੇ ਅਕਾਲੀ ਦਲ ਵਿਚੋਂ ਕਿਸੇ ਇਕ ਦੇ ਹੱਕ ਵਿਚ ਭੁਗਤਣਗੇ। ਇਨ੍ਹਾਂ ਵਿਚੋਂ ਕਾਂਗਰਸ ਦਾ ਪੱਲੜਾ ਭਾਰੀ ਲਗਦਾ ਹੈ।

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ ਇਸ ਨੂੰ ਮਹਿਸੂਸਿਆ ਹੈ, ਇਸ ਲਈ ਹੁਣ ਤਕ ਕਿਸੇ ਨਾਲ ਗਠਜੋੜ ਨਾ ਕਰਨ ਦਾ ਰਾਗ ਅਲਾਪਦੇ ਅਲਾਪਦੇ, ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ' ਨਾਲ ਗਠਜੋੜ ਕਰ ਬੈਠੇ ਹਨ ਤੇ ਉਨ੍ਹਾਂ ਨੂੰ ਪੰਜ ਸੀਟਾਂ ਵੀ ਦੇ ਦਿੱਤੀਆਂ ਹਨ। ਕਿਤੇ ਨਾ ਕਿਤੇ 'ਆਪ' ਵਿਚ ਵੀ ਡਰ ਹੈ ਕਿ ਕਿਤੇ ਉਹ ਆਪਣੇ ਆਪ 'ਤੇ ਅੰਨ੍ਹਾ ਵਿਸ਼ਵਾਸ ਕਰ ਬੈਠੇ ਕਿ ਕੁਝ ਸੀਟਾਂ ਉਸ ਦੇ ਹੱਥੋਂ ਖਿਸਕ ਜਾਣ। ਮੌਜੂਦਾ ਸਥਿਤੀਆਂ ਵਿਚ ਕਿਸੇ ਇਕ ਧਿਰ ਦਾ ਪੱਲੜਾ ਭਾਰੀ ਹੁੰਦਾ ਨਜ਼ਰ ਨਹੀਂ ਆ ਰਿਹਾ। ਇਨ੍ਹਾਂ ਵਿਚੋਂ 'ਆਪ' ਅਤੇ ਕਾਂਗਰਸ ਮੋਹਰੀ ਕਤਾਰ ਵਿਚ ਹਨ ਤੇ ਅਕਾਲੀ-ਭਾਜਪਾ ਪਿਛੇ ਰਹਿ ਗਈ ਹੈ। ਜਿਸ ਤਰ੍ਹਾਂ ਪਾਣੀਆਂ ਦੇ ਮੁੱਦੇ 'ਤੇ 'ਆਪ' ਦਾ ਹਾਲੇ ਤਕ ਕੋਈ ਸਪਸ਼ਟ ਸਟੈਂਡ ਸਾਹਮਣੇ ਨਹੀਂ ਆ ਰਿਹਾ, ਪੰਜਾਬੀਆਂ ਦੇ ਮਨਾਂ ਵਿਚ ਇਸ ਪ੍ਰਤੀ ਪੰਜਾਬ ਦੇ ਹੱਕ ਦੀ ਗੱਲ ਕਰਨ ਦੇ ਤੌਖ਼ਲੇ ਵੀ ਖੜ੍ਹੇ ਹੋ ਗਏ ਹਨ। ਇਹੋ ਜਿਹੇ ਹਾਲਾਤ ਵਿਚ ਬਹੁਮਤ ਕਿਸੇ ਇਕ ਧਿਰ ਦੇ ਪੱਲੇ ਵਿਚ ਪੈਂਦੇ ਦਿਖਾਈ ਨਹੀਂ ਦੇ ਰਿਹਾ ਤੇ ਲਟਕਵੀਂ ਵਿਧਾਨ ਸਭਾ ਬਣਨ ਦੇ ਆਸਾਰ ਕਾਫ਼ੀ ਤਿੱਖੇ ਹੁੰਦੇ ਜਾ ਰਹੇ ਹਨ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਇਹ ਪੰਜਾਬੀਆਂ ਲਈ ਕਿਸੇ ਵੀ ਪੱਖੋਂ ਚੰਗਾ ਨਹੀਂ ਹੋਵੇਗਾ। ਉਂਜ ਪੰਜਾਬ ਦੀ ਖੁਸ਼ਹਾਲੀ ਤਾਂ ਕਿਸੇ ਇਕ ਧਿਰ ਦੇ ਸੱਤਾ ਵਿਚ ਆਉਣ ਨਾਲ ਵੀ ਪਰਤਣ ਵਾਲੀ ਨਹੀਂ ਕਿਉਂਕਿ ਕਾਂਗਰਸ ਤੇ ਅਕਾਲੀ-ਭਾਜਪਾ ਨਿੱਜੀ ਮੁਫ਼ਾਦਾਂ ਲਈ ਲੜਦੀ ਹੈ ਤੇ 'ਆਪ' ਜ਼ਮੀਨੀ ਹਕੀਕਤਾਂ ਤੋਂ ਕੋਰੀ ਹੀ ਜਾਪਦੀ ਹੈ। ਬੇਸ਼ੱਕ ਉਹ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਜਾਂ ਵਪਾਰੀਆਂ ਨੂੰ ਬਿਹਤਰ ਸਹੂਲਤਾਂ ਦੇਣ ਦਾ ਵਾਅਦਾ ਕਰਦੀ ਹੈ ਪਰ ਉਨ੍ਹਾਂ ਸਮੱਸਿਆਵਾਂ ਦੀ ਜੜ੍ਹ ਤਕ ਜਾਣ ਤੇ ਉਨ੍ਹਾਂ ਨੂੰ ਦੂਰ ਕਰਨ ਦਾ ਉਸ ਕੋਲ ਕੋਈ ਪ੍ਰੋਗਰਾਮ ਨਹੀਂ ਹੈ।

ਹੁਣ ਉਨ੍ਹਾਂ ਸਥਿਤੀਆਂ 'ਤੇ ਨਜ਼ਰ ਮਾਰਨ ਦੀ ਵੀ ਲੋੜ ਹੈ ਕਿ ਜੇਕਰ ਲਟਕਵੀਂ ਵਿਧਾਨ ਸਭਾ ਹੋਂਦ ਵਿਚ ਆਈ ਤਾਂ ਸੱਤਾ ਕਿਸ ਦੇ ਹੱਥ ਹੋਵੇਗੀ। ਜ਼ਾਹਰਾ ਤੌਰ 'ਤੇ ਉਦੋਂ ਲੈਣ-ਦੇਣ ਦੀ ਸਿਆਸਤ, ਸੌਦੇਬਾਜ਼ੀ ਦੀ ਸਿਆਸਤ ਖੁੱਲ੍ਹ ਕੇ ਖੇਡੀ ਜਾਵੇਗੀ ਤੇ ਇਹੋ ਜਿਹੀ ਸਿਆਸਤ ਵਿਚ ਪੰਜਾਬ, ਪੰਜਾਬੀਆਂ ਤੇ ਮਸਲੇ ਪੂਰੀ ਤਰ੍ਹਾਂ ਮਨਫ਼ੀ ਹੋਣਗੇ।

## ਬੇਅ ਏਰੀਏ ਦੇ ਭਰਵੀਂ ਸਿੱਖ ਵਸੋਂ ਵਾਲੇ ਯੂਨੀਅਨ ਸਿਟੀ ਦੀ ਕੌਂਸਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਮਾਨਤਾ

ਉਹ ਭਿਆਨਕ ਵਹਿਸ਼ੀਆਨਾ ਕਤਲੇਆਮ ਆਪਣੇ ਪਿੰਡੇ ਤੇ ਹੰਢਾਇਆ, ਉਹ ਉਸ ਭਿਆਨਕ ਸਮੇਂ ਨੂੰ ਚੇਤੇ ਕਰਕੇ ਅੱਜ ਵੀ ਕੰਬ ਜਾਂਦੇ ਹਨ।

ਸਿੱਖ ਨਸਲਕੁਸ਼ੀ ਦਾ ਸੱਚ ਸਮੁੱਚੀ ਦੁਨੀਆਂ ਦੇ ਸਾਹਮਣੇ ਜਾਣਾ ਚਾਹੀਦਾ ਹੈ ਅਤੇ ਇਸ ਭਿਆਨਕ ਕਾਂਡ ਨੇ ਸਿੱਖ ਮਾਨਸਿਕਤਾ ਨੂੰ ਕਿਸ ਤਰ੍ਹਾਂ ਝੰਜੋੜਿਆ, ਦਰਬਾਰ ਸਾਹਿਬ ਦੇ ਸਾਕੇ ਅਤੇ ਸਿੱਖ ਕਤਲੇਆਮ ਦੇ ਕਾਰਨ ਸਿੱਖਾਂ ਦੇ ਜ਼ਖ਼ਮ ਹਾਲੇ ਤੱਕ ਕਿਸ ਤਰ੍ਹਾਂ ਨਾਸੂਰ ਬਣਕੇ ਰਿਸਦੇ ਹਨ, ਇਨਸਾਫ਼ ਪਸੰਦ ਲੋਕਾਂ ਦੀ ਕਚਹਿਰੀ ਵਿਚੋਂ ਅਸੀਂ ਆਪਣਾ ਦਰਦ ਪਿਛਲੇ 32ਵੀਂ: ਤੋਂ ਰੱਖਦੇ ਆ ਰਹੇ ਹਾਂ। ਸਿੱਖ ਕੌਮ ਦਾ ਸਮੂਹਿਕ ਰੂਪ ਵਿਚ ਕਤਲੇਆਮ ਕਰਨਾ ਤੇ ਅੱਜ ਤੱਕ ਕਾਤਲਾਂ ਨੂੰ ਕੋਈ ਸਜ਼ਾ ਨਾਲ ਮਿਲਣਾ, ਇਸ ਤੋਂ ਵੱਧ ਅਪਮਾਨਜਨਕ ਅਤੇ ਹੈਰਾਨੀਜਨਕ ਕੀ ਹੋਵੇਗਾ।

ਸੈਕਸ਼ਨ 1091 ਦੀ 18. ਯੂ ਐਸ ਸੀ ਐਕਟ 2007 ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਇਹ ਸਿੱਖ ਨਸਲਕੁਸ਼ੀ ਸੀ। ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਿੱਖ ਸੰਗਤ ਅਤੇ ਸਿੱਖ ਪੰਚਾਇਤ ਵੱਲੋਂ ਯੂਨੀਅਨ ਸਿਟੀ ਦੀ ਮੇਅਰ ਅਤੇ ਕੌਂਸਲ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਕਿ ਜਿਨ੍ਹਾਂ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਨਵੰਬਰ 1984 ਵਿਚ ਹੰਢਾਏ ਹੋਏ ਦਰਦ ਨੂੰ ਮਹਿਸੂਸ ਕਰਦਿਆਂ ਸਿੱਖ ਕੌਮ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਇਸ ਮਤੇ ਦੀ ਕਾਪੀ ਪ੍ਰੈਜੀਡੈਂਟ ਬਰਾਕ ਓਬਾਮਾ ਅਤੇ ਹੁਣੇ ਹੀ ਨਿਯੁਕਤ ਹੋਏ ਅਮਰੀਕਾ ਦੇ ਨਵੇਂ ਪ੍ਰੈਜ਼ੀਡੈਂਟ ਡੋਨਲਡ ਟਰੰਪ ਨੂੰ ਵੀ ਭੇਜੀ ਜਾਵੇਗੀ।

ਇਸ ਮਤੇ ਨੂੰ ਪਾਸ ਕਰਾਉਣ ਲਈ ਸਿੱਖ ਕਮਿਊਨਿਟੀ ਦੇ ਸੇਵਾਦਾਰ ਸਰਦਾਰ ਕਸ਼ਮੀਰ ਸਿੰਘ ਸ਼ਾਹੀ ਨੇ ਸਿਰਤੋੜ ਯਤਨ ਕੀਤੇ ਅਤੇ ਸਿਟੀ ਕੌਂਸਲ ਦੇ ਮੈਂਬਰਾਂ ਨੂੰ ਸਿੱਖਾਂ ਦੀ ਹੋਈ ਨਸਲਕੁਸ਼ੀ ਅਤੇ ਸਮੇਂ ਸਮੇਂ ਤੇ ਕੌਮ ਨਾਲ ਹੋਇਆ ਧੱਕਿਆਂ ਬਾਰੇ ਜਾਣੂੰ ਕਰਾਇਆ।

ਇਸ ਮੌਕੇ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਪੀੜਤ ਸੁਰਿੰਦਰਪਾਲ ਸਿੰਘ ਵਾਲੀਆ ਨੇ ਆਪਣੇ ਅਤੇ ਆਪਣੇ ਪਰਿਵਾਰ ਨਾਲ ਜੋ ਹੋਇਆ ਉਸ ਹੱਡਬੀਤੀ ਨੂੰ ਬੜੇ ਹੀ ਭਾਵੁਕ ਸ਼ਬਦਾਂ ਨਾਲ ਸਿਟੀ ਕੌਂਸਲ ਦੇ ਸਾਹਮਣੇ ਦੱਸਿਆ। ਇਸ ਤੋਂ ਇਲਾਵਾ ਸ਼ਰਨ ਕੌਰ, ਅਰਵਿੰਦਰ ਕੌਰ, ਸਰਬਜੀਤ ਕੌਰ ਚੀਮਾ, ਰਾਜ ਸਿੰਘ, ਹਰਪ੍ਰੀਤ ਸਿੰਘ, ਭਾਈ ਰਾਮ ਸਿੰਘ ਅਤੇ ਕਸ਼ਮੀਰ ਸਿੰਘ ਸ਼ਾਹੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਯੂਨੀਅਨ ਸਿਟੀ ਕੌਂਸਲ ਦੀ ਮੇਅਰ ਅਤੇ ਸਾਰੇ ਕੌਂਸਲਮੈਨਾਂ ਦਾ ਧੰਨਵਾਦ ਕੀਤਾ।

## ਰੱਤ ਦਾ ਕੁੰਗੂ

ਉਸ ਕਾਨਪੁਰ ਜਾਣਾ ਸੀ, ਪਰ ਆਤਮਯਾਦ ਨੇ ਉਂਜ ਹੀ ਉਸ ਨੂੰ ਰੋਕ ਲਿਆ... ਬਾਅਦ ਵਿਚ ਪਤਾ ਲੱਗਾ ਕਿ ਹਰਿਆਣੇ ਵਿਚੋਂ ਲੰਘਦੀਆਂ ਗੱਡੀਆਂ ਰੋਕ ਕੇ ਸਿੱਖ ਚੁਣ ਚੁਣ ਕੇ ਮਾਰ ਦਿੱਤੇ ਗਏ।

ਗੁਜਰਾਲ ਸਾਹਿਬ ਦੀ ਵੀ ਖ਼ਬਰ ਆ ਗਈ। ਉਹ ਤਾਂ ਇਕੱਤੀ ਤਾਰੀਖ਼ ਸਵੇਰੇ ਪੰਜ ਵਜੇ ਦੀ ਗੱਡੀ 'ਤੇ ਘਰੋਂ ਰਾਜਪੁਰੇ ਚਲੇ ਸਨ... ਦਿੱਲੀ ਸਟੇਸ਼ਨ 'ਤੇ ਪਹੁੰਚਦਿਆਂ ਚਾਹ ਪੀਣ ਉਤਰੇ ਤਾਂ ਕੋਲੋਂ ਲੰਘਦੇ ਇਕ ਕੁਲੀ ਨੇ ਦਬੀ ਜ਼ਬਾਨ ਵਿਚ ਕਿਹਾ ਕਿ, ਸ਼ਹਿਰ ਵਿਚ ਨਾ ਜਾਣਾ... ਇੰਦਰਾ ਗਾਂਧੀ ਨੂੰ ਗੋਲੀ ਵੱਜੀ ਹੈ ਤੇ ਸਿੱਖਾਂ ਨੂੰ ਸੜਕਾਂ 'ਤੇ ਘੇਰ ਰਹੇ ਨੇ।

ਗੁਜਰਾਲ ਜੀ ਘਬਰਾ ਗਏ। ਉਨ੍ਹਾਂ ਨੂੰ ਸਮਝ ਨਾ ਆਵੇ ਕਿ ਕੀ ਕਰਨ... ਐਨੇ ਨੂੰ ਮੇਰਠ ਜਾਣ ਵਾਲੀ ਗੱਡੀ ਦੀ ਐਨਾਊਂਸਮੈਂਟ ਹੋਈ ਤਾਂ ਉਹ ਸੁਤੇ ਸਿਧ ਹੀ ਉਸ ਵਿਚ ਬੈਠ ਗਏ। ਮੇਰਠ ਉਨ੍ਹਾਂ ਦੀ ਭਤੀਜੀ ਰਹਿੰਦੀ ਸੀ।

ਰੱਬ ਦਾ ਸ਼ੁਕਰ ਕਿ ਉਹ ਰਾਜ਼ੀ ਬਾਜ਼ੀ ਮੇਰਠ ਘਰ ਪਹੁੰਚ ਗਏ, ਪਰ ਟੈਲੀਫ਼ੋਨ ਬੰਦ ਹੋਣ ਕਰਕੇ ਮੈਨੂੰ ਖ਼ਬਰ ਨਾ ਦੇ ਸਕੇ। ਚਾਰ ਦਿਨਾਂ ਬਾਅਦ ਹੀ ਉਨ੍ਹਾਂ ਦਾ ਫ਼ੋਨ ਮਿਲਣ 'ਤੇ ਸੁਖ ਦਾ ਸਾਹ ਆਇਆ।

ਚਾਰ ਦਿਨਾਂ ਬਾਅਦ ਹੀ ਇਕ ਰਾਤ ਥਾਣੇ ਤੋਂ ਫ਼ੋਨ ਆਇਆ। ਉਨ੍ਹਾਂ ਸੁਖ ਸਾਂਦ ਪੁੱਛੀ। ਅਸਲ ਵਿਚ ਉਸ ਵੇਲੇ ਪੁਲੀਸ ਮੁਖੀ ਇਕ ਸਿੱਖ ਸਰਦਾਰ ਬੇਦੀ ਸੀ ਜਿਸ ਨੂੰ ਪੈਂਦੀ ਸੱਟੇ ਹੀ ਨਜ਼ਰਬੰਦ ਕੀਤਾ ਹੋਇਆ ਸੀ। ਉਸ ਨੂੰ ਵੀ ਸ਼ਾਇਦ ਖ਼ਬਰ ਨਹੀਂ ਸੀ ਕਿ ਸ਼ਹਿਰ ਵਿਚ ਕੀ ਹੋ ਰਿਹਾ ਹੈ। ਪੁਲੀਸ ਫ਼ੌਜ ਨੂੰ ਸ਼ਹਿਰ ਵਿਚ ਵੜਨ ਦੀ ਇਜਾਜ਼ਤ ਹੀ ਨਹੀਂ ਸੀ ਦੇ ਰਹੀ ਤੇ ਨਾ ਹੀ ਫ਼ੌਜ ਨੂੰ ਉੱਤੋਂ ਕੋਈ ਹੁਕਮ ਮਿਲਿਆ ਸੀ।

ਤਿੰਨ ਤਾਰੀਖ ਅੱਧੀ ਰਾਤ ਜਦ ਫ਼ੌਜ ਨੇ ਸ਼ਹਿਰ ਸੰਭਾਲਿਆ ਤਾਂ ਉਨ੍ਹਾਂ ਕਿੰਨੇ ਹੀ ਪੁਲੀਸ ਮੁਲਾਜ਼ਮ ਜ਼ਿਆਦਤੀਆਂ ਕਰਦਿਆਂ ਫੜੇ... ਕੈਂਪਾਂ ਵਿਚ ਲਿਜਾ ਕੇ ਉਨ੍ਹਾਂ ਦੀਆਂ ਵਰਦੀਆਂ ਲਾਹ ਕੇ ਚੰਗੀ ਤਰ੍ਹਾਂ ਕੁਟਾਪਾ ਵੀ ਚਾੜ੍ਹਿਆ। ਇਹ ਫ਼ੌਜੀ ਸਿੱਖ ਜਾਂ ਦੱਖਣ ਭਾਰਤ ਦੇ ਸਨ।

ਹਾਲੀ ਲਗਾਤਾਰ ਕਰਫ਼ਿਊ ਲੱਗਾ ਹੋਇਆ ਸੀ। ਜਿਹੜੇ ਲੋਕ ਗੁੰਮਟੀ ਗੁਰਦੁਆਰੇ ਵਿਚ ਚਲੇ ਗਏ ਸਨ, ਉਨ੍ਹਾਂ ਨੂੰ ਤਾਂ ਸਾਰੀਆਂ ਸਹੂਲਤਾਂ ਮਿਲ ਰਹੀਆ ਸਨ, ਤਾਂ ਵੀ ਬਹੁਤ ਸਾਰੇ ਮੁਸਲਮਾਨ ਅਦਾਰੇ ਟਰੱਕਾਂ ਦੇ ਟਰੱਕ ਭਰ ਕੇ ਜੁੱਤੀਆਂ, ਡਬਲਰੋਟੀਆਂ, ਦੁੱਧ, ਆਟਾ, ਦਾਲਾਂ ਗੁਰਦੁਆਰੇ ਤੇ ਕੈਂਪਾਂ ਵਿਚ ਸਪਲਾਈ ਕਰ ਰਹੇ ਸਨ। ਬਹੁਤ ਸਾਰੇ ਹਿੰਦੂ ਭਰਾ ਖ਼ਾਸ ਕਰਕੇ ਕ੍ਰਿਸ਼ਨਾ ਸਵੀਟ ਹਾਊਸ ਜੋ ਕਿ ਗੁੰਮਟੀ ਨੰ. 5 ਬਾਜ਼ਾਰ ਵਿਚ ਸੀ... ਦੇ ਮਾਲਕ ਨੇ ਆਪਣੇ ਸਾਰੇ ਨੌਕਰ ਲੰਗਰ ਬਣਾਉਣ 'ਤੇ ਲਾਏ ਹੋਏ ਸਨ, ਜਿਹੜੇ ਘਰਾਂ ਵਿਚ ਇਕੱਠੇ ਹੋਏ ਲੋਕਾਂ ਨੂੰ ਵੀ ਲੰਗਰ ਪਹੁੰਚਾਉਂਦੇ ਰਹੇ। ਤਾਂ ਵੀ, ਦਹਿਸ਼ਤ ਐਨੀ ਸੀ ਕਿ ਸਭ ਗਲੀਆਂ ਬਾਜ਼ਾਰ ਸੁੰਨ-ਮਸਾਨ ਸਨ। ਸਾਨੂੰ ਹਾਲੀ ਵੀ ਇਤਬਾਰ ਨਹੀਂ ਸੀ ਆ ਰਿਹਾ ਕਿ ਇਹ ਜਨੂੰਨ ਠੰਢਾ ਹੋ ਚੁੱਕਾ ਹੋਵੇਗਾ। ਉਨ੍ਹਾਂ ਦਿਨਾਂ ਵਿਚ ਖਾਣਾ ਬਣਾਣ ਲਈ ਗੈਸ ਹੀ ਵਰਤੀ ਜਾਂਦੀ ਸੀ, ਤਾਂ ਵੀ ਸਟੋਵ ਤਿਆਰ ਰੱਖਿਆ ਜਾਂਦਾ ਸੀ... ਜੈਨਰੇਟਰ ਵੀ ਮੇਰਾ ਪੈਟਰੋਲ ਤੇ ਮਿੱਟੀ ਦੇ ਤੇਲ ਨਾਲ ਹੀ ਚਲਦਾ ਸੀ। ਸੋ ਘਰ ਵਿਚ ਮਿੱਟੀ ਦੇ ਤੇਲ ਦੇ ਇਕ ਦੋ ਟੀਨ ਮੈਂ ਰੱਖਦੀ ਹੀ ਸਾਂ। ਹੋਰ ਵੀ ਕਈ ਘਰਾਂ ਵਿਚੋਂ ਮਿੱਟੀ ਦਾ ਤੇਲ ਤੇ ਪੈਟਰੋਲ ਇਕੱਠਾ ਕੀਤਾ ਤੇ ਬਹੁਤ ਸਾਰੀਆਂ ਸ਼ਰਾਬ ਦੀਆਂ ਬੋਤਲਾਂ ਵੀ ਜਮ੍ਹਾਂ ਕਰ ਲਈਆਂ ਕਿ ਵਕਤ ਪੈਣ 'ਤੇ ਬੰਬ ਬਣਾਏ ਜਾ ਸਕਣ। ਭਾਵੇਂ ਇਨ੍ਹਾਂ ਦੀ ਲੋੜ ਨਹੀਂ ਪਈ।

ਜਦੋਂ ਤਕ ਦਿਨ ਦਾ ਕਰਫ਼ਿਊ ਨਹੀਂ ਖੁਲ੍ਹਿਆ ਮੈਨੂੰ ਉਤਲੇ ਫ਼ਲੈਟ ਵਾਲਿਆਂ ਹੇਠਾਂ ਆਪਣੇ ਘਰ ਨਹੀਂ ਆਉਣ ਦਿੱਤਾ। ਉਨ੍ਹਾਂ ਦੇ ਕੁੜਮ ਗੁਰਦੁਆਰੇ ਦੇ ਪ੍ਰਧਾਨ ਸਨ। ਉਨ੍ਹਾਂ ਕੁਝ ਰਾਸ਼ਨ ਪਾਣੀ ਉਥੋਂ ਹੀ ਭੇਜ ਦਿੱਤਾ... ਕੁਝ ਦੋਸਤ ਮਿੱਤਰ ਜੋ ਹਿੰਦੂ ਸਨ ਤੇ ਜਿਨ੍ਹਾਂ ਕੋਲ ਪਾਸ ਸੀ ਵੀ ਆ ਕੇ ਲੋੜ ਦੀਆਂ ਚੀਜ਼ਾਂ ਦੇ ਜਾਂਦੇ।

ਮੈਂ ਸਵੇਰੇ ਕਾਪੀ, ਟੇਪ ਰਿਕਾਰਡਰ ਤੇ ਕੈਮਰਾ ਚੁੱਕਦੀ ਤੇ ਸੜਕਾਂ 'ਤੇ ਨਿਕਲ ਜਾਂਦੀ। ਪਾਗਲਾਂ ਵਾਂਗ ਸੜਕਾਂ ਗਾਹੁੰਦੀ ਤੇ ਟੁੱਟੇ ਸੜੇ ਘਰਾਂ ਅੰਦਰੋਂ ਜ਼ਿੰਦਗੀ ਦੀ ਚਿਣਗ ਲੱਭਣ ਦੀ ਕੋਸ਼ਿਸ਼ ਕਰਦੀ। ਘਰ ਘਰ ਫਿਰਕੇ ਹੀ ਮੈਂ ਕਾਨਪੁਰ ਦੀ ਰਿਪੋਰਟ ਤਿਆਰ ਕੀਤੀ। ਭਾਵੇਂ ਉਸ ਵੇਲੇ ਮੈਨੂੰ ਇਹ ਪਤਾ ਨਹੀਂ ਸੀ ਕਿ ਮੈਂ ਬਹੁਤ ਅਹਿਮ ਦਸਤਾਵੇਜ਼ ਤਿਆਰ ਕਰ ਰਹੀ ਸਾਂ।

ਸੱਚ ਤਾਂ ਇਹ ਹੈ ਕਿ ਪੂਰਾ ਇਕ ਹਫ਼ਤਾ ਮੇਰਾ ਘਰ ਉਪਰਲੇ ਫ਼ਲੈਟ ਵਾਲਿਆਂ ਦੀ ਅਲਮਾਰੀ ਦਾ ਇਕ ਬਾਏ ਇਕ ਫ਼ੁੱਟ ਵਿਚ ਸੀ, ਜਿਸ ਵਿਚ ਮੇਰੀ ਉਹ ਪਲਾਸਟਿਕ ਦੀ ਟੋਕਰੀ ਪਈ ਸੀ... ਮੇਰੇ ਤੇ ਮੇਰੀ ਬੇਟੀ ਲਈ ਲੋੜੀਂਦਾ ਪੂਰਾ ਸਾਮਾਨ... ਇਕ ਇਕ ਜੋੜਾ ਸੂਟ, ਟੁੱਥ ਪੇਸਟ, ਬੁਰਸ਼, ਅੰਦਰ ਦੇ ਕੱਪੜੇ ਤੇ ਤੌਲੀਆ।

## ਮਨੀਲਾ ਵਿਚ ਪੰਜਾਬੀ ਜੋੜੇ ਦੀ ਗੋਲੀਆਂ ਮਾਰ ਕੇ ਹੱਤਿਆ

ਕਾਤਲ ਗੋਲੀਆਂ ਮਾਰ ਕੇ ਮੌਕੇ ਤੋਂ ਫਰਾਰ ਹੋ ਗਏ। ਕਾਤਲਾਂ ਨੇ ਨਕਦੀ, ਸੋਨਾ ਜਾਂ ਹੋਰ ਕਿਸੇ ਵੀ ਸਾਮਾਨ ਨੂੰ ਛੂਹਿਆ ਤੱਕ ਨਹੀਂ। ਘਟਨਾ ਦਾ ਪਤਾ ਚਲਦਿਆਂ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਪੁਲਿਸ ਲਾਸ਼ਾਂ ਨੂੰ ਹਸਪਤਾਲ ਵਿਚ ਪੋਸਟ ਮਾਰਟਮ ਲਈ ਲੈ ਗਈ ਹੈ। ਇਹ ਘਟਨਾ ਗਰਾਈ ਸ਼ਹਿਰ (ਮਨੀਲਾ) ਤੋਂ 300 ਕਿਲੋਮੀਟਰ ਦੂਰ ਵਾਪਰੀ। ਡਾਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਭਗਵੰਤ ਸਿੰਘ ਮਾਂ ਬਾਪ ਦਾ ਇਕਲੌਤਾ ਪੁੱਤਰ ਸੀ। ਇਨ੍ਹਾਂ ਦਾ ਇਕ ਲੜਕਾ ਜੋ +2 ਵਿਚ ਪੜ੍ਹਦਾ ਹੈ ਤੇ ਲੜਕੀ 9ਵੀਂ ਕਲਾਸ ਵਿਚ ਪੜ੍ਹਦੀ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਦੀਆਂ ਲਾਸ਼ਾਂ ਪਿੰਡ ਲਿਆ ਕੇ ਅੰਤਿਮ ਸੰਸਕਾਰ ਕੀਤਾ ਜਾਵੇਗਾ।

## ਪਾਕਿਸਤਾਨ ਨੇ ਫੇਰ ਕੀਤੀ ਭਾਰਤੀ ਜਵਾਨ ਦੀ ਲਾਸ਼ ਦੀ ਵੱਢ-ਟੁੱਕ, ਦੋ ਹੋਰ ਜਵਾਨ ਸ਼ਹੀਦ

ਤਾਂ ਉਨ੍ਹਾਂ ਕੋਲੋਂ ਭਾਰੀ ਮਾਤਰਾ ਵਿਚ ਹਥਿਆਰ, ਗੋਲਾ ਬਾਰੂਦ, 2000 ਰੁਪਏ ਦੇ ਨਵੇਂ ਨੋਟ ਅਤੇ 100 ਰੁਪਏ ਦੀ ਕਰੰਸੀ ਵੀ ਬਰਾਮਦ ਕੀਤੀ ਗਈ ਹੈ। ਫ਼ੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮਾਰੇ ਗਏ ਅੱਤਵਾਦੀਆਂ ਤੋਂ 2000 ਰੁਪਏ ਦੇ 2 ਨਵੇਂ ਨੋਟ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਵੀਂ ਕਰੰਸੀ ਦੇ ਨੋਟ ਪੁਲਿਸ ਨੂੰ ਸੌਂਪ ਦਿੱਤੇ ਗਏ ਹਨ ਅਤੇ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ ਕਿ ਉਕਤ ਨੋਟ ਅੱਤਵਾਦੀਆਂ ਨੂੰ ਕਿਸ ਤਰ੍ਹਾਂ ਮਿਲੇ।

## ਟਰੰਪ ਦੀ ਜਿੱਤ ਮਗਰੋਂ ਮੁਸਲਮਾਨਾਂ ’ਤੇ ਹਮਲਿਆਂ ’ਚ ਵਾਧਾ

ਅਮਰੀਕੀ ਮਹਿਲਾ ’ਤੇ ਕੈਲੀਫੋਰਨੀਆ ਵਿਚ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਸਿਰ ’ਤੇ ਸਕਾਰਫ਼ ਲਪੇਟੀ ਆਪਣੀ ਗੱਡੀ ਵਿਚ ਬੈਠਣ ਲੱਗੀ ਸੀ।

ਜ਼ਿਕਰਯੋਗ ਹੈ ਕਿ ਨਿੱਕੀ ਪੰਚੋਲੀ ‘ਪੀਸ ਵਾਕ’ ਤੋਂ ਵਾਪਸ ਆ ਰਹੀ ਸੀ ਕਿ ਉਸ ਨੇ ਆਪਣੀ ਕਾਰ ਦਾ ਸ਼ੀਸ਼ਾ ਟੁੱਟਿਆ ਵੇਖਿਆ। ਉਸ ਦਾ ਪਰਸ ਗਾਇਬ ਸੀ ਤੇ ਇਕ ਨੋਟ ਲਿਖਿਆ ਸੀ। ਇਸ ਨੋਟ ਵਿਚ ਉਸ ਦੇ ਹਿਜਾਬ ਪਹਿਨਣ ਤੇ ਉਸ ਨੂੰ ਮੁਲਕ ਛੱਡ ਕੇ ਜਾਣ ਦੀ ਧਮਕੀ ਸੀ। ਦਰਅਸਲ, ਪੰਚੋਲੀ ਮੁਸਲਮਾਨ ਨਹੀਂ ਹੈ ਤੇ ਨਾ ਹੀ ਉਸ ਨੇ ਹਿਜਾਬ ਪਾਇਆ ਹੋਇਆ ਸੀ। ਉਹ ਪਿਛੋਂ ਰਾਜਸਥਾਨ ਦੀ ਹੈ ਤੇ ਲੂਪਸ ਨਾਂ ਦੀ ਬਿਮਾਰੀ ਨਾਲ ਜੂਝ ਰਹੀ ਹੈ। ਇਸ ਬਿਮਾਰੀ ਕਾਰਨ ਸਿਰ ਦੇ ਵਾਲ ਝੜ ਜਾਂਦੇ ਹਨ। ਨਿੱਕੀ ਪੰਚੋਲੀ ਨੇ ਕਿਹਾ, ‘ਉਹ ਇਹ ਸਭ ਦੇਖ ਕੇ ਬਹੁਤ ਹੈਰਾਨ ਹੋਈ ਕਿ ਕੋਈ ਤੁਹਾਨੂੰ ਇਸ ਹੱਦ ਤਕ ਨਫ਼ਰਤ ਕਿਵੇਂ ਕਰ ਸਕਦਾ ਹੈ। ਮੈਂ ਮਹਿਸੂਸ ਕੀਤਾ ਕਿ ਚੋਣਾਂ ਤੋਂ ਬਾਅਦ ਅਜਿਹਾ ਮਾਹੌਲ ਬਣ ਗਿਆ ਹੈ। ਪਰ ਮੈਂ ਨਹੀਂ ਸਮਝਦੀ ਕਿ ਇਸ ਤਰ੍ਹਾਂ ਦੀ ਘਟਨਾ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ ਤੇ ਇਸ ਨਾਲ ਉਸ ਨੂੰ ਬਹੁਤ ਧੱਕਾ ਲੱਗਾ ਹੈ।” ਨਿੱਕੀ ਨੇ ਦੱਸਿਆ, “ਮੈਂ ਆਪਣੇ ਸਿਰ ’ਤੇ ਕੱਪੜਾ ਬੰਨ੍ਹਿਆ ਹੋਇਆ ਸੀ, ਇਸ ਲਈ ਕਿ ਮੈਂ ਕੋਈ ਧਾਰਮਿਕ ਹਾਂ। ਪਰ ਇਸ ਲਈ ਕਿ ਮੈਂ ਆਪਣੇ ਸਿਰ ਦੀ ਚਮੜੀ ਨੂੰ ਧੁੱਪ ਤੋਂ ਬਚਾਅ ਰਹੀ ਸੀ। ਮੈਨੂੰ ਲੂਪਸ ਨਾਂ ਦੀ ਬਿਮਾਰੀ ਹੈ ਜਿਸ ਕਾਰਨ ਸਿਰ ਦੇ ਵਾਲ ਝੜ ਜਾਂਦੇ ਹਨ, ਟਿਸ਼ੂ ਤੇ ਆਰਗਨ ਡੈਮੇਜ ਹੋ ਜਾਂਦੇ ਹਨ।” ਨਿੱਕੀ ਨੇ ਦੱਸਿਆ ਕਿ ਉਹ ਰੋਜ਼ਾਨਾ ਸਵੇਰੇ ਸ਼ਾਂਤੀ ਮਿਸ਼ਨ ਲਈ ਨਿਕਲਦੀ ਹੈ। ਉਸ ਨੇ ਕਿਹਾ, “ਮੈਨੂੰ ਨਹੀਂ ਪਤਾ ਕਿ ਮੇਰੇ ’ਤੇ ਕਿਸੇ ਨੇ ਨਜ਼ਰ ਰੱਖੀ ਹੋਈ ਸੀ। ਮੈਂ ਚਾਹੁੰਦੀ ਹਾਂ ਕਿ ਇਹ ਹਿੰਸਾ ਮੇਰੇ ਨਾਲ ਹੀ ਖ਼ਤਮ ਹੋ ਜਾਵੇ।”

ਫਰੀਮੋਂਟ ਸਿਟੀ ਕੌਂਸਲਰ ਰਾਜ ਸਲਵਾਨ ਨੇ ਕਿਹਾ, “ਸਾਡੇ ਬਹੁਤੇ ਗਵਾਂਢੀ, ਦੋਸਤ ਤੇ ਪਰਿਵਾਰਕ ਮੈਂਬਰ ਦੇਸ਼ ਵਿਚ ਪੈਦਾ ਹੋਏ ਮੌਜੂਦਾ ਹਾਲਾਤ ਤੋਂ ਸਹਿਮੇ ਹੋਏ ਹਨ। ਸਾਨੂੰ ਸਾਰਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਤੇ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਆਪਣਾ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।”

ਪੁਲੀਸ ਜਾਂਚ ਕਰ ਰਹੀ ਹੈ ਕਿ ਇਹ ਨਸਲੀ ਹਮਲਾ ਹੈ ਜਾਂ ਲੁੱਟ-ਖੋਹ ਦੀ ਘਟਨਾ ਹੈ ਕਿਉਂਕਿ ਨਿੱਕੀ ਦੀ ਗੱਡੀ ਦਾ ਸ਼ੀਸ਼ਾ ਤੋੜ ਕੇ ਉਸ ਵਿਚੋਂ ਪਰਸ ਅਤੇ ਚੈੱਕਬੁੱਕ ਕੱਢੀ ਗਈ ਸੀ। ਕਿਹਾ ਜਾ ਰਿਹਾ ਹੈ ਕਿ ਨਿੱਕੀ ਵਰਗੇ ਲੋਕਾਂ ਦੀ ਤਾਦਾਦ ਦੇਸ਼ ਭਰ ਵਿਚ ਵਧਦੀ ਜਾ ਰਹੀ ਹੈ। ਇਥੋਂ ਤਕ ਕਿ ਡੈਮੋਕਰੈਟਿਕ ਪ੍ਰਭਾਵ ਵਾਲੇ ਬੇ-ਏਰੀਏ ਵਿਚ ਵੀ ਟਰੰਪ ਦੀ ਜਿੱਤ ਮਗਰੋਂ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੇ ਹਫ਼ਤੇ ਮਿਨੀਸੋਟਾ ਵਿਚ ਮੁਸਲਿਮ ਔਰਤ ਦਾ ਹਿਜਾਬ ਲਾਹ ਦਿੱਤਾ ਗਿਆ ਸੀ।

**ਮੁਸਲਿਮ ਵਿਦਿਆਰਥਣ ਦਾ ਹਿਜਾਬ ਲਾਹਿਆ :**

ਮਿਨੀਸੋਟਾ : ਇਥੋਂ ਦੇ ਇਕ ਸਕੂਲ ਵਿੱਚ ਸਹਿਪਾਠੀ ਨੇ ਕਥਿਤ ਤੌਰ ’ਤੇ ਇਕ ਮੁਸਲਿਮ ਵਿਦਿਆਰਥਣ ਦਾ ਹਿਜਾਬ ਲਾਹ ਦਿੱਤਾ ਅਤੇ ਉਸ ਦੇ ਵਾਲ ਖਿੱਚੇ। ਇਹ ਘਟਨਾ ਨਾਰਥਡੇਲ ਮਿਡਲ ਸਕੂਲ, ਕੂਨ ਰੈਪਿਡਜ਼ (ਮਿਨੀਸੋਟਾ) ਵਿੱਚ ਵਾਪਰੀ। ਅਨੋਕਾ-ਹੈਨੇਪਿਨ ਸਕੂਲ ਡਿਸਟ੍ਰਿਕਟ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਜਦੋਂ ਕਿ ਕੌਂਸਲ ਆਨ ਅਮੈਰਿਕਨ-ਇਸਲਾਮਿਕ ਰਿਲੇਸ਼ਨਜ਼ (ਸੀਏਆਈਆਰ) ਨੇ ਇਸ ਨੂੰ ਹਮਲਾ ਕਰਾਰ ਦਿੱਤਾ ਹੈ। ਸੀਏਆਈਆਰ ਦੇ ਮਿਨੀਸੋਟਾ ਚੈਪਟਰ ਨੇ ਬਿਆਨ ਜਾਰੀ ਕਰਦਿਆਂ ਇਸ ਘਟਨਾ ਬਾਰੇ ਸਕੂਲ ਡਿਸਟ੍ਰਿਕਟ ਦੀ ਮੱਠੀ ਕਾਰਵਾਈ ਪ੍ਰਕਿਰਿਆ ’ਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਵਿਦਿਆਰਥਣ ਦੇ ਪਰਿਵਾਰ ਨੇ ਸੀਏਆਈਆਰ ਨੂੰ ਰਿਪੋਰਟ ਦਿੱਤੀ ਹੈ ਕਿ ਇਕ ਵਿਦਿਆਰਥੀ ਮਗਰੋਂ ਦੀ ਆਇਆ ਅਤੇ ਉਸ ਦਾ ਹਿਜਾਬ ਲਾਹ ਕੇ ਭੁੰਜੇ ਸੁੱਟ ਦਿੱਤਾ ਅਤੇ ਬਾਅਦ ਵਿੱਚ ਹੋਰ ਵਿਦਿਆਰਥੀਆਂ ਸਾਹਮਣੇ ਉਸ ਦੇ ਵਾਲ ਖਿੱਚੇ ਗਏ। ‘ਸਟਾਰ ਟ੍ਰਿਬਿਊਨ’ ਦੀ ਰਿਪੋਰਟ ਮੁਤਾਬਕ ਸੀਏਆਈਆਰ ਨੇ ਦੋਸ਼ ਲਾਇਆ ਕਿ ਸਕੂਲ ਡਿਸਟ੍ਰਿਕਟ ਨੇ ਇਸ ਘਟਨਾ ਉਤੇ ਕੋਈ ਕਾਰਵਾਈ ਨਹੀਂ ਕੀਤੀ। ਸੀਏਆਈਆਰ-ਐਮਐਨ ਕਾਰਜਕਾਰੀ ਡਾਇਰੈਕਟਰ ਜੇਲਾਨੀ ਹੁਸੈਨ ਨੇ ਬਿਆਨ ਵਿੱਚ ਕਿਹਾ, ‘ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਸਿੱਖਿਆ ਮਾਹੌਲ ਦੇਣ ਲਈ ਸਕੂਲ ਅਧਿਕਾਰੀਆਂ ਨੂੰ ਧਰਮ ਤੇ ਅਕੀਦੇ ਦੇ ਨਾਂ ’ਤੇ ਭੇਦ-ਭਾਵ ਬਿਨਾਂ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਕਾਰਵਾਈ ਲਈ ਕਈ ਦਿਨ ਨਹੀਂ ਲੈਣੇ ਚਾਹੀਦੇ, ਜੋ ਸਪਸ਼ਟ ਤੌਰ ’ਤੇ ਪੱਖਪਾਤ ਹੈ।’

ਦੱਸਣਯੋਗ ਹੈ ਕਿ ਪਿਛਲੇ ਹਫ਼ਤੇ ਮਿਸ਼ੀਗਨ ਯੂਨੀਵਰਸਿਟੀ ਦੀ ਇਕ ਮੁਸਲਿਮ ਵਿਦਿਆਰਥਣ ਕੋਲ ਅਣਪਛਾਤਾ ਵਿਅਕਤੀਆਂ ਆਇਆ, ਜਿਸ ਨੇ ਮੰਦਾ ਬੋਲਦਿਆਂ ਉਸ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਸ ਨੇ ਹਿਜਾਬ ਨਾ ਲਾਹਿਆ ਤਾਂ ਉਹ ਉਸ ਨੂੰ ਅੱਗ ਲਗਾ ਦੇਵੇਗਾ।

ਪਿਛਲੇ ਹਫ਼ਤੇ ਜੌਰਜੀਆ ਵਿੱਚ ਇਕ ਮੁਸਲਿਮ ਹਾਈ ਸਕੂਲ ਅਧਿਆਪਕਾ ਨੂੰ ਕਲਾਸਰੂਮ ਵਿੱਚ ਹੱਥ ਲਿਖਤ ਪੱਤਰ ਮਿਲਿਆ ਸੀ, ਜਿਸ ’ਤੇ ਲਿਖਿਆ ਸੀ ਉਹ ਆਪਣੇ ਸਿਰ ਢਕਣ ਵਾਲੇ ਕੱਪੜੇ ਨਾਲ ਫਾਹਾ ਲੈ ਲਵੇ।

**ਸਵੈ ਰੱਖਿਆ ਦੇ ਗੁਰ ਸਿੱਖ ਰਹੀਆਂ ਨੇ ਮੁਸਲਿਮ ਔਰਤਾਂ :**

ਵਾਸ਼ਿੰਗਟਨ : ਡੋਨਾਲਡ ਟਰੰਪ ਦੀ ਜਿੱਤ ਮਗਰੋਂ ‘ਹਿਜਾਬ-ਝਪਟਣ’ ਦੀਆਂ ਘਟਨਾਵਾਂ ਵਿੱਚ ਹੋਏ ਵਾਧੇ ਕਾਰਨ ਅਮਰੀਕਾ ਭਰ ਦੀਆਂ ਜ਼ਿਆਦਾਤਰ ਮੁਸਲਿਮ ਔਰਤਾਂ ਹੁਣ ਸਵੈ ਰੱਖਿਆ ਦੀਆਂ ਕਲਾਸਾਂ ਲਾ ਰਹੀਆਂ ਹਨ।

‘ਦਿ ਵਾਸ਼ਿੰਗਟਨ ਪੋਸਟ’ ਦੀ ਰਿਪੋਰਟ ਮੁਤਾਬਕ ਟਰੰਪ ਦੀ ਚੋਣ ਤੋਂ ਕੁੱਝ ਮਹੀਨੇ ਬਾਅਦ ‘ਸਾਊਦਰਨ ਪਾਵਰਟੀ ਲਾਅ ਸੈਂਟਰ, ‘ਕੌਂਸਲ ਆਫ ਅਮੈਰੀਕਨ-ਇਸਲਾਮਿਕ ਰਿਲੇਸ਼ਨਜ਼’ ਅਤੇ ‘ਐਂਟੀ ਡੈਫਾਮੇਸ਼ਨ ਲੀਗ’ ਵਰਗੀਆਂ ਤਿੰਨ ਜਥੇਬੰਦੀਆਂ ਨੇ ਨਸਲੀ ਜੁਰਮਾਂ ਦੀਆਂ ਘਟਨਾਵਾਂ ਵਿੱਚ ਵਾਧਾ ਦਰਜ ਕੀਤਾ। ਕਈ ਮੁਸਲਿਮ ਔਰਤਾਂ ਨੇ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ‘ਹਿਜਾਬ ਝਪਟਣ’ ਦੇ ਹਮਲਿਆਂ ਦਾ ਜ਼ਿਕਰ ਕੀਤਾ। ਰਿਪੋਰਟ ਮੁਤਾਬਕ ਚੋਣ ਪਿੱਛੋਂ ਦੇ ਭਾਸ਼ਣਾਂ ਅਤੇ ਨਸਲੀ ਹਮਲਿਆਂ ਵਿੱਚ ਯਕਦਮ ਵਾਧੇ ਦਾ ਜਵਾਬ ਦੇਣ ਲਈ ਸ਼ਹਿਰਾਂ ਦੀਆਂ ਮੁਸਲਿਮ ਔਰਤਾਂ ਸਵੈ-ਰੱਖਿਆ ਕਲਾਸਾਂ ਦਾ ਪ੍ਰਬੰਧ ਕਰ ਰਹੀਆਂ ਹਨ। ਸ਼ਿਕਾਗੋ ਵਿੱਚ ਸਵੈ-ਰੱਖਿਆ ਦੇ ਬੁਨਿਆਦੀ ਤਰੀਕੇ ਦੀ ਸਿਖਲਾਈ ਦੇ ਰਹੀ ਜ਼ੈਨਬ ਅਬਦੁੱਲਾ ਨੇ ਕਿਹਾ ਕਿ ਜਦੋਂ ਉਹ ਅੱਠ ਸਾਲਾਂ ਦੀ ਸੀ ਤਾਂ ਪਹਿਲੀ ਵਾਰ ਕਿਸੇ ਨੇ ਉਸ ਦੇ ਮੂੰਹ ਉਤੇ ਸਿਰਫ਼ ਇਸ ਲਈ ਥੁੱਕਿਆ ਸੀ ਕਿਉਂਕਿ ਉਹ ਮੁਸਲਮਾਨ ਹੈ। ਪੰਜ ਫੁੱਟ ਤੋਂ ਥੋੜ੍ਹੇ ਵੱਧ ਕੱਦ ਵਾਲੀ ਹਿਜਾਬਧਾਰੀ 24 ਸਾਲਾ ਜ਼ੈਨਬ ਨੇ ਦੱਸਿਆ ਕਿ ਉਸ ਨੂੰ ਹਮੇਸ਼ਾ ਖ਼ੁਦ ਦੀ ਰੱਖਿਆ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਜ਼ੈਨਬ ਹੋਰ ਔਰਤਾਂ ਨੂੰ ਸਵੈ ਰੱਖਿਆ ਦੇ ਗੁਰ ਸਿਖਾਉਂਦੀ ਹੈ। ਟਰੰਪ ਦੀ ਜਿੱਤ ਤੋਂ ਅਗਲੀ ਸਵੇਰੇ ਉਸ ਨੂੰ ਕਈ ਮੁਸਲਿਮ ਔਰਤਾਂ ਨੇ ਫੋਨ ਕਰ ਕੇ ਵਿਸ਼ੇਸ਼ ਕਿਸਮ ਦੀ ਸਵੈ-ਰੱਖਿਆ ਸਿਖਲਾਈ ਬਾਬਤ ਪੁੱਛਿਆ। ਇਹ ਔਰਤਾਂ ਜਾਣਨਾ ਚਾਹੁੰਦੀਆਂ ਸਨ ਕਿ ਜੇ ਕੋਈ ਹਿਜਾਬ ਉਤਾਰਨ ਦੀ ਕੋਸ਼ਿਸ਼ ਕਰੇ ਤਾਂ ਉਹ ਕੀ ਕਰ ਸਕਦੀਆਂ ਹਨ? ਮੈਂਫਿਸ ਵਿੱਚ ਮੁਸਲਿਮ ਕਾਰਕੁਨ ਖਲੀਮਾ ਅਜ਼ੀਜ਼ ਨੇ ਸਥਾਨਕ ਪੁਲੀਸ ਅਧਿਕਾਰੀਆਂ ਨੂੰ ਉਨ੍ਹਾਂ ਨਾਲ ਸਥਾਨਕ ਮਸਜਿਦ ਵਿੱਚ ਸਵੈ-ਰੱਖਿਆ ਕੋਰਸ ਚਲਾਉਣ ਦੀ ਯੋਜਨਾ ਸਾਂਝੀ ਕੀਤੀ।

## ਇੰਦਰ ਇਕਬਾਲ ਸਿੰਘ ਅਟਵਾਲ ਨੂੰ ਹਲਕਾ ਰਾਏਕੋਟ ਤੋਂ ਟਿਕਟ ਦਿੱਤੇ ਜਾਣ ’ਤੇ ਖ਼ੁਸ਼ੀ ਦਾ ਪ੍ਰਗਟਾਵਾ

**ਸੈਕਰਾਮੈਂਟੋ/ਹੁਸਨ ਬੰਗਾ:** ਨੌਜਵਾਨ ਆਗੂ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਹਲਕਾ ਰਾਏਕੋਟ ਤੋਂ ਹਾਈਕਮਾਂਡ ਨੇ ਟਿਕਟ ਦੇ ਕੇ ਜਿੱਥੇ ਇਲਾਕਾ ਨਿਵਾਸੀਆਂ ਦੇ ਦਿਲ ਜਿੱਤੇ ਹਨ ਉਥੇ ਐਨ.ਆਰ.ਆਈਜ਼ ਵੀਰਾਂ ਦੀ ਮੰਗ ਨੂੰ ਪੂਰਾ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਅਤੇ ਮੈਂਬਰ ਹਾਈ ਪਾਵਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇੰਦਰ ਇਕਬਾਲ ਸਿੰਘ ਅਟਵਾਲ ਆਪਣੇ ਪਿਤਾ ਸ: ਚਰਨਜੀਤ ਸਿੰਘ ਅਟਵਾਲ ਸਪੀਕਰ ਵਿਧਾਨ ਸਭਾ ਵਾਂਗ ਬਹੁਤ ਹੀ ਮਿਹਨਤੀ ਤੇ ਸਿਰੜੀ ਸੁਭਾਅ ਦੇ ਮਾਲਕ ਹਨ। ਉਨ੍ਹਾਂ ਕਿਹਾ ਕਿ ਸ: ਅਟਵਾਲ ਨੂੰ ਜਿਤਾਉਣ ਲਈ ਉਹ ਦਿਨ ਰਾਤ ਇਕ ਕਰ ਦੇਣਗੇ। ਉਨ੍ਹਾਂ ਕਿਹਾ ਕਿ ਸ: ਅਟਵਾਲ ਦੀ ਚੋਣ ਮੁਹਿੰਮ ਵਿਚ ਇਕ ਐਨਆਰਆਈ ਵੀਰਾਂ ਦਾ ਜਥਾ ਵਿਸ਼ੇਸ਼ ਤੌਰ ਤੇ ਪੁੱਜੇਗਾ।



ਸ: ਅਰਵਿੰਦਰ ਸਿੰਘ ਲਾਖਨ ਨੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਦਾ ਟਿਕਟ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਰਾਸ਼ਟਰਪਤੀ ਨੂੰ ਮੁੜ ਸਲਾਹ ਮੰਗਣ ਲਈ ਕਹੇ ਪੰਜਾਬ

ਵਧਾ ਕੇ 142 ਫੁੱਟ ਕਰਨ ਦੀ ਜੱਜਮੈਂਟ ਦਿੱਤੀ ਸੀ। ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਬੇਅਸਰ ਬਣਾਉਣ ਲਈ ਕੇਰਲਾ ਨੇ ਪੁਰਾਣੇ ਕਾਨੂੰਨ ਵਿੱਚ ਸੋਧ ਕਰਦਿਆਂ 2006 ਵਿੱਚ ਸੋਧ ਕਾਨੂੰਨ ਪਾਸ ਕਰ ਦਿੱਤਾ। ਇਸ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਮੁੱਲਾਪੇਰਿਆਰ ਡੈਮ ਸਬੰਧੀ ਕਾਨੂੰਨ ਵਿਆਪਕ ਕਾਨੂੰਨ ਨਹੀਂ ਬਲਕਿ ਇਸ ਦਾ ਸੀਮਤ ਉਦੇਸ਼ ਸੁਪਰੀਮ ਕੋਰਟ ਦੇ ਅਧਿਕਾਰਤ ਫ਼ੈਸਲੇ ਨੂੰ ਰੱਦ ਕਰਨਾ ਹੈ। ਪੰਜਾਬ ਦੀ ਗੁਜ਼ਾਰਿਸ਼ ਇਹ ਰਹੀ ਹੈ ਕਿ ਤਾਮਿਲ ਨਾਡੂ ਦਾ ਕੇਸ ਪੰਜਾਬ ਦੇ ਕੇਸ ਉੱਤੇ ਲਾਗੂ ਨਹੀਂ ਹੁੰਦਾ। ਪਾਣੀਆਂ ਦੇ ਸਮਝੌਤੇ ਰੱਦ ਕਰਨ ਸਬੰਧੀ ਪੰਜਾਬ ਦਾ ਐਕਟ ਕਾਨੂੰਨ ਕਾਫ਼ੀ ਹੱਦ ਤਕ ਵਿਧਾਨਕ ਹੈ।

ਸੁਪਰੀਮ ਕੋਰਟ ਵੱਲੋਂ ਚਾਰਾਂ ਸੁਆਲਾਂ ਬਾਰੇ ਰਾਸ਼ਟਰਪਤੀ ਦੇ ਹਵਾਲੇ ਉੱਤੇ ਦਿੱਤੀ ਗਈ ਕੇਵਲ ਇੱਕੋ ਸਲਾਹ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਸ ਦੀ ਰਾਇ ਵਿੱਚ ਪੰਜਾਬ ਦਾ ਕਾਨੂੰਨ ਸੰਵਿਧਾਨ ਦੀਆਂ ਧਾਰਾਵਾਂ ਨਾਲ ਮੇਲ ਨਹੀਂ ਖਾਂਦਾ ਅਤੇ ਪੰਜਾਬ ਰਾਜ 31 ਦਸੰਬਰ 1981 ਦੇ ਸਮਝੌਤੇ ਬਾਰੇ ਦਿੱਤੀ ਸੁਪਰੀਮ ਕੋਰਟ ਦੀ ਜੱਜਮੈਂਟ ਜਾਂ ਫ਼ਰਮਾਨ ਨੂੰ ਰੱਦ ਨਹੀਂ ਕਰ ਸਕਦਾ। ਸੁਪਰੀਮ ਕੋਰਟ ਦੀ ਇਹ ਸਲਾਹ ਪੁੱਛੇ ਗਏ ਚਾਰਾਂ ਸੁਆਲਾਂ ਵਿੱਚੋਂ ਕਿਸੇ ਇੱਕ ਉੱਤੇ ਵੀ ਲਾਗੂ ਨਹੀਂ ਹੁੰਦੀ। ਸੁਪਰੀਮ ਕੋਰਟ ਵੱਲੋਂ ਤਾਮਿਲ ਨਾਡੂ ਦੇ ਕੇਸ ਨੂੰ ਆਧਾਰ ਬਣਾ ਕੇ ਪੰਜਾਬ ਦੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ 2004 ਨੂੰ ਸੰਵਿਧਾਨ ਦੇ ਮੁਤਾਬਕ ਨਾ ਦੱਸਣ ਦੀ ਸਲਾਹ ਕਾਨੂੰਨੀ ਅਤੇ ਵੈਧ ਨਹੀਂ ਹੈ। ਇਹ ਸਲਾਹ ਤਾਂ ਹੀ ਵਾਜਬ ਮੰਨੀ ਜਾ ਸਕਦੀ ਹੈ ਜੇ ਰਾਸ਼ਟਰਪਤੀ ਇਹ ਕਾਲਪਨਿਕ ਸੁਆਲ ਪੇਸ਼ ਕਰਦੇ ਕਿ ਕੀ ਰਾਜ ਵਿਧਾਨ ਸਭਾ ਸੰਵਿਧਾਨ ਦੀ ਰਾਜਾਂ ਬਾਰੇ ਸੂਚੀ ਦੀ ਉਪ ਸੂਚੀ-2 ਵਿੱਚ ਦਰਜ ਵਿਸ਼ੇ ਉੱਤੇ ਅਜਿਹਾ ਕਾਨੂੰਨ ਬਣਾਉਣ ਦਾ ਹੱਕ ਰੱਖਦੀ ਹੈ ਜੋ ਸੁਪਰੀਮ ਕੋਰਟ (ਹਾਈ ਕੋਰਟ) ਦੀ ਜੱਜਮੈਂਟ ਨੂੰ ਰੱਦ ਕਰਨ ਵਾਲਾ ਹੋਵੇ।

ਮੁੱਖ ਮੰਤਰੀ ਵੱਲੋਂ ਰਾਸ਼ਟਰਪਤੀ ਨੂੰ ਲਿਖ ਕੇ ਅਤੇ ਨਿੱਜੀ ਤੌਰ ਉੱਤੇ ਮਿਲ ਕੇ ਅਪੀਲ ਕਰਨੀ ਚਾਹੀਦੀ ਹੈ ਕਿ ਰਾਸ਼ਟਰਪਤੀ ਮੁੜ ਸੁਪਰੀਮ ਕੋਰਟ ਨੂੰ ਰੈਫਰੈਂਸ ਭੇਜਣ ਜਿਸ ਉੱਤੇ ਸੁਪਰੀਮ ਕੋਰਟ ਤੋਂ ਦੁਬਾਰਾ ਚਾਰੇ ਸੁਆਲਾਂ ਬਾਰੇ ਇੱਕ ਇੱਕ ਕਰਕੇ ਠੋਸ ਤੇ ਵਿਆਪਕ ਸਲਾਹ ਮੰਗੀ ਜਾਵੇ। ਇਸ ਮਸਲਾ ਸੰਵਿਧਾਨਕ ਵਕਾਰ ਦਾ ਹੈ ਅਤੇ ਇਸ ਦਾ ਹਰ ਪੱਖ ਸਪਸ਼ਟ ਹੋਣਾ ਚਾਹੀਦਾ ਹੈ।

- ਈਮੇਲ: ps.kumedan'gmail.com

** ਪ੍ਰੀਤਮ ਸਿੰਘ ਕੁੰਮੇਦਾਨ ਪੰਜਾਬ ਦੇ ਪਾਣੀਆਂ ਬਾਰੇ ਮਾਹਿਰ ਅਤੇ ਇਸ ਮੁੱਦੇ ਉੱਤੇ ਸਰਕਾਰ ਦੇ ਸਲਾਹਕਾਰ ਹਨ। ਸੁਪਰੀਮ ਕੋਰਟ ਦੀ ਸਲਾਹ ਸਬੰਧੀ ਫ਼ੈਸਲਾ ਆਉਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਿੱਠੀ ਲਿਖ ਕੇ ਉਨ੍ਹਾਂ ਨੇ ਜੋ ਰਾਇ ਦਿੱਤੀ, ਇਹ ਲੇਖ ਉਸ ਉੱਤੇ ਆਧਾਰਤ ਹੈ।*

## ਮੁਸਲਮਾਨ ਟੈਕਸੀ ਡਰਾਈਵਰ ਨਾਲ ਬਦਸਲੂਕੀ

ਨਿਊਯਾਰਕ : ਇਕ ਵਿਅਕਤੀ ਨੇ ਮੁਸਲਮਾਨ ਟੈਕਸੀ ਚਾਲਕ ਨਾਲ ਕਥਿਤ ਤੌਰ ’ਤੇ ਬਦਸਲੂਕੀ ਕਰਦਿਆਂ ਉਸ ਨੂੰ ਦਹਿਸ਼ਤਗਰਦ ਆਖਿਆ। ਉਸ ਨੇ ਇਹ ਵੀ ਕਿਹਾ ਕਿ ਡੋਨਾਲਡ ਟਰੰਪ ਹੁਣ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲਾ ਹੈ ਤੇ ਟੈਕਸੀ ਚਾਲਕ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ। ਇਸ ਸਾਰੀ ਘਟਨਾ ਦੀ ਵੀਡੀਓ ਰਿਕਾਰਡਿੰਗ ਵੀ ਹੋਈ ਹੈ, ਜਿਸ ਵਿੱਚ ਇੱਕ ਵਿਅਕਤੀ ਅਰਬ ਅਮਰੀਕੀ ਊਬਰ ਡਰਾਈਵਰ ਨਾਲ ਬਦਸਲੂਕੀ ਕਦਰਾ ਨਜ਼ਰ ਆ ਰਿਹਾ ਹੈ। ਵੀਡੀਓ ਵਿੱਚ ਚਿੱਟੇ ਰੰਗ ਦੇ ਯੂਟੀਲਿਟੀ ਵਾਹਨ ਵਿੱਚ ਸਵਾਰ ਇੱਕ ਵਿਅਕਤੀ ਟੈਕਸੀ ਚਾਲਕ ਨੂੰ ‘ਅਰਬ’ ਅਤੇ ‘ਦਹਿਸ਼ਤਗਰਦ’ ਆਖਦਾ ਸੁਣਿਆ ਜਾ ਸਕਦਾ ਹੈ। ਉਸ ਨੇ ਕਿਹਾ ਕਿ ਟਰੰਪ ਹੁਣ ਰਾਸ਼ਟਰਪਤੀ ਹੈ ਤੇ ਤੁਹਾਨੂੰ ਹੁਣ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ। ਇਹ ਘਟਨਾ ਪਿਛਲੇ ਹਫ਼ਤੇ ਨਿਊਯਾਰਕ ਨੇੜੇ ਸਥਿਤ ਐਸਟੋਰੀਆ ਦੀ ਕ੍ਰੀਸੈਂਟ ਸਟਰੀਟ ਵਿਚ ਵਾਪਰੀ। ਇੱਥੋਂ ਸੇਂਟ ਜੌਹਨ ਯੂਨੀਵਰਸਿਟੀ ਦੇ ਪ੍ਰੋਫੈਸਰ ਕਰਿਸ ਕੋਡੀ ਨੇ ਟੈਕਸੀ ਲਈ ਸੀ। ਪ੍ਰੋਫੈਸਰ ਜੋ ਕਿ ਅਰਬੀ ਜਾਣਦਾ ਹੈ, ਨੇ ਦੱਸਿਆ ਕਿ ਉਸ ਨੂੰ ਇਸ ਘਟਨਾ ਬਾਰੇ ਟੈਕਸੀ ਚਾਲਕ ਨਾਲ ਗੱਲਬਾਤ ਤੋਂ ਬਾਅਦ ਪਤਾ ਲੱਗਿਆ। ਪ੍ਰੋਫੈਸਰ ਨੂੰ ਉਸ ਚਾਲਕ ਦਾ ਕੇਵਲ ਪਹਿਲਾ ਨਾਮ ਹੀ ਪਤਾ ਹੈ, ਜੋ ਕਿ ਮੁਹੰਮਦ ਹੈ। ਉਸ ਨੇ ਕਿਹਾ ਕਿ ਜਦੋਂ ਉਸ ਨੇ ਟੈਕਸੀ ਚਾਲਕ ਨਾਲ ਉਸ ਦੀ ਭਾਸ਼ਾ ਵਿੱਚ ਗੱਲ ਕੀਤੀ ਤਾਂ ਉਹ ਹੈਰਾਨ ਹੋ ਗਿਆ। ਚਾਲਕ ਇਸ ਗੱਲੋਂ ਵੀ ਹੈਰਾਨ ਸੀ ਕਿ ਪ੍ਰੋਫੈਸਰ ਨੇ ਮੁਸਲਿਮ ਭਾਈਚਾਰੇ ਖ਼ਿਲਾਫ਼ ਕੁਝ ਨਹੀਂ ਆਖਿਆ।

## ਨੋਟਬੰਦੀ ਦੀ ਆੜ ’ਚ 8 ਲੱਖ ਕਰੋੜ ਰੁਪਏ ਦਾ ਘੁਟਾਲਾ : ਅਰਵਿੰਦ ਕੇਜਰੀਵਾਲ

ਮਿੱਤਰਾਂ ਦਾ ਬਾਕੀ ਦਾ 8 ਲੱਖ ਕਰੋੜ ਦਾ ਕਰਜ਼ਾ ਵੀ ਮੁਆਫ਼ ਕਰ ਦੇਣਗੇ। ਇਹ ਸਭ ਆਮ ਜਨਤਾ ਨੂੰ ਤਕਲੀਫ਼ ਦੇ ਕੇ ਕੀਤਾ ਜਾ ਰਿਹਾ ਹੈ। ਇਹ ਦੇਸ਼ ਦੀ ਜਨਤਾ ਨਾਲ ਧੋਖਾ ਹੈ। ਕੇਜਰੀਵਾਲ ਨੇ ਸਰਕਾਰ ਨੂੰ ਤਿੰਨ ਦਿਨ ਦਾ ਅਲਟੀਮੇਟਮ ਦਿੱਤਾ ਕਿ ਉਹ ਨੋਟਬੰਦੀ ਨੂੰ ਲੈ ਕੇ ਆਮ ਜਨਤਾ ਨੂੰ ਹੋ ਰਹੀ ਪ੍ਰੇਸ਼ਾਨੀ ਦਾ ਹੱਲ ਕੱਢਣ, ਨਹੀਂ ਤਾਂ ਆਪਣਾ ਇਹ ਫ਼ੈਸਲਾ ਵਾਪਸ ਲੈਣ, ਵਰਨਾ ਅੰਦੋਲਨ ਤੇਜ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਆਮ ਆਦਮੀ ਕਤਾਰ ਵਿਚ ਖੜ੍ਹਾ ਹੈ, ਕੋਈ ਅੰਬਾਨੀ ਤੇ ਅਡਾਨੀ ਨਹੀਂ। ਉਨ੍ਹਾਂ ਦੇ ਤਾਂ ਘਰਾਂ ਵਿਚ ਪੈਸੇ ਪਹੁੰਚ ਰਹੇ ਹਨ। ਬੈਂਕਾਂ ਦਾ ਕਰੋੜਾਂ ਰੁਪਏ ਡਕਾਰ ਜਾਣ ਵਾਲੇ ਉਦਯੋਗਪਤੀ ਵਿਜੈ ਮਾਲਿਆ ਨੂੰ ਮੋਦੀ ਸਰਕਾਰ ਨੇ ਰਾਤੋ-ਰਾਤ ਹਵਾਈ ਜਹਾਜ਼ ਵਿਚ ਬੈਠਾ ਕੇ ਲੰਡਨ ਭੇਜ ਦਿੱਤਾ। ਉਹ ਉਥੇ ਐਸ਼ ਕਰ ਰਹੇ ਹਨ ਤੇ ਸਾਨੂੰ-ਤੁਹਾਨੂੰ ਧੱਕੇ ਖਾਣ ਲਈ ਕਤਾਰ ਵਿਚ ਲਗਾ ਰੱਖਿਆ ਹੈ। ਉਨ੍ਹਾਂ ਇਸ ਮੌਕੇ ਮੀਡੀਆ ਕਰਮਚਾਰੀਆਂ ਨੂੰ ਇਕ ਰਿਪੋਰਟ ਦਿਖਾਉਂਦਿਆਂ ਕਿਹਾ ਕਿ ਇਹ ਰਿਪੋਰਟ 15 ਅਕਤੂਬਰ 2013 ਦੀ ਹੈ, ਜਦੋਂ ਉਦਯੋਗਪਤੀ ਅਦਿਤਯ ਬਿਰਲਾ ਦੇ ਆਮਦਨ ਕਰ ਦਾ ਛਾਪਾ ਪਿਆ ਸੀ। ਇਸ ਛਾਪੇ ਵਿਚ ਉਥੋਂ ਕਈ ਦਸਤਾਵੇਜ਼ ਮਿਲੇ ਸਨ, ਉਸ ਵਿਚ ਇਕ ਨੋਟ ਵੀ ਸੀ, ਜਿਸ ’ਤੇ ਗੁਜਰਾਤ ਮੁੱਖ ਮੰਤਰੀ 25 ਕਰੋੜ ਰੁਪਏ ਲਿਖਿਆ ਸੀ। ਉਨ੍ਹਾਂ ਸਵਾਲ ਕੀਤਾ ਕਿ ਆਖ਼ਰ ਬਿਰਲਾ ਨੇ ਇਹ ਕਿਸ ਦਾ ਜ਼ਿਕਰ ਕੀਤਾ ਸੀ। ਇਹ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਕੇਜਰੀਵਾਲ ਨੇ ਕਿਹਾ ਕਿ 500 ਤੇ ਹਜ਼ਾਰ ਦੇ ਨੋਟ ਬੰਦ ਕਰ ਦੇਣ ਨਾਲ ਭ੍ਰਿਸ਼ਟਾਚਾਰ ਅਤੇ ਕਾਲਾਧਨ ਖ਼ਤਮ ਹੋ ਜਾਵੇਗਾ, ਇਹ ਮੋਦੀ ਸਰਕਾਰ ਦਾ ਤਰਕ ਉਨ੍ਹਾਂ ਦੇ ਗਲੇ ਨਹੀਂ ਉਤਰ ਰਿਹਾ। ਉਨ੍ਹਾਂ ਕਿਹਾ ਕਿ ਇਕ ਹਜ਼ਾਰ ਦੇ ਨੋਟ ਕਾਰਨ 2000 ਦੇ ਨੋਟ ਆਉਣ ਨਾਲ ਤਾਂ ਰਿਸ਼ਵਤ ਲੈਣਾ ਤੇ ਦੇਣਾ ਆਸਾਨ ਹੋ ਜਾਵੇਗਾ। ਘੱਟ ਨੋਟਾਂ ਵਿਚ ਹੀ ਮੋਟੀ ਰਕਮ ਲਈ ਜਾ ਸਕੇਗੀ। ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਦੋ ਸਰਕਾਰੀ ਅਧਿਕਾਰੀ ਹਾਲ ਹੀ ਵਿਚ ਇਨ੍ਹਾਂ 2000 ਦੇ ਨੋਟਾਂ ਦੀ ਰਿਸ਼ਵਤ ਲੈਂਦੇ ਫੜੇ ਗਏ ਹਨ। ਇਹ ਤਾਜ਼ਾ ਉਦਾਹਰਣ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਕਾਰਨ ਅੱਜ ਪੂਰੇ ਦੇਸ਼ ਵਿਚ ਅਫ਼ਰਾ-ਤਫ਼ਰੀ ਦਾ ਮਾਹੌਲ ਹੈ। ਲੋਕਾਂ ਦੇ ਘਰਾਂ ਵਿਚ ਖਾਣੇ ਦੀ ਕਮੀ ਹੋ ਗਈ ਹੈ, ਬਾਜ਼ਾਰ ਤੋਂ ਸਾਮਾਨ ਨਹੀਂ ਮਿਲ ਰਿਹਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਚਿਤਾਵਨੀ ਦਿੰਦਿਆਂ ਕਿਹਾ, ‘ਮੋਦੀ ਜੀ ਜੇਕਰ ਭ੍ਰਿਸ਼ਟਾਚਾਰ ਤੇ ਕਾਲੇਧਨ ਖ਼ਿਲਾਫ਼ ਲੜਾਈ ਦੀ ਆੜ ਵਿਚ ਘੁਟਾਲਾ ਹੁੰਦਾ ਹੈ ਤਾਂ ਆਮ ਆਦਮੀ ਪਾਰਟੀ ਦੇ ਲੋਕ ਆਪਣੀ ਜਾਨ ਦੀ ਬਾਜ਼ੀ ਲਾ ਕੇ ਇਸ ਦਾ ਵਿਰੋਧ ਕਰਨਗੇ।’

## ਸ਼੍ਰੋਮਣੀ ਕਮੇਟੀ ਨੇ ਲੰਗਰ ਘਰ ਵਾਸਤੇ ਆਇਆ ਨੌਂ ਲੱਖ ਰੁਪਏ ਦਾ ਦਾਨ ਮੋੜਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਨੋਟਬੰਦੀ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੱਖਾਂ ਰੁਪਏ ਦਾ ਦਾਨ ਮੋੜਨਾ ਪਿਆ ਹੈ। ਪੰਜ ਸੌ ਤੇ ਹਜ਼ਾਰ ਰੁਪਏ ਦੇ ਨੋਟ ਬੰਦ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੇ ਦਾਨ ਵਿੱਚ ਮਿਲਦੇ ਵੱਡੇ ਨੋਟ ਲੈਣੇ ਬੰਦ ਕਰ ਦਿੱਤੇ ਹਨ। ਸ਼੍ਰੋਮਣੀ ਕਮੇਟੀ ਨਾਲ ਜੁੜੀਆਂ ਹੋਰ ਸੰਸਥਾਵਾਂ ਵਿੱਚ ਵੀ ਪੁਰਾਣੇ ਵੱਡੇ ਨੋਟਾਂ ਦੀ ਵਰਤੋਂ ਰੋਕਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਤੋਂ ਬਾਅਦ ਕਮੇਟੀ ਨੂੰ ਲੱਖਾਂ ਰੁਪਏ ਦਾਨ ਦੇ ਇਸ ਲਈ ਮੋੜਨੇ ਪਏ ਹਨ ਕਿਉਂਕਿ ਇਸ ਦਾਨ ਵਿੱਚ ਪੁਰਾਣੇ ਨੋਟ ਸ਼ਾਮਲ ਸਨ। ਚੰਡੀਗੜ੍ਹ ਦੇ ਇਕ ਵਿਅਕਤੀ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਾਸਤੇ ਨੌਂ ਲੱਖ ਰੁਪਏ ਦੀ ਮਾਇਕ ਸਹਾਇਤਾ ਭੇਜੀ ਗਈ ਸੀ, ਜਿਸ ਵਿੱਚ ਪੰਜ ਸੌ ਦੇ ਪੁਰਾਣੇ ਨੋਟ ਸਨ। ਇਨ੍ਹਾਂ ’ਤੇ ਰੋਕ ਹੋਣ ਕਾਰਨ ਕਮੇਟੀ ਨੇ ਇਹ ਮਾਲੀ ਸਹਾਇਤਾ ਮੋੜ ਦਿੱਤੀ। ਵਿਦੇਸ਼ ਤੋਂ ਆਉਣ ਵਾਲੀ ਮਾਇਕ ਸਹਾਇਤਾ ਵੀ ਪ੍ਰਭਾਵਤ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨੋਟਬੰਦੀ ਕਰ ਕੇ ਆ ਰਹੀ ਸਮੱਸਿਆਵਾਂ ਬਾਰੇ ਮੀਟਿੰਗ ਕੀਤੀ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


JUS 24X7
KEEPING UP WITH
PUNJAB
PUNJAB UPDATE
Taka 24X7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24X7
ਪਲ ਪਲ ਦੀ ਖਬਰ ਦਵੇ
WATCH JUS 24X7 ON CHANNEL 743 ON dish & sling
TELEVISION
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
Healthy Living Maida Free
SHER
DURUM ATTA
DESI STYLE
20 lb
9.07 kg
BRAR NATURAL
DESI STYLE